## PUNJAB VIDHAN SABHA

*Thursday, the 14th March, 2013*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.*

-----

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ)** : ਮਾਨਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਜ ਕੁਐਸਚਨ ਆਵਰ ਤਾਂ ਪੈਦਾ ਹੁੰਦਾ ਹੈ ਜੇਕਰ ਕੱਲ੍ਹ ........

### RULING BY THE HON'BLE SPEAKER REGARDING WITH-DRAWAL OF THE NINE MEMBERS OF THE OPPOSITION PARTY

**ਮਾਨਯੋਗ ਸਪੀਕਰ** : ਪਹਿਲਾਂ ਮੈਨੂੰ ਆਪਣੀ ਗੱਲ ਕਹਿ ਲੈਣ ਦਿਉ। ਮਾਨਯੋਗ ਮੈਂਬਰ ਸਾਹਿਬਾਨ, ਕੱਲ੍ਹ ਮਿਤੀ 13.3.2013 ਨੂੰ ਪੰਜਾਬ ਵਿਧਾਨ ਸਭਾ ਦੇ ਇਸ ਮਹਾਨ ਸਦਨ ਵਿੱਚ ਜੋ ਕੁਝ ਅਨਪਾਰਲੀਮੈਂਟਰੀ ਸਥਿਤੀ ਬਣੀ ਹੈ ਤੇ ਗੈਰਸੰਵਿਧਾਨਕ ਹੋਇਆ ਹੈ, ਉਹ ਮੈਂ ਸਮਝਦਾ ਹਾਂ ਕਿ ਬਹੁਤ ਮਾੜੀ ਗੱਲ ਹੋਈ ਹੈ ਔਰ ਉਹ ਨਿੰਦਣਯੋਗ ਹੈ। ਕੱਲ੍ਹ ਸਦਨ ਸ਼ੁਰੂ ਹੁੰਦੇ ਹੀ, ਵਿਰੋਧੀ ਧਿਰ ਦੇ ਨੇਤਾ ਸ਼੍ਰੀ ਸੁਨੀਲ ਜਾਖੜ ਜੀ ਨੇ ਕਈ ਐਸੇ ਮੁੱਦੇ ਉਠਾਏ, ਜਿਨ੍ਹਾਂ ਸਬੰਧੀ ਨਾ ਤਾਂ ਕੋਈ ਨੋਟਿਸ ਸੀ ਅਤੇ ਉਹ ਸੰਸਦੀ ਪ੍ਰਣਾਲੀ ਦੇ ਵੀ ਖਿਲਾਫ ਸਨ। ਮਾਨਯੋਗ ਮੈਂਬਰ ਸਾਹਿਬਾਨ ਜਿਵੇਂ ਆਪ ਸਭ ਜਾਣਦੇ ਹੀ ਹੋ ਕਿ ਸਦਨ ਵਿਚ ਲੀਡਰ ਆਫ਼ ਦਿ ਹਾਊਸ ਤੋਂ ਬਾਅਦ ਲੀਡਰ ਆਫ਼ ਦਿ ਆਪੋਜ਼ੀਸ਼ਨ ਦੀ ਜ਼ਿੰਮੇਵਾਰੀ ਸਦਨ ਵਿੱਚ ਸੰਸਦੀ ਪ੍ਰਣਾਲੀ ਨੂੰ ਅਪਣਾਉਂਦੇ ਹੋਏ ਸਦਨ ਨੂੰ ਸੁਚਾਰੂ ਤਰੀਕੇ ਦੇ ਨਾਲ ਚਲਾਉਣ ਦੀ ਹੁੰਦੀ ਹੈ। ਲੋਕ ਸਭਾ ਦੀ ਪ੍ਰੈਕਟਿਸ ਅਤੇ ਪ੍ਰੋਸੀਜਰ ਦੇ ਅਨੁਸਾਰ ਲੀਡਰ ਆਫ਼ ਦਿ ਹਾਊਸ ਦੇ ਨਾਲ ਨਾਲ ਲੀਡਰ ਆਫ਼ ਦਿ ਆਪੋਜ਼ੀਸ਼ਨ ਵੀ ਪਾਰਲੀਮੈਂਟਰੀ ਸਿਸਟਮ ਵਿੱਚ ਮਹੱਤਵਪੂਰਨ ਫੰਕਸ਼ਨਰੀ ਹਨ। ਇਸ ਤਰ੍ਹਾਂ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਜਿਥੋਂ ਤੱਕ ਕੱਲ੍ਹ ਦੀ ਘਟਨਾ ਦਾ ਸਵਾਲ ਹੈ, ਉਹ ਬੜੀ ਅਫਸੋਸ ਵਾਲੀ ਗੱਲ ਹੈ ਔਰ ਮੈਂ ਉਸ ਨੂੰ ਬਹੁਤ ਹੀ ਬੁਰਾ ਮੰਨਦਾ ਹਾਂ। ਸਭ ਤੋਂ ਪਹਿਲਾਂ ਸਦਨ ਵਿੱਚ ਗ਼ੈਰ-ਵਾਜਬ ਨਾਅਰੇਬਾਜ਼ੀ ਹੁੰਦੀ ਰਹੀ। ਅੱਗੇ ਵੀ ਕਈ ਵਾਰ ਨਾਅਰੇਬਾਜ਼ੀ ਹੁੰਦੀ ਰਹੀ

[ਮਾਨਯੋਗ ਸਪੀਕਰ]

ਹੈ ਔਰ ਵਿਰੋਧੀ ਧਿਰ ਦਾ ਇਹ ਹੱਕ ਹੈ ਕਿ ਉਹ ਕਿਸੇ ਐਸੀ ਗੱਲ ਉਪਰ ਆਪਣਾ ਵਿਰੋਧ ਸ਼ੋਅ ਕਰੇ ਤਾਂ ਕਰ ਸਕਦੇ ਹਨ ਅਤੇ ਆਪਣੀਆਂ ਸੀਟਾਂ ਦੇ ਉੱਤੇ ਖਲੋ ਕੇ ਜੋ ਕੁਝ ਮਰਜ਼ੀ ਕਰ ਸਕਦੇ ਹਨ, ਲੇਕਿਨ ਖਲੋ ਕੇ ਕਾਪੀਆਂ ਜਿਹੜੀਆਂ ਹਨ, ਉਹ ਸਪੀਕਰ ਦੀ ਚੇਅਰ ਵੱਲ ਸੁੱਟਣੀਆਂ, ਮੈਂ ਸਮਝਦਾ ਹਾਂ ਕਿ ਇਹ ਚੇਅਰ ਦਾ ਬਹੁਤ ਹੀ ਅਪਮਾਨ ਹੈ, ਇਸ ਚੇਅਰ ਦੀ ਇਨਸਲਟ ਹੈ। ਇੱਥੋਂ ਤੱਕ ਕਿ ਕਾਪੀਆਂ ਹੀ ਸੁੱਟਣੀਆਂ ਨਹੀਂ ਬਲਕਿ ਮੈਨੂੰ ਇਸ ਗੱਲ ਤੇ ਵੀ ਅਫ਼ਸੋਸ ਹੈ ਕਿ ਉਨ੍ਹਾਂ ਨੇ ਜਿਹੜੀਆਂ ਕਾਪੀਆਂ ਸੁੱਟੀਆਂ ਉਨ੍ਹਾਂ ਦੇ ਵਿੱਚੋਂ, ਮੇਰਾ ਖਿਆਲ ਹੈ ਕਿ ਮੈਨੂੰ ਜਿੱਥੋਂ ਤੱਕ ਦੱਸਿਆ ਗਿਆ ਹੈ ਅਤੇ ਹੋ ਸਕਦਾ ਹੈ ਕਿ ਇਹ ਠੀਕ ਹੋਵੇ ਕਿ ਉਨ੍ਹਾਂ ਦੇ ਲੀਡਰ ਆਫ਼ ਦਿ ਆਪੋਜ਼ੀਸ਼ਨ ਦੇ ਵੀ ਕਾਪੀਆਂ ਵੱਜੀਆਂ ਹਨ, ਜਿਹੜੀਆਂ ਕਾਪੀਆਂ ਮੇਰੇ ਵੱਲ, ਇਸ ਚੇਅਰ ਵੱਲ ਸੁੱਟੀਆਂ ਗਈਆਂ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਥੋੜ੍ਹੀ ਨਹੀਂ ਬਹੁਤ ਹੀ ਮਾੜੀ ਗੱਲ ਹੈ। ਇਸ ਦੇ ਨਾਲ ਮੈਂ ਸਮਝਦਾ ਹਾਂ ਕਿ ਮੈਂ ਆਪਣੀ ਲਾਈਫ ਦੇ ਵਿੱਚ ਤਾਂ ਕੋਈ ਅਜਿਹਾ ਵਾਕਿਆ ਵੇਖਿਆ ਨਹੀਂ ਹੈ। ਮੈਂ ਇਥੇ ਵੀ ਪਹਿਲਾਂ ਪੰਜ ਸਾਲ ਰਿਹਾ ਹਾਂ, ਮੈਂਬਰ ਪਾਰਲੀਮੈਂਟ ਵੀ ਰਿਹਾ ਹਾਂ ਅਤੇ 1977 ਦੇ ਵਿੱਚ ਐਮ.ਐਲ.ਏ. ਵੀ ਰਿਹਾ ਹਾਂ। ਮੈਂ ਉਦੋਂ ਤੋਂ ਲੈ ਕੇ ਅੱਜ ਤੱਕ ਆਪਣੀ ਜ਼ਿੰਦਗੀ ਵਿੱਚ ਇਹੋ ਜਿਹਾ ਮੌਕਾ ਨਹੀਂ ਵੇਖਿਆ ਕਿ ਜਦੋਂ ਸਪੀਕਰ ਦੀ ਚੇਅਰ ਤੇ ਜਾ ਕੇ ਕੋਈ ਬੰਦਾ, ਜਿੱਥੇ ਥੱਲ੍ਹੇ ਪਹਿਲਾਂ ਕਾਪੀਆਂ ਸੁੱਟਦੇ ਹੋਣ, ਮੇਰੇ ਸੈਕਟਰੀ ਨੂੰ ਵੀ ਸੱਟਾਂ ਵੱਜੀਆਂ ਹਨ ਔਰ ਸਪੀਕਰ ਦੀ ਚੇਅਰ ਤੇ ਜਾ ਕੇ ਕੋਈ ਬੈਠ ਜਾਵੇ, ਜ਼ਿੰਮੇਵਾਰ ਬੰਦਾ ਬੈਠ ਜਾਏ, ਸਿਆਣਾ ਸਮਝਦਾਰ ਬੰਦਾ ਬੈਠ ਜਾਵੇ, (ਰੂਲਿੰਗ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਜਿਸ ਦਾ ਮੈਂ ਸਮਝਦਾ ਹਾਂ ਕਿ ਮੇਰੀ ਨਜ਼ਰਾਂ ਦੇ ਵਿੱਚ ਬਹੁਤ ਸਤਿਕਾਰ ਸੀ। ਇਸ ਤੋਂ ਮੈਂ ਸਮਝਦਾ ਹਾਂ ਕਿ ਇਸ ਚੇਅਰ ਦੀ ਹੋਰ ਇੰਨਸਲਟ ਹੋ ਨਹੀਂ ਸਕਦੀ। ਇਸ ਲਈ ਮੈਂ ਨਹੀਂ ਚਾਹੁੰਦਾ ਕਿ ਅੱਗੇ ਤੋਂ ਕੋਈ ਹੋਰ ਅਜਿਹਾ ਵਾਕਿਆ ਹੋਵੇ। ਮੈਂ ਸਮਝਦਾ ਹਾਂ ਕਿ ਉਹ ਬੰਦੇ ਇਸ ਹਾਊਸ ਦੀ ਕਾਰਵਾਈ ਨੂੰ ਚੱਲਣ ਨਹੀਂ ਦੇਣਾ ਚਾਹੁੰਦੇ। ਇਸ ਲਈ ਮੈਂ ਉਨ੍ਹਾਂ ਬੰਦਿਆਂ ਦੇ ਨਾਮ ਲੈ ਰਿਹਾ ਹਾਂ, ਜਿਨ੍ਹਾਂ ਨੂੰ ਮੈਂ ਅੱਜ ਦੀ ਹਾਊਸ ਦੀ ਕਾਰਵਾਈ ਲਈ ਸਸਪੈਂਡ ਕਰਦਾ ਹਾਂ। ਅੱਜ ਫਿਰ ਮਾਨਯੋਗ ਮੈਬਰਾਂ ਨੇ ਅਜਿਹੀ ਸਥਿਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਕਿ ਮੇਰੇ ਸਾਹਮਣੇ ਮਾਨਯੋਗ ਸੰਸਦੀ ਕਾਰਜ ਮੰਤਰੀ ਵੱਲੋਂ ਜੋ ਮਤਾ ਪੇਸ਼ ਕੀਤਾ, ਉਸ ਨੂੰ ਸਦਨ ਦੀ ਸਹਿਮਤੀ ਲਈ ਰੱਖਣ ਤੋਂ ਇਲਾਵਾ ਮੇਰੇ ਕੋਲ ਕੋਈ ਹੋਰ ਚਾਰਾ ਨਹੀਂ ਹੈ। ਲੇਕਿਨ, ਉਸ ਤੋਂ ਪਹਿਲਾਂ ਮੈਂ ਸਦਨ ਦੇ ਆਨਰੇਬਲ ਮੈਂਬਰ ਸਰਦਾਰ ਜਗਮੋਹਨ ਸਿੰਘ ਜੀ ਕੰਗ, ਜਿਹੜੇ ਸਪੀਕਰ ਦੀ ਚੇਅਰ ਤੇ ਆ ਕੇ ਬੈਠੇ, ਚਰਨਜੀਤ ਸਿੰਘ ਚੰਨੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਹਰਦਿਆਲ ਸਿੰਘ ਕੰਬੋਜ, ਰਾਣਾ ਗੁਰਜੀਤ ਸਿੰਘ, ਸੁਖਜਿੰਦਰ ਸਿੰਘ ਰੰਧਾਵਾ, ਪਰਮਿੰਦਰ ਸਿੰਘ

ਪਿੰਕੀ, ਬਲਬੀਰ ਸਿੰਘ ਸਿੱਧੂ ਅਤੇ ਸਰਦਾਰ ਕੁਲਜੀਤ ਸਿੰਘ ਨਾਗਰਾ। They are requested to leave the House for the whole day.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ......

**ਮਾਨਯੋਗ ਸਪੀਕਰ :** ਪਹਿਲਾਂ ਇਹ ਚਲੇ ਜਾਣ, ਫਿਰ ਆਪਾਂ ਕਾਰਵਾਈ ਸ਼ੁਰੂ ਕਰਾਂਗੇ। They are requested to leave. (interruption) No. ਇਸ ਤੋਂ ਬਾਅਦ ਆਪਾਂ ਕਾਰਵਾਈ ਸ਼ੁਰੂ ਕਰਾਂਗੇ। ਪਹਿਲਾਂ ਇਨ੍ਹਾਂ ਨੂੰ ਜਾਣ ਦਿਉ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ......

**ਮਾਨਯੋਗ ਸਪੀਕਰ :** ਜਾਖੜ ਜੀ, ਤੁਸੀਂ ਆਪਣੀ ਆਤਮਾ ਤੋਂ ਪੁੱਛਿਉ ਕਿ ਕੱਲ੍ਹ ਕੀ ਹੋਇਆ ਹੈ। ..(ਵਿਘਨ).... ਹਾਊਸ ਤਾਂ ਚੱਲੇਗਾ, ਪਹਿਲਾਂ they should go. (interruption) They are requested to leave the House.

(ਇਸ ਸਮੇਂ ਟਰੈਂਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਮੈਂ ਫੇਰ ਗੱਲ ਕਰਾਂਗਾ ਪਹਿਲਾਂ ਇਨ੍ਹਾਂ ਨੂੰ ਜਾ ਲੈਣ ਦਿਉ। .....(ਵਿਘਨ.... ਸ਼ੋਰ)..... Nothing should be recorded (interruption)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਪ੍ਰਿਵਿਲੇਜ ਦਾ ਨੋਟਿਸ ..... (ਵਿਘਨ,... ਸ਼ੋਰ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਦਨ ਵਿੱਚ ਉੱਚੀ-ਉੱਚੀ ਬੋਲ ਰਹੇ ਸਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਨੋਟਿਸ ਮੈਨੂੰ ਦਫ਼ਤਰ ਵਿੱਚ ਹੀ ਦੇ ਦੇਣਾ। (ਵਿਘਨ... ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ

---

**Not recorded as ordered by the Chair.

ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

## SHORT ADJOURNMENT OF THE HOUSE

**ਮਾਨਯੋਗ ਸਪੀਕਰ** : ਹਾਊਸ 11.00 ਵਜੇ ਤੱਕ ਐਡਜਰਨ ਕੀਤਾ ਜਾਂਦਾ ਹੈ।

*10.07 ਵਜੇ ਪੂਰਵ ਦੁਪਹਿਰ (*ਇਸ ਸਮੇਂ ਸਦਨ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

(ਹਾਊਸ 11.00 ਵਜੇ ਪੂਰਵ ਦੁਪਹਿਰ ਮੁੜ ਇੱਕਤਰ ਹੋਇਆ।)

**ਮਾਨਯੋਗ ਸਪੀਕਰ** : ਕੁਐਸਚਨ ਆਵਰ। ਸਰਦਾਰ ਚਤਿੰਨ ਸਿੰਘ ਸਮਾਉ ਜੀ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਕੁਐਸਚਨ ਆਵਰ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਕੁਝ ਕਹਿਣਾ ਚਾਹੁੰਦਾ ਹਾਂ ਜੀ। ਸਪੀਕਰ ਸਾਹਿਬ, ਜਦੋਂ ਤੁਹਾਡੀ ਕੁਰਸੀ ਸੇਫ ਨਹੀਂ ਹੈ ਅਤੇ ਹਾਊਸ ਦੀ ਮਰਿਆਦਾ ਸੇਫ ਨਹੀਂ ਹੈ। ਲੀਡਰ ਆਫ਼ ਦਿ ਆਪੋਜ਼ੀਸ਼ਨ ਦਾ ਕੱਲ੍ਹ ਦਾ ਜੋ ਸਾਰਾ ਰੋਲ ਹੈ, ਦੋ ਅਨਆਥੋਰਾਈਜ਼ਡ ਤੇ ਅਨਆਈਡੈਂਟੀਫਾਈਡ ਬੰਦਿਆਂ ਨੂੰ ਵਿਧਾਨ ਸਭਾ ਵਿੱਚ ਲਿਆਉਣਾ ਅਤੇ ਜਿਹੜੀ ਸਕਿਓਰਟੀ ਤੁਸੀਂ ਇੰਨੀ ਲਗਾਈ ਹੈ ਅਤੇ ਜਿਹੜਾ ਇੰਨਾ ਵਾਚ ਐਂਡ ਵਾਰਡ ਸਟਾਫ ਲਗਾਇਆ ਹੈ, ਉਨ੍ਹਾਂ ਦੇ ਰੋਕਣ ਦੇ ਬਾਵਜੂਦ ਵੀ ਇੱਥੇ ਬੰਦਿਆਂ ਨੂੰ ਲਿਆਉਣਾ ਅਤੇ ਫਿਰ ਉਸ ਨੂੰ ਐਡਮਿਟ ਕਰਨਾ ਕਿ ਮੈਂ ਲੈ ਕੇ ਆਇਆ ਹਾਂ ਤੇ ਮੇਰਾ ਰਾਈਟ ਹੈ ਲਿਆਉਣਾ, ਫਿਰ ਜੋ ਕੁਝ ਇੱਥੇ ਹਾਊਸ ਵਿੱਚ ਹੋਇਆ ਅਤੇ ਫਿਰ ਉਸ ਨੂੰ ਐਜ਼-ਏ-ਰਾਈਟ ਕਲੇਮ ਕਰਕੇ ਜੋ ਵੀ ਜਮਹੂਰੀਅਤ ਦੀਆਂ ਪਾਰਲੀਮੈਂਟਰੀ ਡੈਮੋਕਰੇਸੀ ਦੀਆਂ ਜੋ ਵੀ ਮਰਿਆਦਾਵਾਂ ਹਨ, ਉਨ੍ਹਾਂ ਸਾਰੀਆਂ ਦਾ ਉਲੰਘਣ ਕੀਤਾ ਗਿਆ ਹੈ। ਲੋਕ ਸਭਾ ਦਾ ਕਿੱਸਾ ਸਾਡੇ ਸਾਹਮਣੇ ਹੈ ਕਿ ਕਿਸ ਤਰੀਕੇ ਨਾਲ ਲੋਕ ਸਭਾ ਬਚ ਗਈ ਅਤੇ ਸਾਡੇ ਮੈਂਬਰ ਬਚ ਗਏ। ਸਕਿਓਰਟੀ ਵੀ ਗਈ, ਪ੍ਰੀਵਿਲੇਜ ਵੀ ਗਿਆ ਐਂਰ ਇਹ ਦਿੱਤੇ ਹੋਏ ਪ੍ਰੀਵਿਲੇਜ ਦੀ ਵੀ ਗੱਲ ਹੈ ਅਤੇ ਸਕਿਓਰਟੀ ਦੀ ਗੱਲ ਹੈ। ਇੱਥੇ ਬਰੀਚ ਆਫ਼ ਪ੍ਰੀਵਿਲੇਜ ਹੋਇਆ ਐਂਰ ਆਪਣੇ ਦਫ਼ਤਰ ਵਿੱਚ ਉਨ੍ਹਾਂ ਨੇ ਸਕਿਓਰਟੀ ਦੇ ਇੱਕ ਵਾਚ ਐਂਡ ਵਾਰਡ ਦੇ ਬੰਦੇ ਨੂੰ ਮਰਸੀਲੈਸਲੀ ਮਾਰਿਆ। ਉਸ ਦਾ ਅਪਮਾਨ ਕੀਤਾ ਗਿਆ ਤੇ ਉਸ ਦੇ ਵਾਲ ਪੁੱਟੇ ਗਏ। ਨੀਚੇ ਬਿਠਾਇਆ ਅਤੇ ਬੈਠਕਾਂ ਕਢਵਾਈਆਂ ਗਈਆਂ, ਬਹੁਤ ਕੁਝ ਕੀਤਾ। ਕੀ ਇਹ ਲੀਡਰ ਆਫ਼ ਆਪੋਜ਼ੀਸ਼ਨ ਨੂੰ ਯੋਗ ਸਿੱਧ ਕਰਦਾ

---

**Not recorded as ordered by the Chair.

ਹੈ ? ਲੀਡਰ ਆਫ਼ ਆਪੋਜ਼ੀਸ਼ਨ ਨੂੰ ਲੀਡਰ ਆਫ਼ ਹਾਊਸ ਦੇ ਬਾਅਦ ਹਾਊਸ ਵਿੱਚ ਦੂਸਰਾ ਦਰਜਾ ਦਿੱਤਾ ਜਾਂਦਾ ਹੈ। There are four persons important to run the House. The first is the Speaker who presides over the House. The second is the Leader of the House. The third is the Leader of the Opposition and then comes the turn of the Parliamentary Affairs Minister ਜਿਸ ਨੇ ਸਾਰਿਆਂ ਨੂੰ ਕੋਆਰਡੀਨੇਟ ਕਰਨਾ ਹੈ। ਮੈਂ ਐਜ਼ ਏ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਮਹਿਸੂਸ ਕਰਦਾ ਹਾਂ ਕਿ ਇਹੋ ਜਿਹੇ ਹਾਲਾਤ ਦੇ ਵਿੱਚ ਹਾਊਸ ਕਿਵੇਂ ਚੱਲ ਸਕਦਾ ਹੈ ? ਹਾਊਸ ਦੀ ਮਰਿਆਦਾ ਕਿਵੇਂ ਰਹੇਗੀ? ਲੀਡਰ ਆਫ਼ ਦਿ ਆਪੋਜ਼ੀਸ਼ਨ ਤਾਂ ਬੜੀ ਰਿਸਪਾਂਸੀਬਿਲਟੀ ਵਾਲੀ ਪੋਸਟ ਹੈ। ਅਸੀਂ ਉਨ੍ਹਾਂ ਨੂੰ ਰੈਕੋਗਨਾਈਜ਼ ਕੀਤਾ ਹੈ, ਵਿਧਾਨ ਨੇ ਰੈਕੋਗਨਾਈਜ਼ ਕੀਤਾ ਹੈ, ਪੰਜਾਬ ਸਰਕਾਰ ਤੇ ਪੰਜਾਬ ਅਸੈਂਬਲੀ ਨੇ ਰੈਕੋਗਨਾਈਜ਼ ਕੀਤਾ ਹੈ ਔਰ ਕੈਬਨਿਟ ਰੈਂਕ ਦੇ ਮਨਿਸਟਰ ਦਾ ਦਰਜਾ ਅਤੇ ਸਾਰੀਆਂ ਸਬੰਧਿਤ ਫੈਸੀਲੀਟੀਜ ਵੀ ਅਸੀਂ ਦੇ ਰਹੇ ਹਾਂ। ਕੀ ਇਹ ਇਸ ਗੱਲ ਵਾਸਤੇ ਦੇ ਰਹੇ ਹਾਂ ਕਿ ਉਹ ਇੱਥੇ ਅਨਆਥੋਰਾਈਜ਼ਡ ਬੰਦਿਆਂ ਨੂੰ ਲਿਆ ਕੇ ਇਸ ਤਰ੍ਹਾਂ ਅਸੈਂਬਲੀ ਵਿੱਚ ਸੀਨ ਕਰੀਏਟ ਕਰਨ? ਇਹ ਉਨ੍ਹਾਂ ਨੇ ਆਪਣੇ ਪਦ ਦੀ ਦੁਰਵਰਤੋਂ ਕੀਤੀ ਹੈ। ਮੈਂ ਸਮਝਦਾ ਸੀ ਕਿ ਇਹ ਸਾਡਾ ਸਾਥੀ ਬੜੇ ਇੱਕ ਚੰਗੇ ਰਾਜਨੀਤਿਕ ਪਰਿਵਾਰ ਵਿੱਚੋਂ ਆਇਆ ਹੈ ਅਤੇ ਬੜੀ ਸਮਝਦਾਰੀ ਨਾਲ ਹਾਊਸ ਚਲਾਏਗਾ। ਦੋ ਦਿਨ ਪਹਿਲਾਂ ਬਿਆਨ ਦੇ ਰਹੇ ਹਨ ਕਿ ਬਿਲਕੁਲ ਸਮੂਥ ਹਾਊਸ ਚੱਲੇਗਾ ਔਰ ਸਡਨਲੀ ਇੱਥੇ ਇਸ ਤਰੀਕੇ ਦੀ ਉਲੰਘਣਾ ਕਰਕੇ ਸਾਰੇ ਹਾਊਸ ਦੀ ਮਰਿਆਦਾ ਖਤਮ ਕਰ ਦਿੱਤੀ। ਕੀ ਅਸੀਂ ਇਸ ਤਰ੍ਹਾਂ ਦੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਰੈਕੋਗਨਾਈਜ਼ ਕਰ ਸਕਦੇ ਹਾਂ ? ਜਿਹੜਾ ਬੰਦਾ ਤੁਹਾਨੂੰ ਕੋਆਪਰੇਟ ਹੀ ਨਾ ਕਰੇ ਔਰ ਜਦੋਂ ਤੱਕ ਦੋਨੋਂ ਪਾਸਿਓਂ ਕੋਆਪਰੇਸ਼ਨ ਨਾ ਹੋਵੇ ਤਾਂ ਹਾਊਸ ਕਿਵੇਂ ਚੱਲ ਸਕਦਾ ਹੈ? ਸੋ, ਮੈਂ ਇਹ ਕਹਾਂਗਾ ਕਿ ਜੋ ਲੀਡਰ ਆਫ਼ ਦੀ ਆਪੋਜ਼ੀਸ਼ਨ ਦਾ ਕੰਡਕਟ ਰਿਹਾ ਹੈ, ਜੋ ਉਨ੍ਹਾਂ ਨੇ ਆਪਣੇ ਅਧਿਕਾਰ ਦੀ ਦੁਰਵਰਤੋਂ ਕੀਤੀ ਹੈ, ਜਿਸ ਢੰਗ ਨਾਲ ਹੈਂਕੜਬਾਜੀ ਨਾਲ ਦੋ ਬੰਦੇ ਅੰਦਰ ਲਿਆ ਕੇ ਸੀਨ ਕਰੀਏਟ ਕੀਤਾ ਹੈ ਔਰ ਜਿਸ ਤਰੀਕੇ ਨਾਲ ਹਾਊਸ ਵਿੱਚ ਵਾਕਆਊਟ ਕਰਕੇ ਉਹ ਗਏ ਹਨ ਤੇ ਕਹਿੰਦੇ ਕਿ ਕਿ ਪੁਲਿਸ ਕਿਵੇਂ ਆ ਗਈ। ਪਰ ਪੁਲਿਸ ਤਾਂ ਆਈ ਨਹੀਂ, ਔਰ ਫਿਰ ਅਖ਼ਬਾਰ ਦੇ ਵਿੱਚ ਬਿਆਨਬਾਜ਼ੀਆਂ ਹਨ, as if they are fighting against the Government. ਇਹ ਡਿਸਪਿਊਟ ਪੰਜਾਬ ਸਰਕਾਰ ਤੇ ਆਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਦਾ ਨਹੀਂ ਹੈ, whatever they are doing, they are fighting against the House, against the Speaker, against the authority of the Speaker and against the 'maryada'of the Speaker. ਤੁਹਾਡੀ ਕੁਰਸੀ ਦੀ ਮਰਿਆਦਾ ਨਹੀਂ ਰਹੀ। ਤੁਹਾਡਾ ਟੇਬਲ ਤੋੜ ਦਿੱਤਾ, ਤੁਹਾਡੀ ਸੀਟ ਕੋਲ ਉੱਤੇ ਖੜ੍ਹੇ ਹੋ ਗਏ, ਜਿਵੇਂ ਕਿਤਾਬਾਂ ਸੁੱਟੀਆਂ ਗਈਆਂ ਸਨ, ਖ਼ੁਦ ਆਪੋਜ਼ੀਸ਼ਨ ਦੇ ਲੀਡਰ ਦੇ ਵੀ

**[ਸੰਸਦੀ ਮਾਮਲੇ ਮੰਤਰੀ]**

ਕਿਤਾਬਾਂ ਵੱਜੀਆਂ। ਸੋ, ਮੈਂ ਚਾਹੁੰਦਾ ਹਾਂ ਕਿ ਹਾਊਸ ਦੇ ਵਿੱਚ ਇਸ ਤਰ੍ਹਾਂ ਦੇ ਕੰਡਕਟ ਨੂੰ, ਲੀਡਰ ਆਫ਼ ਦਿ ਆਪੋਜ਼ੀਸ਼ਨ ਦੇ ਕੰਡਕਟ ਨੂੰ, ਜਿਨ੍ਹਾਂ ਨੇ ਹਾਊਸ ਦੀਆਂ ਸਾਰੀਆਂ ਮਰਿਆਦਾਵਾਂ ਤੋੜੀਆਂ ਹਨ, ਭੰਗ ਤੇ ਪਾਰ ਕੀਤੀਆਂ ਹਨ, ਕੰਡਮੈਨੇਸ਼ਨ ਦਾ ਰੈਜ਼ੋਲਿਊਸ਼ਨ ਤਾਂ ਕਮ-ਜ਼-ਕਮ ਜ਼ਰੂਰ ਲਿਆਉਣਾ ਚਾਹੀਦਾ ਹੈ। ਬਾਕੀ ਸਾਰੇ ਮਤੇ ਮੈਂ ਬਾਅਦ ਵਿੱਚ ਤੁਹਾਡੇ ਸਾਹਮਣੇ ਪੇਸ਼ ਕਰਾਂਗਾ।

ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਕਿਉਂਕਿ ਸਦਨ ਦੀ ਮਰਿਆਦਾ ਭੰਗ ਕੀਤੀ ਹੈ। ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਹੈ। ਉਨ੍ਹਾਂ ਦੇ ਇਸ ਕੰਡਕਟ ਨੂੰ ਪੂਰੇ ਜ਼ੋਰਦਾਰ ਸ਼ਬਦਾਂ ਵਿੱਚ ਕੰਡੈਮ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਅੱਗੇ ਵਾਸਤੇ ਬਾਕੀ ਮੈਂਬਰਜ਼ ਔਰ ਸਾਰਿਆਂ ਵਾਸਤੇ ਇੱਕ ਨਵੀਂ ਮਿਸਾਲ ਕਾਇਮ ਹੋਵੇ। ਸਾਡਾ ਮਾਹੌਲ ਉਸ ਤਰ੍ਹਾਂ ਦਾ ਨਾ ਬਣੇ ਜਿਵੇਂ ਕਿ ਬਾਕੀ ਸੂਬਿਆਂ ਜਿਵੇਂ ਕਿ ਜੰਮੂ ਤੇ ਕਸ਼ਮੀਰ ਦੇ ਵਿੱਚ ਹੋ ਰਿਹਾ ਹੈ। ਅੱਗੇ ਵਾਸਤੇ ਕੋਈ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਨਾ ਕਰੇ। ਮੈਂ ਪ੍ਰਸਤਾਵ ਪੇਸ਼ ਕਰਦਾ ਹਾਂ ਕਿ ਬਹੁਤ ਸਟਰੌਂਗ ਸ਼ਬਦਾਂ ਵਿੱਚ ਇਸ ਨੂੰ ਕੰਡੈਮ ਕੀਤਾ ਜਾਵੇ ਅਤੇ ਇਸ ਮਤੇ ਨੂੰ ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਤੁਸੀਂ ਪ੍ਰਸਤਾਵ ਕਰੋ।

## SUBSTANTIVE MOTION REG. CONDUCT OF LEADER OF THE OPPOSITION IN BRINGING TWO PERSONS IN THE VIDHAN SABHA

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਲੀਡਰ ਆਫ਼ ਦਿ ਆਪੋਜ਼ੀਸ਼ਨ ਦੇ ਕੰਡਕਟ ਨੂੰ ਜਿਨ੍ਹਾਂ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਦੁਆਰਾ ਜਿਸ ਤਰ੍ਹਾਂ ਹੈਂਕੜਬਾਜੀ ਨਾਲ ਦੋ ਬੰਦੇ ਅੰਦਰ ਲਿਆ ਕੇ ਸੀਨ ਕਰੀਏਟ ਕੀਤਾ ਅਤੇ ਹਾਊਸ ਦੀਆਂ ਸਾਰੀਆਂ ਮਰਿਆਦਾਵਾਂ ਤੋੜੀਆਂ ਹਨ, ਨੂੰ ਬਹੁਤ ਸਟਰਾਂਗ ਸ਼ਬਦਾਂ ਵਿੱਚ ਕੰਡੈਮ ਕੀਤਾ ਜਾਵੇ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

"ਕਿ ਲੀਡਰ ਆਫ਼ ਦਿ ਆਪੋਜ਼ੀਸ਼ਨ ਦੇ ਕੰਡਕਟ ਨੂੰ ਜਿਨ੍ਹਾਂ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਦੁਆਰਾ ਜਿਸ ਤਰ੍ਹਾਂ ਹੈਂਕੜਬਾਜੀ ਨਾਲ ਦੋ ਬੰਦੇ ਅੰਦਰ ਲਿਆ ਕੇ ਸੀਨ ਕਰੀਏਟ ਕੀਤਾ ਅਤੇ ਹਾਊਸ ਦੀਆਂ ਸਾਰੀਆਂ ਮਰਿਆਦਾਵਾਂ ਤੋੜੀਆਂ

ਹਨ, ਨੂੰ ਬਹੁਤ ਸਟਰਾਂਗ ਸ਼ਬਦਾਂ ਵਿੱਚ ਕੰਡੈਮ ਕੀਤਾ ਜਾਵੇ।"

ਬਹਿਸ।

**ਮੁੱਖ ਸੰਸਦੀ ਸਕੱਤਰ, ਸਿੰਚਾਈ (ਸਰਦਾਰ ਸੋਹਣ ਸਿੰਘ ਠੰਡਲ)** : ਸਪੀਕਰ ਸਾਹਿਬ, ਮਾਨਯੋਗ ਸਪੀਕਰ ਸਾਹਿਬ ਜੋ ਘਟਨਾ ਕੱਲ੍ਹ ਇਸ ਪਵਿੱਤਰ ਸਦਨ ਵਿੱਚ ਹੋਈ ਹੈ, ਮੈਂ ਸਮਝਦਾ ਹਾਂ ਕਿ ਇਹ ਇਸ ਹਾਊਸ ਦੇ ਬਿਹਾਫ ਤੇ ਇੱਕ ਬਹੁਤ ਵੱਡਾ ਧੱਬਾ ਹੈ। ਸਾਡੇ ਹਾਊਸ ਦੇ ਬਹੁਤ ਹੀ ਸਤਿਕਾਰਯੋਗ ਲੀਡਰ ਆਫ਼ ਦਿ ਆਪੋਜ਼ੀਸ਼ਨ ਤੇ ਸਾਰੀ ਵਿਰੋਧੀ ਧਿਰ ਨੇ ਜਿਸ ਤਰੀਕੇ ਨਾਲ ਹਾਊਸ ਦੀ ਮਰਿਆਦਾ ਨੂੰ ਭੰਗ ਕੀਤਾ ਹੈ, ਗ਼ੈਰਕਾਨੂੰਨੀ ਢੰਗ ਨਾਲ ਬਾਹਰੋਂ ਬੰਦੇ ਅੰਦਰ ਦਾਖਲ ਕੀਤੇ, ਮੈਂ ਸਮਝਦਾ ਹਾਂ ਕਿ ਇੱਕ ਲੜਕੀ ਦੀ ਹੀ ਗੱਲ ਨਹੀਂ, ਹੋਰ ਬੰਦੇ ਵੀ ਜਿਹੜੇ ਹਨ, ਜੋ ਤੁਸੀਂ ਟੀ.ਵੀ. ਤੇ ਵੀ ਦੇਖਿਆ ਹੈ, ਉਹ ਬੰਦੇ ਵੀ ਅੰਦਰ ਹਾਊਸ ਦੇ ਵਿੱਚ ਲੈ ਕੇ ਆ ਗਏ। ਉਸ ਤੋਂ ਬਾਅਦ ਜਿਸ ਤਰੀਕੇ ਨਾਲ ਇਨ੍ਹਾਂ ਨੇ ਹਾਊਸ ਅੰਦਰ ਹੁਲੜਬਾਜ਼ੀ ਕੀਤੀ ਹੈ, ਜੋ ਤੁਹਾਡੀ ਚੇਅਰ ਨੂੰ ਅਪਸ਼ਬਦ ਬੋਲੇ, ਤੁਹਾਡੀ ਚੇਅਰ ਤੇ ਕਬਜ਼ਾ ਵੀ ਕੀਤਾ, ਉਹ ਗੱਲ ਤਾਂ ਮਿੱਤਲ ਸਾਹਿਬ ਨੇ ਕੀਤੀ ਕਿ ਉਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਉਸ ਦੇ ਨਾਲ ਨਾਲ ਮੈਂ ਤੁਹਾਨੂੰ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਮੇਰੇ ਵੀਰ ਜਦੋਂ ਵੀ ਗੱਲ ਹੁੰਦੀ ਹੈ ਤਾਂ ਐਸ.ਸੀ. ਕਮਿਊਨਿਸਟੀ ਦੀ ਬੜੀ ਉੱਚੀ ਗੱਲ ਕਰਦੇ ਹਨ। ਲੜਕੀ ਦੀ ਗੱਲ ਵੀ ਇਸ ਕਰਕੇ ਕਰਦੇ ਹਨ ਕਿ ਉਹ ਐਸ.ਸੀ. ਲੜਕੀ ਨਾਲ ਧੱਕਾ ਹੋਇਆ। ਜਦ ਕਿ ਉਹ ਕੇਸ ਸਾਰਾ ਕੋਰਟ ਦੇ ਵਿੱਚ ਹੈ, ਪੁਲਿਸ ਕਾਰਵਾਈ ਕਰ ਰਹੀ ਹੈ, ਐਕਸ਼ਨ ਵੀ ਲਿਆ ਗਿਆ ਹੈ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਜਿਸ ਤਰੀਕੇ ਨਾਲ ਕੱਲ੍ਹ ਇਨ੍ਹਾਂ ਨੇ ਜਿਹੜਾ ਵਾਚ ਐਂਡ ਵਾਰਡ ਦਾ ਹੈੱਡਕੰਸਟੇਬਲ ਆਨ ਡਿਊਟੀ ਸੀ। ਆਨ ਡਿਊਟੀ ਮੁਲਾਜ਼ਮ ਦੇ ਨਾਲ ਇਨ੍ਹਾਂ ਜ਼ਿੰਮੇਵਾਰ ਵਿਅਕਤੀਆਂ ਨੇ ਕੁੱਟਮਾਰ ਕੀਤੀ, ਉਸਨੂੰ ਗਲ੍ਹੇ ਤੋਂ ਫੜਿਆ ਅਤੇ ਵਾਲ ਪੁੱਟੇ ਗਏ। ਇਹ ਨਿੰਦਣਯੋਗ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਜ਼ਿੰਮੇਵਾਰ ਵਿਅਕਤੀਆਂ ਨੂੰ ਜਿਹੜੇ ਗੱਲ ਐਸ.ਸੀ. ਕਮਿਊਨਿਟੀ ਦੀ ਕਰਦੇ ਹਨ, ਉਹ ਵੀ ਇਕ ਦਲਿਤ ਫੈਮਲੀ ਨਾਲ ਸਬੰਧ ਰੱਖਦਾ ਹੈ ਔਰ ਪਰਿਵਾਰ ਦਾ ਇਕੋ ਰੋਟੀ ਕਮਾਉਣ ਵਾਲਾ ਬੰਦਾ ਹੈ। ਰੱਬ ਨਾ ਕਰੇ ਜਿਵੇਂ ਕੱਲ੍ਹ ਗੱਲ ਹੋ ਰਹੀ ਸੀ, ਜੇ ਉਸ ਨੂੰ ਕੁਝ ਹੋ ਜਾਂਦਾ ਤਾਂ ਉਸ ਪਰਿਵਾਰ ਦਾ ਕੀ ਬਣਨਾ ਸੀ। (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਚੇਅਰ ਦੇ ਉੱਪਰ ਤੁਸੀਂ ਬੈਠੇ ਹੋ, ਠੀਕ ਹੈ। ਅਸੀਂ ਜਾਤ-ਪਾਤ ਦਾ ਖੰਡਨ ਵੀ ਕਰਦੇ ਹਾਂ ਪਰ ਰਿਜ਼ਰਵ ਸੀਟਾਂ ਵਿੱਚੋਂ ਅਸੀਂ ਜਿੱਤ ਕੇ ਆਏ ਹਾਂ। 24 ਐਮ.ਐਲ.ਏ. ਅਸੀਂ ਬੈਠੇ ਹਾਂ। ਤੁਸੀਂ ਵੀ ਉਨ੍ਹਾਂ ਵਿੱਚੋਂ ਇਕ ਹੋ। ਤੁਹਾਡੀ ਗ਼ੈਰ ਮੌਜੂਦਗੀ ਵਿੱਚ ਜਿਹੜੇ ਚੇਅਰਮੈਨ ਬੈਠੇ ਸੀ, ਉਹ ਵੀ ਸਾਡੀ ਕਮਿਊਨਿਟੀ ਦੇ ਨਾਲ ਸਬੰਧ ਰੱਖਦੇ ਸੀ। ਉਨ੍ਹਾਂ ਤੇ ਵੀ ਕਿਤਾਬਾਂ ਸੁੱਟੀਆਂ, ਤੁਹਾਨੂੰ

**[ਮੁੱਖ ਸੰਸਦੀ ਸਕੱਤਰ, ਸਿੰਚਾਈ]**

ਵੀ ਅਪਸ਼ਬਦ ਬੋਲੇ। (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਮੈਂ ਇਹ ਮੰਗ ਕਰਨੀ ਚਾਹੁੰਦਾ ਹਾਂ ਕਿ ਇਸ ਗੱਲ ਦੀ ਵੀ ਕਾਰਵਾਈ ਹੋਣੀ ਚਾਹੀਦੀ ਹੈ। ਜਿਹੜੇ ਐਸ.ਸੀ. ਕਮਿਸ਼ਨ ਦੇ ਇਨ੍ਹਾਂ ਦੇ ਚੇਅਰਮੈਨ ਹਨ, ਮੈਂ ਉਨ੍ਹਾਂ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਜਿੱਥੇ ਬਾਕੀ ਕੇਸਾਂ ਨੂੰ ਲੈਂਦੇ ਹਨ, ਉਥੇ ਇਸ ਕੇਸ ਨੂੰ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਇਕ ਐਸ.ਸੀ. ਮੁਲਾਜ਼ਮ ਦੇ ਨਾਲ ਜੋ ਇਸ ਤਰ੍ਹਾਂ ਦਾ ਵਿਵਹਾਰ ਕੀਤਾ, ਕੱਲ੍ਹ ਨੂੰ ਇਸ ਹਾਊਸ ਦੇ ਵਿੱਚ ਕੋਈ ਬੰਦਾ ਕਿਵੇਂ ਡਿਊਟੀ ਕਰੇਗਾ, ਕਿਵੇਂ ਡਿਊਟੀ ਤੇ ਆਉਣਗੇ ਬੰਦੇ। ਡਿਊਟੀ ਕਿਤੇ ਵੀ ਲੱਗ ਸਕਦੀ ਹੈ। ਸਦਨ ਦੇ ਵਿੱਚ ਵੀ ਲਗ ਸਕਦੀ ਹੈ। ਸੋ, ਸਾਨੂੰ ਇਸ ਤੇ quick ਐਕਸ਼ਨ ਲੈਣਾ ਚਾਹੀਦਾ ਹੈ, ਕਾਰਵਾਈ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਇੰਨੀ ਬੇਨਤੀ ਕਰਨੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ** : ਸਰਦਾਰ ਚੀਮਾ ਸਾਹਿਬ।

**ਡਾਕਟਰ ਦਲਜੀਤ ਸਿੰਘ ਚੀਮਾ (ਰੂਪਨਗਰ)** : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਜਿਹੜੇ ਸਾਡੇ ਪਾਰਲੀਮਾਨੀ ਮੰਤਰੀ ਸਾਹਿਬ ਨੇ ਮਤਾ ਰੱਖਿਆ ਹੈ, ਇਹ ਵਾਕਿਆ ਹੀ ਬਹੁਤ ਵੱਡੀ ਚਿੰਤਾ ਦੀ ਗੱਲ ਹੈ। ਜਿਸ ਤਰ੍ਹਾਂ ਕੱਲ੍ਹ ਇਸ ਪਵਿੱਤਰ ਸਦਨ ਦੀ ਸਿਕਿਊਰਿਟੀ ਭੰਗ ਕੀਤੀ ਗਈ, ਔਰ ਸਭ ਤੋਂ ਵੱਡੀ ਜਿਹੜੀ ਦੁਖਦਾਈ ਗੱਲ ਹੈ ਕਿ ਜਿਸ ਤਰੀਕੇ ਸਪੀਕਰ ਸਾਹਿਬ ਦੀ ਕੁਰਸੀ ਦੇ ਉੱਤੇ ਬੈਠ ਕੇ ਬਹੁਤ ਵੱਡੀ ਉਲੰਘਣਾ ਸੰਵਿਧਾਨ ਦੀ ਕੀਤੀ ਗਈ। ਇਸ ਨੂੰ ਜਿੰਨਾ ਕੰਡੈਮ ਕੀਤਾ ਜਾਵੇ ਉਨ੍ਹਾਂ ਹੀ ਘੱਟ ਹੈ। ਲੇਕਿਨ ਇਨ੍ਹਾਂ ਗੱਲਾਂ ਦੇ ਨਾਲ ਮੈਂ ਇਕ ਹੋਰ ਗੱਲ ਜ਼ਰੂਰ ਐਡ ਕਰਨੀ ਚਾਹਾਂਗਾ ਕਿ ਇਕ ਇੰਪਰੈਸ਼ਨ ਕੱਲ੍ਹ ਮੀਡੀਏ ਦੇ ਵਿੱਚ ਬਾਹਰ ਸਾਡੇ ਮਾਨਯੋਗ ਵਿਰੋਧੀ ਧਿਰ ਦੇ ਆਗੂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਇਹ ਦੇਣ ਦਾ ਕੀਤਾ ਗਿਆ ਕਿ ਪੁਲਿਸ ਨੇ ਆ ਕੇ ਸਾਡੇ ਦਫਤਰ ਦੇ ਵਿੱਚ ਛਾਪਾ ਮਾਰਿਆ।........

## POSTPONEMENT OF QUESTION HOUR

**ਮਾਨਯੋਗ ਸਪੀਕਰ** : ਇੱਕ ਮਿੰਟ ਜੀ, ਇਸ ਤੇ ਆਪਾਂ ਬੋਲਣਾ ਹੈ ਪਰ Question Hour is suspended for another day. ਕਿਸੇ ਹੋਰ ਦਿਨ ਲੈ ਲਵਾਂਗੇ ਜੀ। ਚਲੋ ਜੀ, ਚੀਮਾ ਜੀ ਕੰਟੀਨਿਊ ਰੱਖੋ।

## DISCUSSION ON SUBSTANTIVE MOTION REG. CONDUCT OF LEADER OF THE OPPOSITION IN BRINGING TWO PERSONS IN THE VIDHAN SABHA *(RESUMPTION)*

**ਡਾਕਟਰ ਦਲਜੀਤ ਸਿੰਘ ਚੀਮਾ** : ਮੈਂ ਇਹ ਇਸ ਕਰਕੇ ਦੱਸ ਰਿਹਾ ਹਾਂ ਕਿ

ਇਹ ਜਿਹੜਾ ਪੰਜਾਬ ਪੁਲਿਸ ਦਾ ਸਟਾਫ ਹੈ, ਲੋਕਾਂ ਦੇ ਵਿੱਚ ਇਹ ਇੰਪਰੈਸ਼ਨ ਕਰੀਏਟ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਪੰਜਾਬ ਸਰਕਾਰ ਨੇ ਤੇ ਗ੍ਰਹਿ ਵਿਭਾਗ ਨੇ ਕਿਸੇ ਤਰ੍ਹਾਂ ਦੀ ਕੋਈ ਦਖਲ-ਅੰਦਾਜ਼ੀ ਵਿਧਾਨ ਸਭਾ ਦੇ ਵਿੱਚ ਕੀਤੀ ਹੈ। ** ਇਸ ਲਈ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਜੋ ਕੁਝ ਇਨ੍ਹਾਂ ਨੇ ਕੀਤਾ ਇਹ ਮਰਿਆਦਾ ਦੀ ਬਹੁਤ ਵੱਡੀ ਉਲੰਘਣਾ ਹੈ।.....

**ਮਾਨਯੋਗ ਸਪੀਕਰ :** ਹਾਊਸ ਦੀ ਜੋ ਇੰਟਰਨਲ ਵਰਕਿੰਗ ਹੈ, ਉਸ ਦੇ ਉੱਤੇ ਆਪਾਂ ਬਹਿਸ ਨਹੀਂ ਕਰ ਸਕਦੇ ਹਾਂ। ਪੁਲਿਸ ਨੂੰ ਕਿਸ ਹਿਸਾਬ ਨਾਲ ਮੰਗਵਾਉਣਾ ਤੇ ਡਿਪਿਊਟ ਕਰਨਾ ਹੈ, this is internal working of the Punjab Vidhan Sabha.

**ਡਾਕਟਰ ਦਲਜੀਤ ਸਿੰਘ ਚੀਮਾ :** ਮੈਂ ਤੁਹਾਡੀ ਗੱਲ ਬਿਲਕੁਲ ਸਵੀਕਾਰ ਕਰਦਾ ਹਾਂ, ਹਾਊਸ ਦੀ ਵਰਕਿੰਗ ਤੇ ਨਹੀਂ, ਸਰਕਾਰ ਦੀ ਵਰਕਿੰਗ ਦੇ ਉੱਤੇ ਇਹ ਬਹੁਤ ਵੱਡਾ ਦੋਸ਼ ਹੈ ਕਿ ਪੰਜਾਬ ਪੁਲਿਸ ਨੇ ਜਾ ਕੇ ਦਫਤਰ ਉੱਤੇ ਛਾਪਾ ਮਾਰਿਆ। ਉਹ ਪੰਜਾਬ ਪੁਲਿਸ ਦੇ ਮੁਲਾਜ਼ਮ ਨਹੀਂ ਗਿਣੇ ਜਾਣੇ ਚਾਹੀਦੇ, ਉਹ ਹਾਊਸ ਦੇ ਵਿੱਚ ਡਿਊਟੀ ਤੇ ਹਨ ਅਤੇ ਉਹ ਵਿਧਾਨ ਸਭਾ ਦੇ ਵਿੱਚ ਬਕਾਇਦਾ ਡਿਊਟੀ ਨਿਭਾ ਰਹੇ ਹਨ। ਤੁਹਾਡੇ ਹੁਕਮਾਂ ਦੇ ਮੁਤਾਬਿਕ ਇੱਥੇ ਡਿਊਟੀ ਕਰ ਰਹੇ ਹਨ।......

**Mr. Speaker :** They are Watch and Ward men and Security-men. ਇਹ ਤਾਂ ਗੱਲ ਵੱਖਰੀ ਹੈ। This is internal matter of working of the House. ਜੋ ਇੱਥੇ ਕੱਲ੍ਹ ਲੀਡਰ ਆਫ਼ ਦਿ ਆਪੋਜ਼ੀਸ਼ਨ ਦਾ ਕੰਡਕਟ ਹੈ, ਮੈਂ ਤਾਂ ਉਸ ਦੀ ਕੰਡੈਮਨੇਸ਼ਨ ਵਾਸਤੇ ਮਤਾ ਸਾਹਮਣੇ ਰੱਖਿਆ ਹੈ। ਇਹ ਬਹੁਤ ਜ਼ਰੂਰੀ ਹੈ। ਬਾਕੀ ਵਾਚ ਐਂਡ ਵਾਰਡ ਦਾ ਇਸ਼ੂ, ਮਾਰ-ਕੁੱਟਣ ਦਾ ਇਸ਼ੂ, ਉਹ ਤਾਂ ਸੈਪਰੇਟ ਇਸ਼ੂ ਹੈ। ਜਿਸ ਢੰਗ ਦੇ ਨਾਲ ਬੰਦਿਆਂ ਨੂੰ ਲਿਆਉਣਾ ਔਰ ਲਿਆ ਕੇ ਆਪਣੇ ਪੱਦ ਦਾ ਦੁਰਉਪਯੋਗ ਕਰਨਾ, ਉਸ ਦੇ ਵਾਸਤੇ I have only sought ਕਿ ਉਨ੍ਹਾਂ ਦੀ ਕੰਡੈਮਨੇਸ਼ਨ ਹੋਣੀ ਬਹੁਤ ਜ਼ਰੂਰੀ ਹੈ ਤਾਂ ਕਿ it should go on the record of the House. ਤੇ ਬਾਕੀ ਮੈਂਬਰ ਵਾਸਤੇ ਵੀ ਇਸ ਗੱਲ ਦੀ ਜਾਣਕਾਰੀ ਰਹੇ ਕਿ ਇਸ ਤਰ੍ਹਾਂ ਕੰਡਕਟ ਨਹੀਂ ਹੋਣਾ ਚਾਹੀਦਾ। ਪਰ ਉਹ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਕੀਤਾ ਇਸ ਕਰਕੇ condemn ਕਰਨਾ ਜ਼ਿਆਦਾ ਜ਼ਰੂਰੀ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਜੋਸ਼ੀ ਸਾਹਿਬ ਜੀ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਮਾਨਯੋਗ ਸਪੀਕਰ ਸਾਹਿਬ, ਤੁਸੀਂ ਕਲਿਪਿੰਗ ਦੇਖੋ,

**Expunged as ordered by the Chair.

**[ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ]**

ਜਿਹੜੀ ਕੱਲ੍ਹ ਦੀ ਹੈ, ਬੜੀ ਵੱਡੀ ਮੰਦਭਾਗੀ ਘਟਨਾ ਹੈ। ਅਸੀਂ ਤਾਂ ਹੈਰਾਨ ਹਾਂ ਕਿ ਇਹ ਸਪੀਕਰ ਚਲਦੇ ਵੇਖੇ ਸੀ, ਮਾਈਕ ਚਲਦੇ ਵੇਖੇ ਸੀ, ਇਹ ਉਸ ਤੋਂ ਉੱਤੇ ਟੱਪ ਗਏ ਤੇ ਤੁਹਾਡੀ ਕੁਰਸੀ ਨੂੰ ਪੈ ਗਏ। ਉਸ ਤੋਂ ਬਾਅਦ ਜਿਹੜਾ ਬਾਹਰ ਹੋਇਆ ਹੈ, ਤੁਸੀਂ ਕਲੀਪਿੰਗ ਉਹ ਮੰਗਵਾ ਕੇ ਦੇਖੋ, ਮੈਂਬਰ ਵੀ ਵੇਖਣ ਕਿ ਉਹ ਜਿਹੜਾ ਨਾਗਰਾ (ਸਰਦਾਰ ਕੁਲਜੀਤ ਸਿੰਘ ਨਾਗਰਾ) ਹੈ ਤੇ ਇਕ ਗੁਰਜੀਤ ਰਾਣਾ, ਇਨ੍ਹਾਂ ਨੇ ਗਾਲ੍ਹਾਂ ਕੱਢੀਆਂ ਉਸ ਨੂੰ ਘੇਰਿਆ ਤੇ ਭੱਜ ਕੇ ਫੜਿਆ ਹੈ, ਘੱਟ ਤੋਂ ਘੱਟ ਇਸ ਦੇ ਉੱਤੇ ਐਕਸ਼ਨ ਲਿਆ ਜਾਵੇ ਨਹੀਂ ਤਾਂ ਇਹ ਕਿਸ ਤਰ੍ਹਾਂ ਰੁਕੇਗਾ। ਇਕ ਦਿਨ ਐਕਸਪੈਲ ਕਰਨ ਨਾਲ ਮੇਰਾ ਨਹੀਂ ਖਿਆਲ ਕਿ ਉਨ੍ਹਾਂ ਨੂੰ ਮਹਿਸੂਸ ਹੋਣਾ ਹੈ, ਕਿੰਨੀ ਢੀਠਤਾਈ ਦੇ ਨਾਲ ਉਹ ਐਕਟ ਕਰ ਰਹੇ ਸੀ, ਕਿੰਨੀ ਢੀਠਤਾਈ ਦੇ ਨਾਲ ਤੁਹਾਡੀ ਸੀਟ ਤੇ ਆ ਕੇ ਬੈਠ ਗਏ ਸੱਜ ਕੇ, ਇਕ ਨੇ ਤੁਹਾਡਾ ਹੈਮਰ ਫੜ ਲਿਆ, ਉਹ ਵਜਾ ਰਿਹਾ ਸੀ, ਸੈਕਟਰੀ ਸਾਹਿਬ ਨੇ ਭੱਜ ਕੇ ਕਿਸ ਤਰ੍ਹਾਂ ਆਪਣੀ ਜਾਨ ਬਚਾਈ। ਇਨ੍ਹਾਂ ਨੇ ਜਿਸ ਤਰ੍ਹਾਂ ਇੱਥੇ ਘਸੁੰਨ ਵੀ ਮਾਰੇ, ਜੇ ਆਪਾਂ ਕੁਝ ਨਹੀਂ ਕਰਦੇ ਤਾਂ ਮੇਰਾ ਨਹੀਂ ਖਿਆਲ ਕਿ ਕਦੀ ਵੀ ਉਨ੍ਹਾਂ ਉੱਤੇ ਕੋਈ ਅੰਕੁਸ਼ ਲੱਗ ਸਕਦਾ ਹੈ। ਉਨ੍ਹਾਂ ਦੇ ਮਨ ਵਿੱਚ ਹੋਣਾ ਹੈ ਕਿ ਕੋਈ ਫਰਕ ਨਹੀਂ ਪੈਣਾ। ਇਸ ਕਰਕੇ ਇਹ ਹੌਸਲੇ ਵੱਧਣ ਵਾਲੀ ਗੱਲ ਹੈ। ਬਾਹਰ ਕਲੀਪਿੰਗ ਜ਼ਰੂਰ ਵੇਖ ਕੇ ਕਿਸ ਤਰ੍ਹਾਂ ਨਾਗਰੇ ਨੇ ਗਾਲ੍ਹਾਂ ਕੱਢੀਆਂ, ਕੀ ਉਹ ਇਹ ਜਿਸ ਤਰ੍ਹਾਂ ਕਾਨੂੰਨ ਦੇ ਮੁਤਾਬਿਕ ਵੀ ਕਿ ਦਲਿਤ ਭਾਈਚਾਰੇ ਦਾ ਕਾਂਸਟੇਬਲ ਸੀ ਤੇ ਜੇ ਉਸ ਨੂੰ ਜਾਤੀ ਸੂਚਕ ਕਰਕੇ ਵੀ ਗਾਲ੍ਹਾਂ ਕੱਢੀਆਂ, ਉਹ ਵੀ ਐਕਸ਼ਨ ਲਿਆ ਜਾਵੇ। ਨਾਲ ਹੀ ਇਹ ਵੀ ਹੈ ਕਿ ਗਾਲ੍ਹਾਂ ਕੱਢਣੀਆਂ ਵੀ ਆਪਣੇ ਆਪ ਵਿੱਚ ਮੰਦਾ ਹੈ, ਕਿੰਨੀ ਕੁ ਸ਼ੋਭਨੀਕ ਗੱਲ ਹੈ। ਲੋਕਾਂ ਨੇ ਕਿੰਨੇ ਚਾਅ ਨਾਲ ਇਨ੍ਹਾਂ ਨੂੰ ਹਾਊਸ ਦੇ ਵਿੱਚ ਮਰਿਆਦਾ ਬਣਾਉਣ ਵਾਸਤੇ ਭੇਜਿਆ, ਅਸੀਂ ਲੋਕਾਂ ਵਾਸਤੇ ਮਿਸਾਲ ਪੇਸ਼ ਕਰਨੀ ਹੈ। ਅਸੀਂ ਕੀ ਮਿਸਾਲ ਪੇਸ਼ ਕਰ ਰਹੇ ਹਾਂ। ਉਹ ਸਭ ਨੇ ਵੇਖਿਆ ਹੈ। ਇਸ ਕਰਕੇ ਮੇਰੀ ਬੇਨਤੀ ਹੈ ਸਪੀਕਰ ਸਾਹਿਬ, ਇਸ ਨੂੰ ਸਖਤੀ ਦੇ ਨਾਲ ਰੋਕਣ ਤੇ ਜੇ ਇਹ ਅੱਗੇ ਤੋਂ ਰੁਕੇਗਾ ਨਹੀਂ ਤਾਂ ਇਨ੍ਹਾਂ ਤੇ ਕੋਈ ਅਸਰ ਹੋਣ ਵਾਲਾ ਨਹੀਂ। ਕਿਉਂਕਿ ਜੋ ਟੀਕਾ ਪਿੱਛੋਂ ਵੀ ਲੱਗਾ ਇਨ੍ਹਾਂ ਨੂੰ, ਉਹ ਸਾਨੂੰ ਸਮਝ ਆਉਂਦਾ ਹੈ। ਅਸੀਂ ਅਖ਼ਬਾਰਾਂ ਵਿੱਚ ਵੀ ਪੜ੍ਹਿਆ ਕਿ ਇਨ੍ਹਾਂ ਨੇ ਇਹੋ ਕੁਝ ਹੀ ਕਰਨਾ ਹੈ। ਇਸ ਲਈ ਆਉਣ ਵਾਲੇ ਸਮੇਂ ਵਿੱਚ ਘੱਟੋ-ਘੱਟ ਕੋਈ ਤੁਹਾਡੀ ਚੇਅਰ ਵੱਲ ਨਾ ਆਵੇ। ਇੱਥੋਂ ਤੱਕ ਠੀਕ ਹੈ ਕਿ ਨਾਅਰੇਬਾਜ਼ੀ ਹੋ ਗਈ, ਉਨ੍ਹਾਂ ਨਾਲ ਧੱਕਾ-ਮੁੱਕੀ ਹੋ ਗਈ, ਘਸੁੰਨ ਮਾਰੇ ਗਏ ਅਤੇ ਵਾਚ-ਐਂਡ ਵਾਰਡ ਵਾਲਿਆਂ ਨੂੰ ਪੁੱਛ ਲਿਆ ਜਾਵੇ ਕਿ ਕਿਸ-ਕਿਸ ਦੇ ਘਸੁੰਨ ਵੱਜੇ ਹਨ। ਮੈਂ ਤਾਂ ਕਹਿੰਦਾ ਹਾਂ ਕਿ ਇਸ ਤੇ ਵੀ ਕਾਰਵਾਈ ਹੋਣੀ ਚਾਹੀਦੀ ਹੈ। ਆਖਰ ਉਹ ਵੀ ਇਨਸਾਨ ਹਨ, ਸਕਿਉਰਿਟੀ ਵਾਸਤੇ ਇੱਥੇ ਆਏ ਹਨ, ਮਰਿਆਦਾ ਕਾਇਮ ਰੱਖਣ

ਵਾਸਤੇ। ਸਾਡੇ ਲੋਕਾਂ ਵਾਸਤੇ ਇਨ੍ਹਾਂ ਨੂੰ ਲਗਾਇਆ ਗਿਆ ਹੈ ਕਿ ਕੋਈ ਮਰਿਆਦਾ ਦੀ ਉਲੰਘਣਾ ਨਾ ਕਰੇ। ਇਹ ਸਾਡੇ ਵਾਸਤੇ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਜਿਹੜੇ ਲੋਕ ਇੱਥੇ ਚੁਣ ਕੇ ਆਏ ਹਨ, ਨੁਮਾਇੰਦੇ ਹਨ, ਉਨ੍ਹਾਂ ਵਾਸਤੇ ਇਹ ਲੋਕ ਲਗਾਏ ਗਏ ਹਨ ਕਿ ਉਹ ਮਰਿਆਦਾ ਦਾ ਉਲੰਘਣ ਨਾ ਕਰਨ। ਇਸ ਦੇ ਬਾਵਜੂਦ ਉਨ੍ਹਾਂ ਨੇ ਘਸੁੰਨ-ਮੁੱਕੀ ਕੀਤੀ, ਟੱਪ ਕੇ ਸਪੀਕਰ ਦੀ ਕੁਰਸੀ ਤੱਕ ਗਏ ਹਨ ਅਤੇ ਬਾਹਰ ਵੀ ਜੋ ਕਲੀਪਿੰਗ ਆਈ ਹੈ, ਉਹ ਵੇਖ ਕੇ ਜ਼ਰੂਰ ਉਸ ਤੇ ਐਕਸ਼ਨ ਕੀਤਾ ਜਾਵੇ ਕਿਉਂਕਿ ਦੋਵੇਂ ਸਾਫ ਦਿਸ ਰਹੇ ਹਨ, ਰਾਣਾ ਗੁਰਜੀਤ ਸਿੰਘ ਤੇ ਨਾਗਰਾ ਜੀ ਨੇ ਕਿਸ ਤਰ੍ਹਾਂ ਵਾਲ ਪੁੱਟੇ ਹਨ ਅਤੇ ਕਿਸ ਤਰ੍ਹਾਂ ਦੌੜ ਕੇ ਫੜਿਆ ਅਤੇ ਉਨ੍ਹਾਂ ਨੂੰ ਗਾਲ੍ਹਾਂ ਕੱਢਦਿਆਂ ਸੁਣਿਆ ਗਿਆ, ਟੀ.ਵੀ. ਤੇ ਸੁਣੀਆਂ ਗਈਆਂ ਗਾਲ੍ਹਾਂ, ਉਹ ਕਲੀਪਿੰਗ ਜ਼ਰੂਰ ਵੇਖ ਕੇ ਸਖਤ ਐਕਸ਼ਨ ਲਿਆ ਜਾਵੇ। ਧੰਨਵਾਦ।

**ਮਾਨਯੋਗ ਸਪੀਕਰ** : ਕਾਲੀਆ ਜੀ।

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ)** : ਮਾਨਯੋਗ ਸਪੀਕਰ ਸਾਹਿਬ, ਜਿਹੜਾ ਨਿਖੇਧੀ ਦਾ ਮਤਾ ਪਾਰਲੀਮੈਂਟਰੀ ਮਨਿਸਟਰ ਸਾਹਿਬ ਲੈ ਕੇ ਆਏ ਹਨ, ਇਸ ਘਟਨਾ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਉਹ ਥੋੜ੍ਹੀ ਹੈ। ਲੀਡਰ ਆਫ਼ ਦਿ ਆਪੋਜ਼ੀਸ਼ਨ, ਕਿਉਂਕਿ ਇਹ ਸੀਟ ਸੰਵਿਧਾਨਿਕ ਅਤੇ ਰੈਕੋਗਨਾਈਜ਼ਡ ਹੈ, ਤੁਸੀਂ ਦੇਖੋ, ਇਹ ਸਾਰੀ ਇੱਕ ਸੋਚੀ-ਸਮਝੀ ਸਾਜ਼ਿਸ਼ ਹੈ। ਤਰਨਤਾਰਨ ਵਿੱਚ ਜੋ ਇੰਸੀਡੈਂਟ ਹੋਇਆ, ਉਸ ਦੀ ਸਾਰਿਆਂ ਨੇ ਨਿਖੇਧੀ ਕੀਤੀ ਔਰ ਇਲੈਕਟ੍ਰਾਨਿਕ ਮੀਡੀਆ ਦੇ ਵਿੱਚ ਪੂਰੇ ਹਿੰਦੁਸਤਾਨ ਵਿੱਚ ਦੇਖਿਆ ਗਿਆ ਔਰ ਕਿਸੇ ਨੇ ਉਸ ਨੂੰ ਸਰਾਹਿਆ ਨਹੀਂ, ਹਰ ਇਕ ਨੇ ਗ਼ਲਤ ਕਿਹਾ ਹੈ। ਇਸ ਗੱਲ ਬਾਰੇ ਕੱਲ੍ਹ ਦੀ ਅਖ਼ਬਾਰ ਵਿੱਚ ਛਾਇਆ ਹੋਇਆ ਸੀ ਕਿ ਉਸ ਔਰਤ ਨੂੰ, ਉਸ ਦੇ ਬਾਪ ਨੂੰ ਅਤੇ ਉਸ ਦੇ ਰਿਸ਼ਤੇਦਾਰਾਂ ਨੂੰ ਲੀਡਰ ਆਫ਼ ਦਿ ਆਪੋਜ਼ੀਸ਼ਨ ਵਿਧਾਨ ਸਭਾ ਵਿੱਚ ਲੈ ਕੇ ਆਉਣਗੇ। ਇਹ ਬਿਆਨ ਕੱਲ੍ਹ ਅਖਬਾਰ ਵਿੱਚ ਲੱਗਾ ਹੋਇਆ ਸੀ। ਪੰਜਾਬ ਵਿੱਚ ਜਮਹੂਰੀਅਤ, ਲੋਕਤੰਤਰ 117 ਭਾਗਾਂ ਵਿੱਚ ਵੰਡਿਆ ਗਿਆ ਹੈ ਅਤੇ ਕਾਂਸਟੀਚੂਐਂਸੀਜ਼ ਬਣਾਈਆਂ ਗਈਆਂ ਹਨ। ਇਸ ਲਈ ਕਿ ਉੱਥੇ ਕੋਈ ਵੀ ਚੀਜ਼ ਹੁੰਦੀ ਹੈ, ਕੋਈ ਗਲਤ ਹੁੰਦਾ ਹੈ, ਠੀਕ ਹੁੰਦਾ ਹੈ, ਤੁਸੀਂ ਬਤੌਰ ਰੀਪਰਜ਼ੈਂਟੇਟਿਵਜ਼ ਇੱਥੇ ਆਵਾਜ਼ ਵਿਧਾਨ ਸਭਾ ਵਿੱਚ ਉਠਾ ਸਕਦੇ ਹੋ। ਤੁਸੀਂ ਉਥੋਂ ਬੰਦੇ ਲਿਆ ਕੇ ਵਿਧਾਨ ਸਭਾ ਵਿੱਚ ਲਿਆਉ, ਇਹ ਕੋਈ ਜ਼ਰੂਰੀ ਨਹੀਂ ਹੈ। ਇਹ ਕਦੇ ਕੋਈ ਪ੍ਰਥਾ ਨਹੀਂ ਹੋਈ ਕਿ ਕਿਸੇ ਵਿਅਕਤੀ ਨਾਲ ਕੋਈ ਘਟਨਾ ਹੋਈ ਹੈ ਅਤੇ ਉਸ ਦੇ ਰਿਸ਼ਤੇਦਾਰਾਂ ਨੂੰ ਤੁਸੀਂ ਵਿਧਾਨ ਸਭਾ ਵਿੱਚ ਲੈ ਕੇ ਆਉ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਲੀਡਰ ਆਫ਼ ਦਿ ਆਪੋਜ਼ੀਸ਼ਨ ਇਸ ਦੇ ਨਾਲ ਕੀ ਕੱਢਣਾ ਚਾਹੁੰਦੇ ਸਨ ? ਕੀ ਉਹ ਸਾਰਿਆਂ ਨੂੰ ਦਿਖਾਉਣਾ ਚਾਹੁੰਦੇ ਸੀ? ਉਹ ਤਾਂ ਸਾਰਿਆਂ ਨੂੰ ਹੀ ਪਤਾ ਹੈ, ਪੂਰੇ ਹਿੰਦੁਸਤਾਨ ਨੂੰ ਪਤਾ ਹੈ, ਪੂਰੇ

[ਸ਼੍ਰੀ ਮਨੋਰੰਜਨ ਕਾਲੀਆ]

ਵਿਸ਼ਵ ਨੂੰ ਪਤਾ ਹੈ ਕਿ ਇਲੈਕਟ੍ਰਾਨਿਕ ਮੀਡੀਆ ਦੇ ਰਾਹੀਂ ਉਹ ਸਾਰੀ ਘਟਨਾ ਆ ਚੁੱਕੀ ਸੀ। ਹਾਂ, ਤੁਸੀਂ ਉਨ੍ਹਾਂ ਬਾਰੇ ਕੋਈ ਗੱਲ ਕਹਿਣਾ ਚਾਹੁੰਦੇ ਹੋ, ਉਹ ਲੋਕਤੰਤਰ ਵਿੱਚ ਅਧਿਕਾਰ ਦਿੱਤਾ ਹੈ ਲੀਡਰ ਆਫ਼ ਦਿ ਆਪੋਜ਼ੀਸ਼ਨ ਨੂੰ। ਇਸ ਲਈ ਜ਼ੀਰੋ ਆਵਰ ਵੀ ਹੈ। ਤੁਸੀਂ ਉਸ ਨੂੰ ਇੱਥੇ ਪੁਰਜ਼ੋਰ ਉਠਾ ਸਕਦੇ ਹੋ, ਇਹ ਤੁਹਾਡਾ ਅਧਿਕਾਰ ਹੈ। ਫਿਰ ਇਹ ਹੈ ਕਿ ਜੋ ਵਿਧਾਨ ਸਭਾ ਹੈ, ਕਿਉਂਕਿ ਲੈਜਿਸਲੇਚਰ ਸੁਪਰੀਮ ਹੈ। ਤਿੰਨ ਚੀਜ਼ਾਂ ਸੰਵਿਧਾਨ ਵਿੱਚ ਸੁਪਰੀਮ ਹਨ, ਜੁਡੀਸ਼ਰੀ, ਲੈਜਿਸਲੇਚਰ ਅਤੇ ਐਗਜ਼ੀਕਿਊਟਿਵ। ਸਪੀਕਰ ਸਾਹਿਬ, ਉਸ ਦੇ ਨਾਤੇ ਤੁਸੀਂ ਸੁਪਰੀਮ ਅਥਾਰਟੀ ਹੋ। ਤੁਸੀਂ ਅਲਾਉ ਕਰਨਾ ਹੈ ਕਿ ਵਿਧਾਨ ਸਭਾ ਵਿੱਚ ਕਿਸ ਵਿਅਕਤੀ ਨੇ ਆਉਣਾ ਹੈ, ਕਿਸ ਨੂੰ ਤੁਸੀਂ ਰੋਕ ਸਕਦੇ ਹੋ, ਇਹ ਤੁਹਾਡਾ ਅਖਤਿਆਰ ਹੈ ਔਰ ਇਹ ਅਖਤਿਆਰ ਕੋਈ ਵੀ ਵਿਅਕਤੀ ਨਹੀਂ ਲੈ ਸਕਦਾ। ਜਿੰਨੇ ਸਾਡੇ ਮੈਂਬਰ ਹਨ, ਮੈਂਬਰ ਸਾਹਿਬਾਨ ਦਾ ਇਹ ਧਰਮ ਹੈ ਕਿ ਜਿਹੜੇ ਵੀ ਰੂਲਜ਼ ਐਂਡ ਰੈਗੂਲੇਸ਼ਨਜ਼ ਹਨ, ਸਪੀਕਰ ਸਾਹਿਬ, ਨੇ ਬਣਾਏ ਜਾਂ ਇਸ ਇੰਸਟੀਚਿਊਸ਼ਨ ਨੇ ਬਣਾਏ ਹਨ, ਉਨਾਂ ਨੂੰ ਫਾਲੋਅ ਕਰਨਾ ਸਾਡਾ ਧਰਮ ਹੈ। ਇਸ ਨਾਤੇ ਜਿੱਥੇ ਬਰੀਚ ਆਫ਼ ਪ੍ਰੀਵਿਲੇਜ ਹੋਇਆ ਹੈ, ਉਥੇ ਮੈਂ ਕਹਿੰਦਾ ਹਾਂ ਕਿ ਸੰਵਿਧਾਨ ਦੀ ਵੀ ਉਲੰਘਣਾ ਕੀਤੀ ਹੈ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਔਰ ਜਿਹੜਾ ਬਰੀਚ ਆਫ਼ ਸਕਿਉਰਿਟੀ ਹੈ, ਇਹ ਬਹੁਤ ਵੱਡਾ ਮੁੱਦਾ ਹੈ ਕਿਉਂਕਿ ਪਾਰਲੀਮੈਂਟ ਵਿੱਚ 26/11 ਦਾ ਇੰਸੀਡੈਂਟ ਹੋਇਆ ਸੀ। ਇਸ ਨਾਤੇ ਮੈਂ ਤਾਂ ਕਹਾਂਗਾ ਕਿ ਸਪੀਕਰ ਸਾਹਿਬ, ਸਕਿਉਰਿਟੀ ਨੂੰ ਵੀ ਰੀਵਿਊ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਜਦੋਂ ਕਾਰਾਂ ਆਉਂਦੀਆਂ ਹਨ ਅਸੀਂ ਵਿਜ਼ਟਰਜ਼ ਨੂੰ ਨਾਲ ਲੈ ਆਉਂਦੇ ਹਾਂ। ਉਸ ਦਾ ਪ੍ਰੋਸੀਜ਼ਰ ਵੀ ਬੈਟਰ ਬਣਾਇਆ ਜਾਵੇ ਕਿ ਕੋਈ ਵੀ ਵਿਅਕਤੀ ਜੋ ਵਿਜ਼ਟਰ ਹੈ, ਜਿਸ ਨੇ ਵਿਧਾਨ ਸਭਾ ਵਿੱਚ ਆਉਣਾ ਹੈ, ਉਹ ਐਮ.ਐਲ.ਏ. ਸਾਹਿਬਾਨ ਨਾਲ ਨਾ ਆਵੇ। ਸੋ, ਉਸ ਨਾਤੇ ਕੱਲ੍ਹ ਜੋ ਕੁਝ ਵੀ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਕੀਤਾ ਹੈ,ਉਸ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਉਹ ਘੱਟ ਹੈ। ਇਹ ਹਾਊਸ ਦੀ ਗਰਿਮਾ, ਮਰਿਆਦਾ ਦਾ ਪ੍ਰਸ਼ਨ ਹੈ। ਸਪੀਕਰ ਸਾਹਿਬ, ਇਸ ਚੇਅਰ ਦੀ ਮਰਿਆਦਾ ਦਾ ਪ੍ਰਸ਼ਨ ਹੈ ਕਿਉਂਕਿ ਤੁਸੀਂ ਇੱਥੇ ਬੈਠੇ ਹੋ, ਤੁਸੀਂ ਪਾਰਲੀਮੈਂਟ ਵਿੱਚ ਵੀ ਆਪਣੀ ਜ਼ਿੰਮੇਵਾਰੀ ਨਿਭਾਈ ਹੈ, ਇੱਥੇ ਵੀ ਤੁਸੀਂ ਦੂਸਰੀ ਵਾਰੀ ਜ਼ਿੰਮੇਵਾਰੀ ਨਿਭਾ ਰਹੇ ਹੋ। ਤੁਸੀਂ ਤਾਂ ਖੁੱਲਦਿਲੀ ਨਾਲ ਉਨ੍ਹਾਂ ਨੂੰ ਸਮਾਂ ਵੀ ਦਿੰਦੇ ਹੋ, ਉਨ੍ਹਾਂ ਨੂੰ ਟਾਲਰੇਟ ਵੀ ਕਰਦੇ ਹੋ ਲੇਕਿਨ ਉਨ੍ਹਾਂ ਨੇ ਕੱਲ੍ਹ ਪੂਰੀ ਤਰ੍ਹਾਂ ਨਜਾਇਜ਼ ਫਾਇਦਾ ਉਠਾਇਆ ਹੈ। ਜਿੱਥੇ ਕਾਗਜ ਇੱਥੋਂ ਉਠਾ ਕੇ, ਕਾਪੀਆਂ ਸੁੱਟੀਆਂ ਗਈਆਂ, ਇਸ ਤੋਂ ਇਲਾਵਾ ਉਹ ਉਤੇ ਜਾ ਕੇ ਤੁਹਾਡੀ ਚੇਅਰ ਤੇ ਵੀ ਬੈਠ ਗਏ ਔਰ ਇੱਥੇ ਹੋ ਹੱਲਾ ਮਚਾਇਆ। ਸੋ, ਕੰਡੈਮਨੇਸ਼ਨ ਦੇ ਨਾਲ, ਇਸ ਗੱਲ ਲਈ ਸੁਨੇਹਾ ਜਾਣਾ ਚਾਹੀਦਾ ਹੈ ਕਿ ਜਿਹੜਾ ਲੀਡਰ ਆਫ਼ ਦਿ ਆਪੋਜ਼ੀਸ਼ਨ ਹੈ, ਉਸ ਨੂੰ

ਪ੍ਰਾਪਰਲੀ ਬੀਹੇਵ ਕਰਨਾ ਚਾਹੀਦਾ ਹੈ। ਉਸ ਦਾ ਵਿਵਹਾਰ ਇਕ ਦਾਨਿਸ਼ਮੰਦ ਦੀ ਤਰ੍ਹਾਂ ਹੋਣਾ ਚਾਹੀਦਾ ਹੈ। ਇਸ ਗੱਲ ਦੀ ਇਨ੍ਹਾਂ ਕੋਲੋਂ ਉਮੀਦ ਕੀਤੀ ਜਾਂਦੀ ਸੀ, ਲੇਕਿਨ ਅਫ਼ਸੋਸ ਹੈ ਕਿ ਸ਼੍ਰੀ ਸੁਨੀਲ ਜਾਖੜ, ਲੀਡਰ ਆਫ਼ ਦਿ ਆਪੋਜ਼ੀਸ਼ਨ ਵੱਲੋਂ ਜਿਸ ਢੰਗ ਦੇ ਨਾਲ ਸਦਨ ਦੇ ਅੰਦਰ ਵਿਵਹਾਰ ਕੀਤਾ ਜਾਣਾ ਚਾਹੀਦਾ ਸੀ, ਉਹ ਉਨ੍ਹਾਂ ਨੇ ਨਹੀਂ ਕੀਤਾ ਔਰ ਮੈਂ ਉਸ ਦੀ ਪੁਰਜ਼ੋਰ ਨਿਖੇਧੀ ਕਰਦਾ ਹਾਂ।

**ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ (ਸ਼੍ਰੀ ਐਨ.ਕੇ. ਸ਼ਰਮਾ) :** ਮਾਨਯੋਗ ਸਪੀਕਰ ਸਾਹਿਬ, ਇੱਥੇ ਮੇਰੇ ਤੋਂ ਪਹਿਲਾਂ ਸਾਰਿਆਂ ਨੇ ਬੜੇ ਵਿਸਥਾਰ ਪੂਰਵਕ ਕੱਲ੍ਹ ਦੇ ਇੰਸੀਡੈਂਟ ਬਾਰੇ ਦੱਸਿਆ ਹੈ। ਮੈਂ ਪਹਿਲੀ ਵਾਰੀ ਵਿਧਾਨ ਸਭਾ ਵਿੱਚ ਚੁਣ ਕੇ ਆਇਆ ਹਾਂ। ਮੇਰੇ ਨਾਲ ਹੋਰ ਵੀ ਮੇਰੇ ਬਹੁਤ ਸਾਰੇ ਵੀਰ ਪਹਿਲੀ ਵਾਰੀ ਚੁਣ ਕੇ ਇਸ ਵਿਧਾਨ ਸਭਾ ਵਿੱਚ ਆਏ ਹਨ। ਸਾਡੀ ਜਦੋਂ ਪਹਿਲੀ ਵਾਰੀ ਮਾਨਯੋਗ ਮੁੱਖ ਮੰਤਰੀ ਜੀ ਦੇ ਨਾਲ ਮੀਟਿੰਗ ਹੋਈ ਤਾਂ ਉਸ ਵਿੱਚ ਸਾਨੂੰ ਇਹ ਸਿਖਾਇਆ ਗਿਆ ਸੀ ਕਿ ਸਪੀਕਰ ਸਾਹਿਬ ਦਾ ਅਹੁਦਾ ਸਦਨ ਦੇ ਵਿੱਚ ਸਭ ਤੋਂ ਉੱਚਾ ਹੈ ਔਰ ਉਨ੍ਹਾਂ ਦੀ ਰਿਸਪੈਕਟ ਕਰਨੀ ਬਣਦੀ ਹੈ। ਜੇਕਰ ਕੋਈ ਕੁਤਾਹੀ ਹੋਵੇਗੀ ਤਾਂ ਸਪੀਕਰ ਸਾਹਿਬ, ਉਸ ਵਿਅਕਤੀ ਨੂੰ ਕੋਈ ਵੀ ਸਜ਼ਾ ਦੇ ਸਕਦੇ ਹਨ। ਉਸ ਤੋਂ ਬਾਅਦ ਲੀਡਰ ਆਫ਼ ਦਿ ਹਾਊਸ ਦੀ ਇੱਜ਼ਤ ਕਰਨੀ ਬਣਦੀ ਹੈ ਔਰ ਅਸੀਂ ਸਾਰੇ ਹੀ ਜਿੰਨੇ ਸਾਡੇ ਐਮ.ਐਲ.ਏ. ਸਾਹਿਬਾਨ ਆਏ ਹਾਂ, ਇਨ੍ਹਾਂ ਸਾਰੇ ਮੈਂਬਰ ਸਾਹਿਬਾਨ ਨੇ ਉਸ ਸੁਜੈਸ਼ਨ ਦੀ ਇਨਬਿਨ ਪਾਲਣਾ ਕੀਤੀ ਹੈ। ਕੋਈ ਵੀ ਕਿਸੇ ਤਰ੍ਹਾਂ ਦੀ ਕੁਤਾਹੀ ਕਰਨ ਤੋਂ, ਕਾਨੂੰਨ ਹੱਥ ਵਿੱਚ ਲੈਣ ਤੋਂ, ਸਾਡਾ ਕਾਨੂੰਨ ਹੀ ਰੋਕਦਾ ਹੈ ਜਾਂ ਤੁਹਾਡੀ ਚੇਅਰ ਰੋਕਦੀ ਹੈ ਜਾਂ ਸਾਡੇ ਜਿਹੜੇ ਪਾਰਟੀ ਪ੍ਰਧਾਨ ਹਨ, ਉਹ ਰੋਕਦੇ ਹਨ। ਜਿਹੜੀ ਕੱਲ੍ਹ ** ** ਵਿਧਾਨ ਸਭਾ ਦੇ ਅੰਦਰ ਹੋਈ ਹੈ, ਜੇਕਰ ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਇੱਥੇ ਹੁੰਦਾ ਰਿਹਾ ਅਤੇ ਜੋ ਕੱਲ੍ਹ ਇੱਥੇ ਸਾਰਾ ਕੁਝ ਵਾਪਰਿਆ, ਜੇਕਰ ਅਸੀਂ ਕਾਨੂੰਨ ਦੇ ਪਾਬੰਦ ਨਾ ਹੋਈਏ ਜਾਂ ਅਸੀਂ ਤੁਹਾਡੀ ਚੇਅਰ ਦੀ ਰਿਸਪੈਕਟ ਨਾ ਕਰਦੇ ਹੋਈਏ ਜਾਂ ਸਾਡੇ ਪਾਰਟੀ ਪ੍ਰਧਾਨ ਦੀ ਰਿਸਪੈਕਟ ਨਾ ਕਰਦੇ ਹੋਈਏ ਤਾਂ ਜਿਸ ਤਰ੍ਹਾਂ ਉਹ ਹੁਲੜਬਾਜ਼ੀ ਕਰਦੇ ਹਨ, ਜਿਸ ਤਰ੍ਹਾਂ ਉਹ ਸਾਨੂੰ ਸਾਡੇ ਸਾਹਮਣੇ ਬੈਠ ਕੇ ਹੀ ਅੱਤਵਾਦੀ ਕਹਿੰਦੇ ਹਨ, ਜੇਕਰ ਅਸੀਂ ਇਹ ਰਿਸਪੈਕਟ ਨਾ ਕਰੀਏ ਤਾਂ ਮੇਰਾ ਖਿਆਲ ਹੈ ਕਿ ਅਸੀਂ 10 ਮਿੰਟਾਂ ਵਿੱਚ ਹੀ ** ** ** ਮੇਰੀ ਬੇਨਤੀ ਹੈ ਕਿ ਜੋ ਕੁਝ ਕੱਲ੍ਹ ਹੋਇਆ, ਜਿਹੜੀ ** ** ਕੱਲ੍ਹ ਵਿਧਾਨ ਸਭਾ ਵਿੱਚ ਹੋਈ ਹੈ, ਜੇਕਰ ਉਨ੍ਹਾਂ ਦੇ ਖਿਲਾਫ ਕਾਰਵਾਈ ਨਾ ਹੋਈ ਤਾਂ ਇਹ ਮਸਲਾ ਬਹੁਤ ਜ਼ਿਆਦਾ ਅੱਗੇ ਵਧੇਗਾ ਔਰ ਉਹ ਦਿਨ ਦੂਰ ਨਹੀਂ ਜਦੋਂ ਇੱਥੇ ਆਪਸ ਦੇ ਵਿੱਚ ਹੀ ਪੱਗਾਂ ਉਤਰਨਗੀਆਂ। ਮੇਰੀ ਬੇਨਤੀ ਹੈ ਕਿ ਕੱਲ੍ਹ ਜੋ

---

**Expunged as per the ruling by the Chair dated 13.3.2013.

[ਮੁੱਖ ਮੰਤਰੀ ਸਕੱਤਰ, ਉਦਯੋਗ ਤੇ ਵਣਜ]

ਵਿਧਾਨ ਸਭਾ ਦੇ ਅੰਦਰ ਹੋਇਆ, ਇਹ ਮੇਰੇ ਜੋ ਨੌਜਵਾਨ ਵੀਰ, ਚਾਹੇ ਸਾਡੇ ਵਿਧਾਨ ਸਭਾ ਦੇ ਮੁਲਾਜ਼ਮ ਹਨ, ਜੇਕਰ ਉਨ੍ਹਾਂ ਦੀ ਇਸੇ ਤਰ੍ਹਾਂ ਹੀ ਕੁੱਟਮਾਰ ਹੁੰਦੀ ਰਹੀ ਤਾਂ ਇਹ ਸਾਡੀ ਕੀ ਸੇਫਟੀ ਕਰਨਗੇ ? ਸਾਨੂੰ ਕੀ ਬਚਾਉਣਗੇ ? ਇਹ ਤਾਂ ਆਪ ਹੀ ਬਚਣ ਨੂੰ ਫਿਰਨਗੇ ਜਿਸ ਤਰ੍ਹਾਂ ਕੱਲ੍ਹ ਵਿਧਾਨ ਸਭਾ ਵਿਚ ਹੁੰਦਾ ਰਿਹਾ ਹੈ। ਕੱਲ੍ਹ ਤੁਹਾਡੀ ਚੇਅਰ ਨੂੰ ਵੀ ਸ਼ਰੇਆਮ ਚੈਲੰਜ ਕੀਤਾ ਗਿਆ ਹੈ। ਤੁਹਾਡੀ ਕੁਰਸੀ ਤੇ ਵੀ ਇਕ ਮੈਂਬਰ ਜਾ ਬੈਠਿਆ, ਕੱਲ੍ਹ ਨੂੰ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਦੀ ਕੁਰਸੀ ਤੇ ਵੀ ਬੈਠਣਗੇ ਜਿਹੜਾ ਕਿ ਨਾ ਬਰਦਾਸ਼ਤਯੋਗ ਹੈ। ਕਿਉਂਕਿ ਜਿੰਨੀ ਕੁ ਸਜ਼ਾ ਉਨ੍ਹਾਂ ਨੂੰ ਦਿੱਤੀ ਗਈ ਹੈ, ਇਕ ਦਿਨ ਵਾਸਤੇ ਸਸਪੈਨਸ਼ਨ, ਇਹ ਤਾਂ ਫਿਰ ਹਰ ਕੋਈ ਸਾਡੇ ਵਾਲੇ ਪਾਸੇ ਬੈਠਾ ਹੋਇਆ ਕੋਈ ਵੀ ਮੈਂਬਰ ਸੋਚੇਗਾ ਕਿ ਬਈ ਜੇ ਮਾੜਾ-ਮੋਟਾ ਕੋਈ ਅਸੀਂ ਵੀ ਕਾਰਵਾਈ ਕਰੀਏ ਤਾਂ ਇਕ ਦਿਨ ਦੀ ਸਸਪੈਨਸ਼ਨ ਕੋਈ ਵੱਡੀ ਸਜ਼ਾ ਨਹੀਂ ਹੈ। ਸੋ, ਮੇਰੀ ਬੇਨਤੀ ਹੈ, ਮੈਂ ਤਾਂ ਜਦੋਂ ਸਵੇਰੇ ਆ ਰਿਹਾ ਸੀ, ਮੈਂ ਤਾਂ ਸੋਚ ਰਿਹਾ ਸੀ ਕਿ ਮੈਂਬਰ ਜਿਹੜੇ ਇਸ ਤਰ੍ਹਾਂ ਦੀਆਂ ਘਟੀਆਂ ਹਰਕਤਾਂ ਕਰਦੇ ਰਹੇ ਹਨ ਉਹ ਅੱਜ ਸਦਨ ਵਿੱਚੋਂ ਡਿਸਕੁਆਲੀਫਾਈ ਹੋਣਗੇ, ਜਿੰਨ੍ਹਾਂ ਨੇ ਇੰਨੀ ਵੱਡੀ ** ਕੀਤੀ ਹੈ। ਪਰ ਇਹ ਜਿਹੜੀ ਸਜ਼ਾ ਉਨ੍ਹਾਂ ਨੂੰ ਦਿੱਤੀ ਗਈ ਹੈ? ਇਹ ਬਹੁਤ ਘੱਟ ਹੈ। ਇਸ ਦੇ ਨਾਲ ਹੀ ਜਿਹੜਾ ਨਿਖੇਧੀ ਮਤਾ ਹੈ, ਉਸ ਦੀ ਮੈਂ ਤਾਈਦ ਕਰਦਾ ਹਾਂ ਕਿਉਂਕਿ ਇਹ ਬਹੁਤ ਵੱਡਾ ਮਸਲਾ ਹੈ। ਮੈਂ ਸਮਝਦਾ ਹਾਂ ਕਿ ਜੋ ਸਾਡੇ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਕੀਤਾ ਕਿ ਉਹ ਬਾਹਰ ਦੇ ਵਿਅਕਤੀ ਇਥੇ ਅੰਦਰ ਲੈ ਕੇ ਆਏ ਅਤੇ ਆਪੋਜ਼ੀਸ਼ਨ ਦੇ ਮੈਂਬਰਾਂ ਵੱਲੋਂ ਤੁਹਾਡੀ ਚੇਅਰ ਤੇ ਕਬਜ਼ਾ ਕੀਤਾ। ਸੋ, ਅੰਤ ਵਿੱਚ ਮੇਰੀ ਬੇਨਤੀ ਹੈ ਕਿ ਉਨ੍ਹਾਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਅਦਰਵਾਈਜ਼ ਸਪੀਕਰ ਸਾਹਿਬ, ਤੁਹਾਡੀ ਚੇਅਰ ਦੀ ਉਹ ਗ੍ਰੇਸ ਹੀ ਨਹੀਂ ਰਹਿਣੀ ਜਿਹੜੀ ਚੇਅਰ ਦੀ ਗ੍ਰੇਸ ਹੋਣੀ ਚਾਹੀਦੀ ਹੈ। ਕੋਈ ਵੀ ਵਿਅਕਤੀ ਉਸ ਚੇਅਰ ਤੇ ਜਾ ਕੇ ਬੈਠ ਸਕਦਾ ਹੈ। ਬਹੁਤ ਬਹੁਤ ਧੰਨਵਾਦ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ)** : ਸਪੀਕਰ ਸਾਹਿਬ, ਅਸੀਂ ਪਹਿਲੀ ਵਾਰੀ ਇਸ ਪਵਿੱਤਰ ਸਦਨ ਦੇ ਵਿੱਚ ਚੁਣ ਕੇ ਆਏ ਹਾਂ। ਇਸ ਸਦਨ ਦੇ ਗੌਰਵਸ਼ਾਲੀ ਇਤਿਹਾਸ ਅਤੇ ਪਵਿੱਤਰਤਾ ਦੀਆਂ ਬੜੀਆਂ ਘਟਨਾਵਾਂ ਅਸੀਂ ਸੁਣੀਆਂ। ਲੇਕਿਨ ਜਿਸ ਪ੍ਰਕਾਰ ਕੱਲ੍ਹ ਇਸ ਸਦਨ ਦੀ ਪਵਿੱਤਰਤਾ ਔਰ ਮਰਿਯਾਦਾ ਦਾ ਚੀਰ ਹਰਨ ਆਪੋਜ਼ੀਸ਼ਨ ਦੇ ਲੀਡਰ ਨੇ ਕੀਤਾ ਹੈ ਉਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਉਹ ਘੱਟ ਹੈ। ਜਿਸ ਇੰਸੀਡੈਂਟ ਨੂੰ ਲੈ ਕੇ ਉਨ੍ਹਾਂ ਨੇ ਹੋ-ਹੱਲਾ ਕੀਤਾ ਔਰ ਇਥੋਂ ਦੀ ਮਰਿਯਾਦਾ ਨੂੰ ਵੀ ਤਾਕ ਤੇ ਰੱਖਿਆ ਔਰ ਤੁਹਾਡੇ ਪਦ ਦੀ ਗਰਿਮਾ ਨੂੰ ਵੀ ਤਾਰ-ਤਾਰ ਕਰਨ ਦੀ ਕੋਸ਼ਿਸ਼

**Expunged as per the ruling by the Chair dated 13.3.2013.

ਕੀਤੀ। ਮੈਂ ਕਹਾਂਗਾ ਕਿ ਕੋਸ਼ਿਸ਼ ਹੀ ਨਹੀਂ ਕੀਤੀ ਸਗੋਂ ਤਾਰ-ਤਾਰ ਕੀਤਾ। ਇਸ ਦੇ ਨਾਲ ਪੂਰੇ ਹਿੰਦੁਸਤਾਨ ਵਿੱਚ ਟੀ.ਵੀ. ਦੇ ਮਾਧਿਅਮ ਰਾਹੀਂ ਪੰਜਾਬ ਦੇ ਇਸ ਪਵਿੱਤਰ ਸਦਨ ਅੰਦਰ ਜੋ ਕੁਝ ਹੋਇਆ, ਉਹ ਦ੍ਰਿਸ਼ ਵੇਖਿਆ ਗਿਆ ਜਿਸ ਦੇ ਨਾਲ, ਕਿਉਂ ਜੋ ਅਸੀਂ ਸਾਰੇ ਪੰਜਾਬ ਦਾ ਪ੍ਰਤੀਨਿਧਤਵ ਕਰਦੇ ਹਾਂ, ਪੰਜਾਬ ਦੀ ਛਵੀ ਧੂਮਲ ਹੋਈ ਹੈ। ਮੈਨੂੰ ਲਗਦਾ ਹੈ ਕਿ ਇਹ ਮਤਾ ਜਿਹੜਾ ਮਿੱਤਲ ਜੀ ਨੇ ਪੇਸ਼ ਕੀਤਾ ਹੈ, ਇਹ ਜਿਹੜੀ ਨਿਖੇਧੀ ਕੀਤੀ ਹੈ, ਇਹ ਨਾ-ਕਾਫੀ ਹੈ। ਇਹ ਪੁਨਰਵ੍ਰਿਤੀ ਨਾ ਹੋਵੇ, ਇਸ ਦਾ ਚਲਨ ਅੱਗੇ ਨਾ ਵਧੇ ਅਤੇ ਤੁਹਾਡੀ ਸਹਿਨਸ਼ੀਲਤਾ, ਤੁਹਾਡੀ ਸਹਿਜਤਾ ਤੇ ਤੁਹਾਡੀ ਮਧੁਰਤਾ ਦਾ ਕੋਈ ਨਜਾਇਜ਼ ਫਾਇਦਾ ਨਾ ਉਠਾਵੇ, ਇਸ ਲਈ ਸਖਤ ਤੋਂ ਸਖਤ ਕਾਰਵਾਈ ਕਾਨੂੰਨ ਤੇ ਸੰਵਿਧਾਨ ਮੁਤਾਬਿਕ ਜੋ ਤੁਹਾਡੀ ਪਾਵਰਾਂ ਵਿੱਚ ਹੈ, ਉਹ ਤੁਹਾਨੂੰ ਕਰਨੀ ਚਾਹੀਦੀ ਹੈ ਤਾਂ ਜੋ ਪੰਜਾਬ ਦਾ ਜੋ ਗੌਰਵਸ਼ਾਲੀ ਪਵਿੱਤਰ ਸਦਨ ਹੈ, ਇਸ ਦੀ ਗਰਿਮਾ ਤੇ ਮਹਿਮਾ ਜੋ ਸਾਰੇ ਹਿੰਦੁਸਤਾਨ ਵਿੱਚ ਤਾਰ-ਤਾਰ ਹੋਈ ਹੈ, ਉਸ ਨੂੰ ਬਹਾਲ ਕੀਤਾ ਜਾ ਸਕੇ। ਅੱਗੇ ਤੋਂ ਕੋਈ ਵੀ, ਜ਼ਬਾਨੀ-ਕਲਾਮੀ ਤਾਂ ਠੀਕ ਹੈ, ਨਾਅਰੇਬਾਜ਼ੀ ਤਾਂ ਠੀਕ ਹੈ, ਪਰ ਜਿਸ ਤਰ੍ਹਾਂ ਇਥੇ ਤੋੜ-ਫੋੜ ਕਰਨ ਦੀ ਕੋਸ਼ਿਸ਼ ਕੀਤੀ, ਤੁਹਾਡੀ ਕੁਰਸੀ ਦਾ ਅਪਮਾਨ ਕੀਤਾ, ਇਹ ਦੁਬਾਰਾ ਰਿਪੀਟ ਨਾ ਹੋਵੇ। ਇਸ ਲਈ ਮੈਨੂੰ ਲਗਦਾ ਹੈ ਕਿ ਸਖਤ ਕਦਮ ਉਠਾਉਣੇ ਚਾਹੀਦੇ ਹਨ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਇਸ ਦੀ ਪਵਿੱਤਰਤਾ ਨੂੰ ਭੰਗ ਨਾ ਕਰ ਪਾਏ ਅਤੇ ਸਾਰੇ ਇਸ ਦਾ ਧਿਆਨ ਰੱਖਣ। ਇਸ ਲਈ ਮੈਨੂੰ ਲਗਦਾ ਹੈ ਕਿ ਤੁਸੀਂ ਯੋਗ ਕਾਰਵਾਈ, ਉਚਿਤ ਕਾਰਵਾਈ ਅਤੇ ਸਖਤ ਕਾਰਵਾਈ ਕਰੋ ਤਾਂ ਕਿ ਇਸ ਸਦਨ ਦੀ ਪਵਿੱਤਰਤਾ ਬਣੀ ਰਹੇ। ਧੰਨਵਾਦ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ)** : ਸਪੀਕਰ ਸਾਹਿਬ, ਆਪ ਦਾ ਬਹੁਤ ਧੰਨਵਾਦ। ਜਿਸ ਤਰ੍ਹਾਂ ਪਹਿਲਾਂ ਮਾਨਯੋਗ ਮੈਂਬਰਾਂ ਨੇ ਜੋ ਕੱਲ੍ਹ ਦੀ ਘਟਨਾ ਸਬੰਧੀ ਜਾਣਕਾਰੀ ਦਿੱਤੀ ਹੈ, ਜੋ ਅਸੀਂ ਕੱਲ੍ਹ ਇਸ ਪਵਿੱਤਰ ਹਾਊਸ ਵਿੱਚ ਹੁੰਦਿਆਂ ਵੇਖਿਆ ਹੈ, ਇਸ ਤਰ੍ਹਾਂ ਕਦੀ ਵੀ ਸੋਚਿਆ ਨਹੀਂ ਸੀ। ਨਵੇਂ ਮੈਂਬਰਾਂ ਨੇ ਹੀ ਨਹੀਂ ਬਲਕਿ ਜਿਹੜੇ ਪੁਰਾਣੇ ਤੇ ਸੀਨੀਅਰ ਮੈਂਬਰ ਹਨ, ਉਨ੍ਹਾਂ ਨੇ ਵੀ ਸ਼ਾਇਦ ਪੰਜਾਬ ਦੀ ਵਿਧਾਨ ਸਭਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਹੋ ਜਿਹੀ ਘਟਨਾ ਵੇਖੀ ਹੈ ਕਿ ਇਸ ਪਵਿੱਤਰ ਹਾਊਸ ਦੀ ਇੱਜ਼ਤ ਤੇ ਮਾਣ-ਮਰਿਆਦਾ ਨੂੰ ਕਿੰਡੀ ਵੱਡੀ ਚੋਟ ਪਹੁੰਚੀ ਹੈ। ਪਿਛਲੇ ਸੈਸ਼ਨ ਵਿੱਚ ਵੀ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ 2-4 ਆਬਜੈਕਸ਼ਨਏਬਲ ਸ਼ਬਦ ਕਹੇ ਸੀ। ਉਦੋਂ ਇਹ ਸੋਚਿਆ ਗਿਆ ਕਿ ਅਨਜਾਣੇ ਵਿੱਚ ਹੋ ਗਿਆ ਹੈ। ਪਰ ਸਪੀਕਰ ਸਾਹਿਬ, ਇਸ ਵਾਰੀ ਜੋ ਕੱਲ੍ਹ ਦੀ ਘਟਨਾ ਹੋਈ ਹੈ ਇਸ ਦੇ ਨਾਲ ਸਾਡੇ ਦਿਲਾਂ ਤੇ ਬੜੀ ਚੋਟ ਤੇ ਬੜਾ ਦੁੱਖ ਮਹਿਸੂਸ ਹੋ ਰਿਹਾ ਹੈ। ਇਸ ਪਵਿੱਤਰ ਸਦਨ ਵਿੱਚ ਲੋਕਾਂ ਨੂੰ ਆਉਣ ਲਈ 20-20, 25-25

[ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ]

ਸਾਲ ਲੱਗ ਜਾਂਦੇ ਹਨ। ਆਪਣੀ ਸਾਰੀ ਜ਼ਿੰਦਗੀ ਲਗਾਉਣੀ ਪੈਂਦੀ ਹੈ। ਲੋਕ ਬੜੇ ਚਾਵ੍ਹਾਂ ਨਾਲ ਬੰਦੇ ਨੂੰ ਚੁਣ ਕੇ ਇਸ ਪਵਿੱਤਰ ਸਦਨ ਵਿੱਚ ਭੇਜਦੇ ਹਨ ਤਾਂ ਕਿ ਉਹ ਇਥੇ ਸਾਡੇ ਹੱਕਾਂ ਦੀ ਰਾਖੀ ਕਰ ਸਕੇ ਅਤੇ ਪੰਜਾਬ ਦੀ ਬਿਹਤਰੀ ਵਾਸਤੇ ਕੁਝ ਕਰ ਸਕੇ। ਸਪੀਕਰ ਸਾਹਿਬ, ਕੱਲ੍ਹ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਵਿਧਾਨ ਸਭਾ ਦੇ ਅੰਦਰ ਜੋ ਕੁਝ ਕੀਤਾ, ਉਸ ਦੇ ਨਾਲ ਸਾਡੀ ਨਵੀਂ ਪੀੜੀ ਵਿੱਚ ਬੜਾ ਮਾੜਾ ਮੈਸੇਜ ਗਿਆ ਹੈ। ਜੇ ਇਸੇ ਤਰ੍ਹਾਂ ਹੁੰਦਾ ਰਿਹਾ ਤਾਂ ਨਵੀਂ ਪੀੜੀ ਦਾ ਡੈਮੋਕਰੇਸੀ ਤੋਂ ਵਿਸ਼ਵਾਸ ਉਠ ਜਾਵੇਗਾ। ਕੱਲ੍ਹ ਆਪੋਜ਼ੀਸ਼ਨ ਨੇ ਡੈਮੋਕਰੇਸੀ ਦਾ ਮਰਡਰ ਕੀਤਾ ਹੈ। ਇਹੀ ਨਹੀਂ ਜਿਹੜੇ ਉਨ੍ਹਾਂ ਨੇ ਨਾਅਰੇ ਲਗਾਏ। ਇਹ ਬੜਾ ਦਲਿਤਾਂ ਨਾਲ ਬੜਾ ਹੇਜ ਜਤਾਉਂਦੇ ਸਨ। ਜੇਕਰ ਦਲਿਤਾਂ ਦਾ ਕੁਝ ਕੀਤਾ ਹੁੰਦਾ, ਇਨ੍ਹਾਂ ਨੇ ਇਥੇ 50 ਸਾਲ ਤੋਂ ਵੱਧ ਇਸ ਪਾਰਟੀ ਨੇ ਦੇਸ਼ ਉਤੇ ਰਾਜ ਕੀਤਾ ਹੈ....ਵਿਘਨ.....

**ਮਾਨਯੋਗ ਸਪੀਕਰ** : ਇਕ ਮਿੰਟ, ਮੈਂ ਇਕ ਜ਼ਰੂਰੀ ਗੱਲ ਕਰਨੀ ਹੈ, ਫਿਰ ਕਿਤੇ ਰਹਿ ਨਾ ਜਾਵੇ। ਜੋ ਡਾਕਟਰ ਦਲਜੀਤ ਸਿੰਘ ਚੀਮਾ ਜੀ ਨੇ ਪੰਜਾਬ ਵਿਧਾਨ ਸਭਾ ਦੀ ਅੰਦਰੂਨੀ ਮਾਮਲੇ/ਵਰਕਿੰਗ ਬਾਰੇ ਜੋ ਲਫਜ਼ ਕਹੇ ਹਨ, ਉਹ ਐਕਸਪੰਜ ਕਰ ਦੇਣਾ। ਹਾਂ ਜੀ, ਟੀਨੂੰ ਜੀ ਕੰਟੀਨਿਊ ਰੱਖੋ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ** : ਸਪੀਕਰ ਸਾਹਿਬ, ਇਹ ਪਾਰਟੀ ਦਲਿਤਾਂ ਦਾ ਨਾਂ ਲੈ ਕੇ ਭੜਕਾਉਣਾ ਚਾਹੁੰਦੀ ਹੈ। ਸਪੀਕਰ ਸਾਹਿਬ, ਇਨ੍ਹਾਂ ਦੀ ਪਾਰਟੀ ਦੀ ਪਿਛਲੇ 50 ਸਾਲਾਂ ਦੀ ਕਾਰਜਕਾਰੀ ਦੇਖ ਲਓ। ਇਹ ਦਲਿਤ, ਦਲਿਤ ਨਾ ਰਹਿੰਦੇ ਆਰਥਿਕ ਪੱਖੋਂ ਤੇ ਸੋਸ਼ਲੀ ਭਾਵ ਹਰ ਪੱਖੋਂ ਬਰਾਬਰ ਹੋ ਜਾਂਦੇ, ਜੇ ਕਾਂਗਰਸ ਦਾ ਰਾਜ ਇਸ ਦੇਸ਼ ਤੇ ਨਾ ਚਲਦਾ ਹੁੰਦਾ। ਦਲਿਤਾਂ ਨੂੰ ਦਬਾਉਣ ਵਾਲੀ, ਇਨ੍ਹਾਂ ਦੇ ਹੱਕਾਂ ਤੇ ਡਾਕਾ ਮਾਰਨ ਵਾਲੀ, ਇਨ੍ਹਾਂ ਨੂੰ ਧੋਖਾ ਦੇਣ ਵਾਲੀ, ਗਰੀਬ ਰੱਖਣ ਵਾਲੀ, ਅਨਪੜ੍ਹ ਰੱਖਣ ਵਾਲੀ, ਬੇਰੁਜ਼ਗਾਰ ਰੱਖਣ ਵਾਲੀ ਇਹ ਕਾਂਗਰਸ ਹੈ। ਹੋਇਆ ਕੀ ਹੈ ? ਜੋ ਕੁਝ ਹੋ ਰਿਹਾ ਹੈ, ਤੁਹਾਡੇ ਖਿਲਾਫ ਨਾਅਰੇ ਲੱਗੇ ਹਨ। ਇਸ ਹਾਊਸ ਦੇ ਅੰਦਰ ** ** ਦੇ ਨਾਅਰੇ ਲੱਗੇ। ਇਹ ਸਿਰਫ ਤੁਹਾਡਾ ਹੀ ਨਿਰਾਦਰ ਨਹੀਂ ਕੀਤਾ, ਤੁਹਾਨੂੰ ਹੀ ਬੇਇਜ਼ਤ ਨਹੀਂ ਕੀਤਾ, ਤੁਹਾਨੂੰ ਹੀ ਲਿਤਾੜਿਆ ਨਹੀਂ ਬਲਕਿ ਪੂਰੇ ਦੇਸ਼ ਦੇ ਦਲਿਤਾਂ ਨੂੰ ਲਿਤਾੜਨ ਦੀ ਕੋਸ਼ਿਸ਼ ਕੀਤੀ ਹੈ। ਜੋ ਨਾਹਰੇ ਲੱਗੇ ਹਨ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ, ਸਪੀਕਰ ਸਾਹਿਬ, ** ** ਕਹਿਣਾ ਕੋਈ ਘੱਟ ਹੈ ? ਕੀ ਹੋਇਆ ਕਿ ਕੋਈ ਦਲਿਤ ਸਪੀਕਰ ਬਣ ਗਿਆ। ਕੀ ਦੁੱਖ ਹੈ ਉਨ੍ਹਾਂ ਨੂੰ, ਜੇ ਦਲਿਤਾਂ ਦੇ

**Not recorded as ordered by the Chair.

ਜ਼ਿਆਦਾ ਐਮ. ਐਲ.ਏ. ਚੁਣ ਕੇ ਇੱਥੇ ਆ ਗਏ। ਕਾਂਗਰਸ ਨੂੰ ਹਾਰ ਹੋਈ ਹੈ। ਉਹ ਇਸ ਕਰਕੇ ਹਾਰ ਹੋਈ ਹੈ ਕਿਉਂਕਿ ਕਾਂਗਰਸ ਨੇ ਦਲਿਤਾਂ ਵਾਸਤੇ ਕੁਝ ਨਹੀਂ ਕੀਤਾ। ਅੱਜ ਮਾਨਯੋਗ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਐਜੂਕੇਸ਼ਨ ਲਈ ਪ੍ਰਬੰਧ ਕੀਤੇ ਹਨ। ਗਰੀਬਾਂ ਦੀ ਰੋਟੀ-ਰੋਜ਼ੀ ਦਾ ਖਿਆਲ ਰੱਖਿਆ ਹੈ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਕੱਲ੍ਹ ਡੈਮੋਕਰੇਸੀ ਦਾ ਮਰਡਰ ਇਸ ਹਾਊਸ ਵਿੱਚ ਹੋਇਆ ਹੈ ਔਰ ਜਿਸ ਤਰ੍ਹਾਂ ਡਿਕਟੇਟਰਸ਼ਿਪ ਵਾਲਾ ਰਵੱਈਆ ਉਨ੍ਹਾਂ ਨੇ ਅਖ਼ਤਿਆਰ ਕੀਤਾ, ਇਸ ਤੇ ਤੁਹਾਨੂੰ ਜ਼ਰੂਰ ਗੌਰ ਕਰਨਾ ਚਾਹੀਦਾ ਹੈ। ਦੂਜੀ ਵਾਰ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਵਿੱਚ ਹਰਾ ਦਿੱਤਾ। ਉਨ੍ਹਾਂ ਦੀਆਂ ਨੀਤੀਆਂ ਨੂੰ ਪੰਜਾਬ ਦੇ ਬਹਾਦਰ ਲੋਕਾਂ ਨੇ ਹਰਾ ਦਿੱਤਾ। ਹੁਣ ਉਹ ਸਾਡੇ ਗੁਆਂਢੀ ਦੇਸ਼ ਵਾਂਗ ਜ਼ਬਰਦਸਤੀ ਕੁਰਸੀ ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਹ ਜਿਹੜਾ ਤੁਹਾਡੀ ਕੁਰਸੀ ਤੇ ਕੱਲ੍ਹ ਜ਼ਬਰਦਸਤੀ ਕਬਜ਼ਾ ਕੀਤਾ ਹੈ, ਇਸ ਨੂੰ ਆਮ ਨਾ ਦੇਖਿਆ ਜਾਵੇ, ਇਸ ਗੱਲ ਨੂੰ ਲਾਈਟਲੀ ਨਾ ਲਿਆ ਜਾਵੇ। ਇਹ ਸੋਚ ਉਨ੍ਹਾਂ ਦੇ ਅੰਦਰ ਵੜੀ ਹੋਈ ਹੈ ਕਿ ਜ਼ਬਰਦਸਤੀ ਪੰਜਾਬ ਤੇ ਕਬਜ਼ਾ ਕਰ ਲਿਆ ਜਾਵੇ। ਸਪੀਕਰ ਸਾਹਿਬ, ਜੇ ਆਪਾਂ ਲੋਕਤੰਤਰ ਨੂੰ ਪੰਜਾਬ ਦੇ ਅੰਦਰ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਨਵੀਂ ਪੀੜ੍ਹੀ ਨੂੰ ਅਤੇ ਚੰਗੇ ਲੋਕਾਂ ਨੂੰ ਸਿਆਸਤ ਵਿੱਚ ਲਿਆਉਣਾ ਚਾਹੀਦਾ ਹੈ ਤਾਂ ਕਿ ਲੋਕਾਂ ਦਾ ਵਿਸ਼ਵਾਸ ਇਸ ਸਿਸਟਮ ਤੇ ਬਣਿਆ ਰਹੇ। ਲੋਕਤੰਤਰ ਤੋਂ ਇਲਾਵਾ ਦੁਨੀਆਂ ਵਿੱਚ ਹੋਰ ਕੋਈ ਸਿਸਟਮ ਨਹੀਂ ਹੈ ਜਿਹੜਾ ਸਾਰੇ ਲੋਕਾਂ ਨੂੰ ਇਨਸਾਫ ਦੇ ਸਕੇ। ਇਹ ਪਾਰਟੀ ਲੋਕਤੰਤਰ ਦਾ ਕਤਲ ਕਰ ਰਹੀ ਹੈ, ਲੋਕਤੰਤਰ ਦਾ ਘਾਣ ਕਰ ਰਹੀ ਹੈ। ਸਪੀਕਰ ਸਾਹਿਬ, ਜਿਸ ਤਰ੍ਹਾਂ ਕਾਗਜ਼, ਕਾਪੀਆਂ ਤੇ ਫਾਈਲਾਂ ਮਾਰੀਆਂ ਗਈਆਂ, ਇਹ ਆਮ ਗੱਲ ਨਹੀਂ ਹੈ। ਜੇ ਕਿਸੇ ਕਲਾਸ ਵਿੱਚ, ਪ੍ਰਾਇਮਰੀ ਕਲਾਸ ਜਾਂ ਮਿਡਲ ਕਲਾਸ ਵਿੱਚ ਕੋਈ ਬੱਚਾ ਵੀ ਕਾਪੀ ਤੇ ਕਾਗਜ਼ ਪਾੜ ਕੇ ਮਾਰੇ, ਇਕ ਦੂਜੇ ਤੇ ਤਾਂ ਟੀਚਰ ਆ ਕੇ ਸਜ਼ਾ ਦਿੰਦਾ ਹੈ ਤੇ ਕਈ ਵਾਰ ਲੱਤਾਂ ਥੱਲੋਂ ਉਸ ਦੇ ਕੰਨ ਵੀ ਫੜ੍ਹਾ ਦਿੰਦਾ ਹੈ। ਇਹ ਸਪੀਕਰ ਸਾਹਿਬ, ਆਮ ਕਲਾਸ ਨਹੀਂ। ਇਸ ਤਰ੍ਹਾਂ ਤਾਂ ਕੋਈ ਬਿਗਨਰ ਵੀ ਨਹੀਂ ਕਰਦਾ ਜਿਸ ਤਰ੍ਹਾਂ ਦਾ ਰਵੱਈਆ ਉਨ੍ਹਾਂ ਨੇ ਇਸ ਹਾਊਸ ਵਿੱਚ ਅਖਤਿਆਰ ਕੀਤਾ। ਸਪੀਕਰ ਸਾਹਿਬ, ਇਸ ਰਵੱਈਏ ਵਾਸਤੇ ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਜੋ ਉਨ੍ਹਾਂ ਨੇ ਕੱਲ੍ਹ ਇਕ ਸਟਾਫ ਮੈਂਬਰ ਨਾਲ, ਉਸ ਨੂੰ ਕੁੱਟ ਕੇ ਕੀਤਾ, ਉਹ ਵੀ ਠੀਕ ਨਹੀਂ। ਜੈਪਾਲ, ਵਾਚ ਐਂਡ ਵਾਰਡ ਦੇ ਸਟਾਫ ਨੇ ਦੱਸਿਆ ਕਿ ਜਦੋਂ ਉਸ ਨੂੰ ਮਾਰ ਰਹੇ ਸੀ ਤਾਂ ਉਸ ਨੂੰ ਪੁੱਛਿਆ ਗਿਆ ਕਿ ਤੇਰਾ ਨਾਂ ਕੀ ਹੈ? ਤੂੰ ਕੌਣ ਹੈ ? ਕਿਹੜੇ ਜ਼ਿਲ੍ਹੇ ਦਾ ਹੈਂ? ਕਿਹੜੇ ਪਿੰਡ ਦਾ ਹੈ? ਸਪੀਕਰ ਸਾਹਿਬ, ਇਹ ਬੜੀ ਗੰਭੀਰ ਗੱਲ ਹੈ। ਕੌਣ ਮਾਰ ਰਹੇ ਸੀ? ਕੌਣ ਪੁੱਛ ਰਹੇ ਸੀ ਕਿ ਕੌਣ ਹੈ ਤੂੰ ? ਸਪੀਕਰ ਸਾਹਿਬ, ਕਾਂਗਰਸ ਦੀ ਦਲਿਤਾਂ ਪ੍ਰਤੀ ਦੁਸ਼ਮਣੀ ਔਰ ਦਲਿਤਾਂ ਪ੍ਰਤੀ ਘਿਰਣਾ, ਨਫਰਤ ਉਨ੍ਹਾਂ ਦੀ ਇਸ ਗੱਲ ਤੋਂ ਸਾਹਮਣੇ ਆਉਂਦੀ ਹੈ ਕਿ ਤੁਹਾਡੇ ਖਿਲਾਫ ਵੀ ਨਾਅਰੇ ਲੱਗਦੇ ਹਨ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

[ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ]

ਮੈਨੂੰ ਯਾਦ ਹੈ ਪਿਛਲੇ ਸੈਸ਼ਨ ਵਿੱਚ ਜਦੋਂ ਇਹ ਗੱਲ ਕਹੀ ਜਾਂਦੀ ਸੀ ਕਿ ਸਪੀਕਰ ਸਾਹਿਬ, ਤੁਸੀਂ ਡਾ. ਅੰਬੇਦਕਰ ਦੇ ਫੰਕਸ਼ਨਾਂ ਤੇ ਬਹੁਤ ਜਾਂਦੇ ਹੋ। ਸ਼ਾਇਦ ਹਾਊਸ ਦੇ ਮੈਂਬਰਾਂ ਨੂੰ ਯਾਦ ਹੋਵੇਗਾ। ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਇਹ ਸਪੀਕਰ ਸਾਹਿਬ, ਜਿਹੜੇ ਕੇਵਲ ਇਸ ਪੰਜਾਬ ਦੇ ਹੀ ਸਪੀਕਰ ਨਹੀਂ ਬਲਕਿ ਦੇਸ਼ ਦੀ ਲੋਕ ਸਭਾ ਵਿੱਚ ਵੀ ਡਿਪਟੀ ਸਪੀਕਰ ਰਹਿ ਚੁੱਕੇ ਹਨ। ਜਿਨ੍ਹਾਂ ਨੂੰ ਵਿਦੇਸ਼ਾਂ ਅੰਦਰ ਪਾਰਲੀਮੈਂਟਰੀ ਕਮੇਟੀਆਂ ਦਾ ਚੇਅਰਮੈਨ ਤੇ ਮੈਂਬਰ ਬਣਨ ਦਾ ਮੌਕਾ ਮਿਲਿਆ। ਸਾਡੇ ਕਾਬਲ ਸਪੀਕਰ ਸਾਹਿਬ ਹਨ ਪਰ ਉਨ੍ਹਾਂ ਦੇ ਅੰਦਰ ਇਸ ਗੱਲ ਦੀ ਨਫਰਤ ਹੈ। ਸਪੀਕਰ ਸਾਹਿਬ, ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਕ ਤਾਂ ਉਨ੍ਹਾਂ ਨੇ ਕੱਲ੍ਹ ਵਿਧਾਨ ਸਭਾ ਦੇ ਅੰਦਰ ਜੋ ਰਵੱਈਆ ਰੱਖਿਆ ਹੈ, ਜੋ ਡੈਮੋਕਰੇਸੀ ਤੇ ਹਮਲਾ ਕੀਤਾ ਹੈ, ਹਾਊਸ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਜੋ ਉਨ੍ਹਾਂ ਨੇ ਕੂਪ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਦੇ ਉੱਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਦੂਜਾ, ਜਿਹੜਾ ਵਾਚ ਐਂਡ ਵਾਰਡ ਸਟਾਫ ਦੇ ਮੈਂਬਰ ਨਾਲ ਕੁੱਟਮਾਰ ਕੀਤੀ ਗਈ, ਉਸਨੂੰ ਪੁੱਛਿਆ ਗਿਆ ਕਿ ਤੂੰ ਕੌਣ ਹੈ, ਤੂੰ ਕਿਥੋਂ ਦਾ ਹੈ, ਇਸ ਗੱਲ ਨੂੰ ਵੀ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਸਪੀਕਰ ਸਾਹਿਬ, ਕਾਂਗਰਸ ਨੂੰ ਦਲਿਤਾਂ ਨਾਲ ਕੋਈ ਲੈਣਾ ਦੇਣਾ ਨਹੀਂ। ਪੂਰੇ ਦੇਸ਼ ਦੇ ਡਾਟੇ ਕੱਢ ਕੇ ਦੇਖ ਲਵੋ, ਪੰਜਾਬ ਦੇ ਡਾਟੇ ਕੱਢ ਕੇ ਦੇਖ ਲਵੋ। ਪੰਜਾਬ ਵਿੱਚ ਚੰਗੀ ਪੁਜੀਸ਼ਨ ਵਿੱਚ ਹਾਂ। ਉਹ ਇਸ ਕਰਕੇ ਕਿ ਇਥੇ ਕਦੇ ਕਦੇ ਜਾਂ ਹੁਣ ਮਾਨਯੋਗ ਬਾਦਲ ਸਾਹਿਬ ਦੀ ਸਰਕਾਰ ਬਣਦੀ ਰਹੀ ਹੈ। ਜੇ ਬਾਦਲ ਸਾਹਿਬ ਗਰੀਬਾਂ ਨੂੰ ਆਟਾ ਦਾਲ ਦੇ ਰਹੇ ਹਨ ਤਾਂ ਇਹ ਕਾਂਗਰਸ ਵਾਲੇ ਕੋਈ ਵੀ ਚੰਗੇ ਕੰਮ ਦੱਸ ਦੇਣ ਜੋ ਇਨ੍ਹਾਂ ਨੇ ਆਪਣੇ ਰਾਜਨੀਤਿਕ ਇਤਿਹਾਸ ਵਿੱਚ ਦਲਿਤਾਂ ਲਈ ਕੀਤੇ ਹਨ। ਜੇ ਕਮਿਸ਼ਨ ਬਣੇ ਹਨ, ਜੇ ਮਨਿਸਟਰ ਬਣੇ ਹਨ, ਜੇ ਅਧਿਕਾਰ ਪ੍ਰਾਪਤ ਹੋਏ ਹਨ, ਜੇ 12ਵੀਂ ਤੱਕ ਪੜ੍ਹਾਈ ਪ੍ਰਾਪਤ ਹੋਈ ਹੈ ਤਾਂ ਇਹ ਸਿਰਫ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਿੱਚ ਮਾਨਯੋਗ ਬਾਦਲ ਸਾਹਿਬ ਦੀ ਅਗਵਾਈ ਵਿੱਚ ਹੋ ਸਕਿਆ ਹੈ। ਗੱਲ ਇਹ ਨਹੀਂ, ਜਿਹੜਾ ਗਵਰਨਰ ਸਾਹਿਬ ਦਾ ਭਾਸ਼ਣ ਹੈ, ਭਾਸ਼ਣ ਦੇ ਵਿੱਚ ਜਿਹੜੀਆਂ ਸਾਡੀ ਸਰਕਾਰ ਦੀਆਂ ਪ੍ਰਾਪਤੀਆਂ ਹਨ, ਉਨ੍ਹਾਂ ਦਾ ਜਵਾਬ ਕੋਈ ਨਹੀਂ। ਬਹਿਸ ਲਈ ਮੁੱਦਾ ਕੋਈ ਨਹੀਂ। ਇਸ਼ੂ ਕੋਈ ਨਹੀਂ। ਇਨ੍ਹਾਂ ਦੇ ਕੋਲ ਪ੍ਰੋਗਰਾਮ ਕੋਈ ਨਹੀਂ। ਇਹ ਬਿਨਾਂ ਵਜ੍ਹਾ ਹਾਊਸ ਨੂੰ ਡਿਸਟਰਬ ਕਰਦੇ ਹਨ ਔਰ ਹਾਊਸ ਨੂੰ ਚੱਲਣ ਨਹੀਂ ਦੇਣਾ ਚਾਹੁੰਦੇ ਤਾਂ ਕਿ ਗਰੀਬਾਂ ਦੇ ਮਸਲੇ ਇਸ ਪਵਿੱਤਰ ਹਾਊਸ ਵਿੱਚ ਨਾ ਆ ਸਕਣ ਅਤੇ ਉਨ੍ਹਾਂ ਦਾ ਸਮਾਧਾਨ ਨਾ ਹੋ ਸਕੇ। ਸਪੀਕਰ ਸਾਹਿਬ, ਇਹੋ ਜਿਹਾ ਬਦਮਾਸ਼ਾਨਾ ਜਿਹੜਾ ਉਨ੍ਹਾਂ ਨੇ ਰਵੱਈਆ ਕੀਤਾ ਹੈ, ਜਿਹੜਾ ** ਕੀਤਾ ਹੈ, ਉਸ ਦੇ ਖਿਲਾਫ ਤੁਹਾਨੂੰ ਸਖਤ

**Expunged as per the ruling by the Chair dated 13.3.2013.

ਕਾਰਵਾਈ ਕਰਨੀ ਚਾਹੀਦੀ ਹੈ। ਲੀਡਰ ਆਫ਼ ਦਿ ਆਪੋਜ਼ੀਸ਼ਨ ਜਦੋਂ ਪਹਿਲੀ ਵਾਰ ਬੋਲੇ ਤਾਂ ਅਸੀਂ ਸੋਚਿਆ ਕਿ ਪਿਛਲੀ ਸਰਕਾਰ ਵਿੱਚ ਤਾਂ ਕੰਮ ਚੱਲਣ ਨਹੀਂ ਦਿੱਤਾ ਤੇ ਹੋ ਸਕਦਾ ਹੈ ਇਸ ਵਾਰ ਵਿਧਾਨ ਸਭਾ ਵਿੱਚ ਕੋਈ ਚੰਗਾ ਕੰਸਟਰਕਟਿਵ ਕੰਮ ਚੱਲੇਗਾ। ਜਾਣਕਾਰੀ ਪ੍ਰਾਪਤ ਹੋਏਗੀ, ਸਰਕਾਰ ਦਾ ਕੰਮ ਹੋਏਗਾ ਅਤੇ ਲੋਕ ਵਾਹ-ਵਾਹ ਕਰਨਗੇ ਲੇਕਿਨ ਇਸ ਦੂਜੇ ਸੈਸ਼ਨ ਵਿੱਚ ਹੀ, ਸਪੀਕਰ ਸਾਹਿਬ, ਉਨ੍ਹਾਂ ਦੀ ਅੰਦਰੂਨੀ ਮਨਸ਼ਾ ਜੱਗ ਜ਼ਾਹਿਰ ਹੋ ਗਈ ਹੈ ਕਿ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੇ ਨਾਲ, ਪੰਜਾਬ ਦੇ ਗਰੀਬਾਂ ਦੇ ਨਾਲ ਕੋਈ ਲੈਣਾ ਦੇਣਾ ਨਹੀਂ। ਉਹ ਡਰਾਮੇਬਾਜ਼ੀ ਕਰਦੇ ਹਨ, ਵਿਖਾਵਾ ਕਰਦੇ ਹਨ। ਉਸ ਲੜਕੀ ਨੂੰ ਇਥੇ ਲੈ ਆਏ। ਉਸ ਦਾ ਸ਼ੋਸ਼ਣ ਕੀਤਾ। ਉਸ ਦਾ ਇਥੇ ਲਿਆ ਕੇ ਜਲੂਸ ਕੱਢਿਆ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ)। ਕੀ ਇਹ ਦਲਿਤਾਂ ਦੀ ਇੱਜ਼ਤ ਕਰਨ ਦੀ ਗੱਲ ਹੈ ? ਜੇ ਇਨ੍ਹਾਂ ਨੂੰ ਲੱਗਦਾ ਹੈ ਕਿ ਕਿਸੇ ਦੇ ਨਾਲ ਬੁਰੀ ਗੱਲ ਹੋ ਰਹੀ ਹੈ, ਨਜਾਇਜ਼ ਹੋ ਰਹੀ ਹੈ, ਕੀ ਇਹ ਆਪ ਸਕਸ਼ਮ ਨਹੀਂ ਕਿ ਵਿਧਾਨ ਸਭਾ ਦੇ ਵਿੱਚ ਮੁੱਦੇ ਉਠਾ ਸਕਣ ? ਕੀ ਮੀਡੀਆ ਨਹੀਂ, ਕੀ ਕੋਈ ਹੋਰ ਫਲੋਰ ਨਹੀਂ ਜਿਥੇ ਇਹ ਦਲਿਤਾਂ ਦੀ ਗੱਲ ਰੱਖ ਸਕਣ? ਇਹ ਹਾਰ ਚੁੱਕੇ ਹਨ। ਇਹ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਵਿਚ ਅਕਾਲੀ ਦਲ-ਬੀ.ਜੇ.ਪੀ. ਨੇ ਦੂਜੀ ਵਾਰ ਸਰਕਾਰ ਬਣਾ ਦਿੱਤੀ। ਇਨ੍ਹਾਂ ਨੂੰ ਲਗਦਾ ਹੈ ਕਿ ਪੰਜ ਸਾਲ ਪੂਰੇ ਕਿਸ ਤਰ੍ਹਾਂ ਹੋਣੇ ਹਨ। ਇਨ੍ਹਾਂ ਦੀ ਪੰਜਾਬ ਵਿੱਚ ਯੂ.ਪੀ.ਵਾਲੀ ਹਾਲਤ ਹੋਣ ਵਾਲੀ ਹੈ। ਜੋ ਇਨ੍ਹਾਂ ਦਾ ਰਵੱਈਆ ਹੈ, ਇਨ੍ਹਾਂ ਦੀ ਹਾਲਤ ਯੂ.ਪੀ. ਵਾਲੀ ਹੋਣੀ ਹੈ। ਇਨ੍ਹਾਂ ਨੂੰ 50 ਸਾਲ ਪੰਜਾਬ ਦੀ ਸੱਤਾ ਤੋਂ ਪੰਜਾਬ ਦੇ ਦਲਿਤ ਅਤੇ ਦੂਜੇ ਬਹਾਦਰ ਪੰਜਾਬੀ ਦੂਰ ਕਰ ਦੇਣਗੇ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਆਪਣੇ ਖਿਆਲਾਤ, ਆਪਣੇ ਜਜ਼ਬਾਤ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ। ਜੋ ਇਨ੍ਹਾਂ ਨੇ ਇਸ ਡੈਮੋਕਰੇਸੀ ਦਾ ਜਲੂਸ ਕੱਢਿਆ ਹੈ, ਉਸ ਤੇ ਸਖਤ ਕਾਰਵਾਈ ਹੋਵੇ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ (ਸ਼੍ਰੀ ਪ੍ਰਕਾਸ਼ ਚੰਦ ਗਰਗ)** : ਸਪੀਕਰ ਸਾਹਿਬ .......

**ਮਾਨਯੋਗ ਸਪੀਕਰ** : ਹੁਣ ਬੀਬੀ ਜੋਸ਼ ਜੀ ਬੋਲਣਗੇ। ਬੀਬੀ ਜੋਸ਼ ਜੀ ਤੋਂ ਬਾਅਦ ਤੁਸੀਂ ਬੋਲ ਲੈਣਾ।

**ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ (ਸ਼੍ਰੀਮਤੀ ਮਹਿੰਦਰ ਕੌਰ ਜੋਸ਼)** : ਸਪੀਕਰ ਸਾਹਿਬ, ਆਪੋਜੀਸ਼ਨ ਨੇ ਜਿਹੜੀ ਕੱਲ੍ਹ ਕਾਰਵਾਈ ਕੀਤੀ ਹੈ, ਉਸ ਦਾ ਮੈਨੂੰ ਬੜਾ ਦੁੱਖ ਲੱਗਿਆ ਹੈ। ਮੇਰਾ ਖ਼ਿਆਲ ਹੈ ਕਿ ਇਹ ਕਦੇ ਇਤਿਹਾਸ ਵਿੱਚ ਵੀ ਨਹੀਂ ਹੋਇਆ ਹੋਏਗਾ। ਸਭ ਤੋਂ ਪਹਿਲਾਂ ਜਿਹੜਾ ਇਨ੍ਹਾਂ ਨੇ ਲੋਕਤੰਤਰ ਦਾ ਘਾਣ

**[ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ]**

ਕੀਤਾ। ਜੋ ਕੁਝ ਇਨ੍ਹਾਂ ਨੇ ਕੀਤਾ ਹੈ, ਉਸ ਤੇ ਹੈਰਾਨਗੀ ਵੀ ਹੁੰਦੀ ਹੈ ਅਤੇ ਦੁੱਖ ਵੀ ਮਹਿਸੂਸ ਹੁੰਦਾ ਹੈ। ਇਹ ਅੱਜ ਤੱਕ ਗੱਲਾਂ ਕਰਦੇ ਰਹੇ ਹਨ ਕਿ ਅਸੀਂ ਦਲਿਤਾਂ ਦੀ ਗੱਲ ਕਰਦੇ ਹਾਂ। ਸਭ ਤੋਂ ਪਹਿਲਾਂ ਤਾਂ ਇਨ੍ਹਾਂ ਨੇ ਜੋ ਗੱਲ ਕੀਤੀ ਹੈ, ਕਦੇ ਵੀ ਕਿਸੇ ਨਾਲ ਵਧੀਕੀ ਹੋਈ ਹੋਵੇ ਤਾਂ ਵਿਧਾਨ ਸਭਾ ਵਿੱਚ ਕਿਸੇ ਔਰਤ ਨੂੰ ਕਦੇ ਨਹੀਂ ਲਿਆਇਆ ਜਾਂਦਾ। ਕਿਉਂਕਿ ਇਹ ਮਰਿਆਦਾ ਹੈ ਕਿ ਵਿਧਾਨ ਸਭਾ ਵਿੱਚ ਕਦੇ ਵੀ ਕੋਈ ਇਨਸਾਨ ਤੁਹਾਡੀ ਆਗਿਆ ਤੋਂ ਬਿਨਾਂ ਨਹੀਂ ਆ ਸਕਦਾ। ਦੂਸਰਾ, ਉਹ ਔਰਤ ਵੀ ਦਲਿਤ ਸੀ, ਜਿਸ ਦੇ ਬਾਰੇ ਇਹ ਗੱਲ ਕਰਦੇ ਹਨ ਲੇਕਿਨ ਉਸ ਨੂੰ ਵਿਧਾਨ ਸਭਾ ਦੇ ਵਿਚ ਲਿਆ ਕੇ ਇਨ੍ਹਾਂ ਨੇ ਉਸ ਨੂੰ ਪੂਰਾ ਜ਼ਲੀਲ ਕੀਤਾ ਹੈ। ਮੈਂ ਇਕ ਔਰਤ ਦੇ ਨਾਤੇ ਇਹ ਗੱਲ ਕਰਨੀ ਚਾਹੁੰਦੀ ਹਾਂ ਕਿ ਉਨ੍ਹਾਂ ਨੇ ਉਸ ਨਾਲ ਕੋਈ ਸਿੰਪਥੀ ਨਹੀਂ ਕੀਤੀ ਸਗੋਂ ਉਸ ਦੇ ਨਾਲ ਵੀ ਵਧੀਕੀ ਕੀਤੀ। ਦੂਸਰਾ ਇਸ ਗੱਲ ਤੇ ਵੀ ਰੋਣਾ ਆ ਰਿਹਾ ਹੈ, ਅੱਜ ਮੀਡੀਏ ਵਿੱਚ ਵੀ ਅਤੇ ਸਾਰੇ ਚੈਨਲਾਂ ਦੇ ਵਿੱਚ ਵੀ ਇਹ ਗੱਲ ਵੇਖੀ ਗਈ ਹੈ ਕਿ ਕਿਵੇਂ ਉਹ ਦਲਿਤ ਭਾਈਚਾਰੇ ਦੇ ਨਾਲ ਸਬੰਧ ਰੱਖਦਾ ਇਨਸਾਨ ਜਿਹੜਾ ਕਿ ਹੈੱਡ ਕਾਂਸਟੇਬਲ ਸੀ, ਉਸਦੇ ਇਕ ਪਾਸੇ ਤੋਂ ਇਕ ਬੰਦਾ ਵਾਲ ਖਿੱਚ ਰਿਹਾ ਸੀ ਅਤੇ ਦੂਸਰਾ, ਦੂਸਰੇ ਪਾਸਿਉਂ ਵਾਲ ਖਿੱਚ ਰਿਹਾ ਸੀ। ਮੀਡੀਏ ਨੇ ਵੇਖਿਆ, ਲੋਕਾਂ ਨੇ ਵੇਖਿਆ ਔਰ ਦਲਿਤਾਂ ਨੇ ਵੇਖਿਆ ਕਿ ਇਹ ਲੋਕ ਕੀ ਕਰਦੇ ਹਨ । ਇਨ੍ਹਾਂ ਲੋਕਾਂ ਦਾ ਇਸ ਵਿਧਾਨ ਸਭਾ ਦੇ ਵਿਚ ਆ ਕੇ ਰੋਲ ਕੀ ਹੈ ? ਉਸ ਦਲਿਤ ਦੇ ਵਾਲ ਵੀ ਖਿੱਚੇ ਗਏ ਉਸ ਨੂੰ ਦੁਨੀਆਂ ਨੇ ਵੇਖਿਆ ਔਰ ਹਿੰਦੁਸਤਾਨ ਦੇ ਬਾਹਰ ਦੇ ਲੋਕਾਂ ਨੇ ਵੀ ਵੇਖਿਆ ਔਰ ਸਾਨੂੰ ਫੋਨ ਵੀ ਆਏ ਤੇ ਉਹ ਵੀ ਦਲਿਤ ਭਾਈਚਾਰੇ ਨਾਲ ਸਬੰਧ ਰੱਖਦਾ ਸੀ, ਜਿਸ ਦੇ ਵਾਲ ਖਿੱਚੇ ਗਏ ਹਨ। ਸਪੀਕਰ ਸਾਹਿਬ, ਜਦੋਂ ਮਾੜੀ ਜਿਹੀ ਗੱਲ ਹੋਵੇ ਤਾਂ ਪਰਚਾ ਕਰ ਦਿੰਦੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਦਲਿਤ ਦੇ ਵਾਲ ਖਿੱਚੇ ਗਏ ਹਨ ਉਨ੍ਹਾਂ ਤੇ ਵੀ ਪਰਚਾ ਹੋਣਾ ਚਾਹੀਦਾ ਹੈ। ਕਿੱਡੀ ਵੱਡੀ ਗੱਲ ਹੈ ਕਿ ਸਾਰੇ ਮੀਡੀਏ ਦੇ ਸਾਹਮਣੇ ਗੱਲ ਹੋਈ ਹੋਵੇ। ਤੀਸਰੀ ਗੱਲ ਇਹ ਸੁਣ ਲਵੋ ਜੀ, ਸਪੀਕਰ ਸਾਹਿਬ, ਤੁਸੀਂ ਵੀ ਦਲਿਤ ਭਾਈਚਾਰੇ ਨਾਲ ਸਬੰਧ ਰਖਦੇ ਹੋ ਔਰ ਤੁਹਾਡੀ ਕੁਰਸੀ ਦੇ ਉਤੇ ਵੀ ਜਾ ਕੇ ਬੈਠ ਗਏ, ਇਹ ਕਿੱਡੀ ਵੱਡੀ ਘਿਨਾਉਣੀ ਗੱਲ ਹੈ ਕਿ ਕੁਰਸੀ ਦੇ ਉਤੇ ਜਾ ਕੇ ਬੈਠ ਜਾਣਾ ਤੇ ਫਿਰ ਉਨ੍ਹਾਂ ਨੂੰ ਇਕ ਦਿਨ ਦੇ ਲਈ ਡਿਸਮਿਸ ਕਰ ਦਿੱਤਾ ਜਾਵੇ, ਉਨ੍ਹਾਂ ਨੂੰ ਇਕ ਦਿਨ ਲਈ ਸਜ਼ਾ ਦਿੱਤੀ ਜਾਵੇ, ਇਹ ਕੋਈ ਵੱਡੀ ਗੱਲ ਨਹੀਂ ਹੈ। ਜੇ ਬਾਕੀ ਕਾਨੂੰਨ ਇਥੇ ਬਣਦੇ ਹਨ ਤਾਂ ਤੁਸੀਂ ਸਾਰਾ ਕੁਝ ਕਰਨਾ ਹੁੰਦਾ ਹੈ ਔਰ ਸਾਰਿਆਂ ਨੇ ਤੁਹਾਨੂੰ ਇਥੇ ਸਰਬਸੰਮਤੀ ਦੇ ਨਾਲ ਇਥੇ ਸਪੀਕਰ ਬਣਾਇਆ ਹੈ ਲੇਕਿਨ ਇਹ ਨਹੀਂ ਹੈ ਕਿ ਜਿਸ ਦਾ ਵੀ ਦਿਲ ਕਰੇ ਤੁਹਾਡੀ ਕੁਰਸੀ ਤੇ ਜਾ ਕੇ ਬੈਠ ਜਾਵੇ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਉਹ ਲੋਕ

ਤੁਹਾਨੂੰ, ਦਲਿਤਾਂ ਨੂੰ ਚੰਗਾ ਨਹੀਂ ਸਮਝਦੇ ਔਰ ਤੁਹਾਡੀ ਕੁਰਸੀ ਦੇ ਉਤੇ ਜਾ ਕੇ ਬੈਠ ਕੇ ਕਿੰਨੀ ਕੁ ਦਲਿਤ ਲੋਕਾਂ ਦੀ ਗੱਲ ਕਰਦੇ ਹੋਣਗੇ। ਅੱਜ ਤੱਕ ਇਹ ਦਲਿਤਾਂ ਦੀਆਂ ਵੋਟਾਂ ਲੈਂਦੇ ਰਹੇ ਲੇਕਿਨ ਹੁਣ ਸਾਰੇ ਤੁਸੀਂ ਵੇਖਿਆ ਹੋਵੇਗਾ। ਅੱਜ ਮੀਡੀਏ ਨੇ ਇਹ ਬਹੁਤ ਚੰਗੀ ਗੱਲ ਕੀਤੀ ਹੈ, ਚੈਨਲਾਂ ਦੇ ਵਿੱਚ ਵੀ ਚੰਗੀ ਗੱਲ ਆਈ ਕਿ ਅੱਜ ਜਿੰਨਾ ਕੁਝ ਇਨ੍ਹਾਂ ਨੇ ਕੀਤਾ ਹੈ ਔਰ ਬੇਨਿਯਮ ਕੀਤਾ, ਕੋਈ ਨਿਯਮ ਨਹੀਂ ਰੱਖਿਆ। ਮੈਂ ਇਨ੍ਹਾਂ ਦੇ ਪ੍ਰਧਾਨ ਤੋਂ ਬੜੀ ਹੈਰਾਨ ਹਾਂ ਉਹ ਬੜੀਆਂ ਫਿਲਾਸਫੀ ਦੀਆਂ ਗੱਲਾਂ ਕਰਦੇ ਰਹਿੰਦੇ ਸਨ, ਵਿਧਾਨ ਸਭਾ ਦੇ ਵਿੱਚ ਬੜੀਆਂ ਤੋੜ-ਮਰੋੜ ਕੇ ਗੱਲਾਂ ਕਰਦੇ ਸੀ, ਦਲਿਤਾਂ ਦੀਆਂ ਵੋਟਾਂ ਲੈਂਦੇ ਰਹੇ, ਲੇਕਿਨ ਤੁਹਾਡੀ ਕੁਰਸੀ ਵੀ, ਦਲਿਤਾਂ ਦੀ ਕੁਰਸੀ ਉਤੇ ਜਾ ਕੇ ਮੱਲ੍ਹਣ ਦੀ ਕੋਸ਼ਿਸ਼ ਕੀਤੀ ਤੇ ਬੈਠ ਗਏ। ਇਨ੍ਹਾਂ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਤੁਹਾਡੀ ਕੁਰਸੀ ਵੀ ਬਰਦਾਸ਼ਤ ਨਹੀਂ ਹੁੰਦੀ, ਤੁਸੀਂ ਵੀ ਦਲਿਤ ਹੋ ਔਰ ਇਨ੍ਹਾਂ ਦੇ ਉਤੇ ਐਕਸ਼ਨ ਹੋਣਾ ਚਾਹੀਦਾ ਹੈ। ਅੱਜ ਇਕ ਦਿਨ ਦੀ ਗੱਲ ਨਹੀਂ ਹੈ ਔਰ ਜਿੰਨਾ ਵੀ ਸੀਰੀਅਸ ਐਕਸ਼ਨ ਇਨ੍ਹਾਂ ਦੇ ਉੱਤੇ ਲਿਆ ਜਾਵੇ ਉਤਨਾ ਹੀ ਥੋੜ੍ਹਾ ਹੈ। ਇਕ ਹੋਰ ਮਾੜੀ ਗੱਲ ਵੀ ਸੁਣ ਲਵੋ ਜਿਹੜੇ ਇਨ੍ਹਾਂ ਨੇ ਕੱਲ੍ਹ ਨਾਅਰੇ ਲਾਏ ਹਨ ** ** ਕਿਉਂਕਿ ਦਲਿਤ ਹੋਣ ਕਰਕੇ ** ** ਇਹ ਕਿੰਨੀ ਵੱਡੀ ਮਾੜੀ ਗੱਲ ਹੈ ਕਿ ਦਲਿਤ ਹੋਣ ਕਰਕੇ ** **। ਸਾਨੂੰ ਇਸ ਗੱਲ ਦਾ ਅਫਸੋਸ ਹੈ ਕਿ ਅਸੀਂ 24 ਬੰਦੇ ਇੱਥੇ ਬੈਠੇ ਹਾਂ ਅਤੇ ਸਾਨੂੰ ਦਲਿਤਾਂ ਨੇ ਵੋਟਾਂ ਪਾਈਆਂ, ਅਸੀਂ ਚੁਣ ਕੇ ਆਏ ਹਾਂ ਤੇ ** ** ** ** ਵਾਸਤੇ ਇਥੇ ਨਹੀਂ ਆਏ ਕਿਉਂਕਿ ਇਹ ਤੁਹਾਡੇ ਉਤੇ ਵੀ ਇਹੋ ਜਿਹੀਆਂ ਗੱਲਾਂ ਕਰਦੇ ਹਨ। ਮੇਰਾ ਖਿਆਲ ਹੈ ਕਿ ਮੈਂ ਵੀ 18-19 ਸਾਲ ਤੋਂ ਇਸ ਪਾਸੇ ਵੱਲ, ਇਸ ਵਿਧਾਨ ਸਭਾ ਵਿੱਚ ਆਉਂਦੀ ਹਾਂ ਪਰ ਮੈਂ ਕਦੇ ਇਹ ਵੇਖਿਆ ਨਹੀਂ ਸੀ ਕਿ ਇਹ ਲੋਕ ਇਹੋ ਜਿਹੀਆਂ ਗੱਲਾਂ ਕਰਦੇ ਹੋਣਗੇ। ਇਸ ਗੱਲ ਦਾ ਬਹੁਤ ਅਫਸੋਸ ਹੋਇਆ। ਸਾਨੂੰ ਬਾਹਰੋਂ ਵੀ ਫੋਨ ਆਏ ਅਤੇ ਲੋਕਾਂ ਨੇ ਵੀ ਇਸ ਗੱਲ ਨੂੰ ਮੰਦਭਾਗੀ ਗੱਲ ਕਹੀ ਲੇਕਿਨ ਜੋ ਕੁਝ ਇਨ੍ਹਾਂ ਨੇ ਕੀਤਾ, ਤੁਹਾਨੂੰ ਇਸ ਦੇ ਬਾਰੇ ਸਖਤ ਤੋਂ ਸਖਤ ਐਕਸ਼ਨ ਲੈਣਾ ਚਾਹੀਦਾ ਹੈ ਤਾਂ ਕਿ ਵਿਧਾਨ ਸਭਾ ਦੀ ਮਰਿਆਦਾ ਭੰਗ ਨਾ ਹੋ ਸਕੇ। ਜੇਕਰ ਮਰਿਆਦਾ ਇਸੇ ਤਰ੍ਹਾਂ ਭੰਗ ਹੁੰਦੀ ਰਹੀ ਤਾਂ ਹਰ ਇਕ ਬੰਦੇ ਦਾ ਹੌਂਸਲਾ ਪਵੇਗਾ ਕਿ ਇਸ ਵਿਧਾਨ ਸਭਾ ਵਿੱਚ ਆ ਕੇ ਜੋ ਕੁਝ ਮਰਜ਼ੀ ਕਹੀ ਜਾਵੇ। ਇਕ ਦਿਨ ਦੀ ਗੱਲ ਵਿਚ ਕੀ ਹੋ ਸਕਦਾ ਹੈ, ਫਿਰ ਇਕ ਬੰਦਾ ਆ ਕੇ ਕਹੇਗਾ ਕਿ ਇੰਨਾ ਕੁਝ ਹੀ ਹੁੰਦਾ ਹੈ, ਜੋ ਮਰਜ਼ੀ ਕਰ ਲਵੋ। ਇਹ ਤੁਸੀਂ ਸਖਤ ਐਕਸ਼ਨ ਜ਼ਰੂਰ ਲਵੋ, ਇਹ ਤੁਹਾਨੂੰ ਸਾਡੀ ਬੇਨਤੀ ਹੈ ਅਗਰ ਤੁਸੀਂ ਦਲਿਤਾਂ ਦੀ ਰਾਖੀ ਕਰਦੇ ਹੋ, ਅਗਰ ਦਲਿਤਾਂ ਦੀ ਗੱਲ ਕਰਦੇ ਹੋ। ਅੱਜ ਦਲਿਤ ਪੰਜਾਬ ਦੇ ਵਿੱਚ ਇਨ੍ਹਾਂ ਕਾਂਗਰਸੀਆਂ ਨੂੰ ਮੂੰਹ ਨਹੀਂ ਲਗਾਉਂਦੇ।

---

**Expunged as ordered by the Chair.

**[ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ]**

ਇਹ ਜਿਹੜੀ ਕੱਲ੍ਹ ਦੀ ਕਾਰਵਾਈ ਹੋਈ ਹੈ ਇਹ ਮੈਂ ਸਪਸ਼ਟ ਸ਼ਬਦਾਂ ਦੇ ਵਿੱਚ ਦੱਸਣਾ ਚਾਹੁੰਦੀ ਹਾਂ ਕਿ ਲੋਕ ਇਨ੍ਹਾਂ ਨੂੰ ਬਿਲਕੁਲ ਮੂੰਹ ਨਹੀਂ ਲਗਾਉਣਗੇ ਕਿਉਂਕਿ ਜਦੋਂ ਇਕ ਪਾਸੇ ਉਸ ਦੇ ਵਾਲਾਂ ਨੂੰ ਇਕ ਖਿੱਚ ਰਿਹਾ ਸੀ ਤਾਂ ਇਸ ਤਰ੍ਹਾਂ ਵਾਲਾਂ ਦੀ ਬੇਅਦਬੀ ਕੀਤੀ ਗਈ ਹੈ, ਇਸ ਕਰਕੇ ਇਨ੍ਹਾਂ ਵਾਲਾਂ ਦੀ ਬੇਅਦਬੀ ਕਰਨੀ ਕਿੰਨੀ ਘਿਨਾਉਣੀ ਗੱਲ ਹੈ। ਇਕ ਪਾਸੇ ਰਾਣਾ ਸੋਢੀ ਖਿੱਚ ਰਿਹਾ ਸੀ ਅਤੇ ਦੂਸਰੇ ਪਾਸੇ ਪਤਾ ਨਹੀਂ ਉਹ ਕਿਉਂਕਿ ਮਾੜੇ ਬੰਦਿਆਂ ਦਾ ਮੈਂ ਨਾਂ ਹੀ ਨਹੀਂ ਲੈਂਦੀ। ਇਸ ਬੰਦੇ ਨਾਲ ਇਹ ਲੋਕ ਖਿੱਚ-ਧੂਹ ਕਰ ਰਹੇ ਹਨ। ਜੇਕਰ ਦਲਿਤਾਂ ਦੇ ਵਾਲ ਹੀ ਖਿੱਚ ਹੋਣੇ ਹਨ ਤਾਂ ਫੇਰ ਦਲਿਤਾਂ ਨਾਲ ਇਨਸਾਫ਼ ਕਿਵੇਂ ਹੋਵੇਗਾ। ਇਸ ਕਰਕੇ ਮੇਰੀ ਸਪੀਕਰ ਸਾਹਿਬ, ਤੁਹਾਨੂੰ ਬੇਨਤੀ ਹੈ ਕਿ ਇਨ੍ਹਾਂ ਤੇ ਐਕਸ਼ਨ ਇਕ ਦਿਨ ਦਾ ਨਹੀਂ ਸਗੋਂ ਇਸ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਵਿਧਾਨ ਸਭਾ ਜੋ ਕਿ ਪਵਿੱਤਰ ਹੈ ਇਸ ਦੀ ਕਾਰਵਾਈ ਅੱਗੇ ਤੋਂ ਭੰਗ ਨਾ ਹੋਵੇ ਅਤੇ ਇਹੋ ਜਿਹੇ ਲੋਕਾਂ ਦੇ ਹੌਂਸਲੇ ਬੁਲੰਦ ਨਹੀਂ ਹੋਣੇ ਚਾਹੀਦੇ.......

**ਮਾਨਯੋਗ ਸਪੀਕਰ :** ਬੀਬੀ ਜੀ, ਤੁਸੀਂ ਖਤਮ ਕਰੋ ਜੀ।

**ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਤੇ ਖੋਜ :** ਦੇਖੋ, ਕਿੰਨੀ ਮਾੜੀ ਗੱਲ ਹੈ ਉਸ ਬੰਦੇ ਨੂੰ ਪੁੱਛਿਆ ਵੀ ਗਿਆ ਕਿ ਤੂੰ ਕੌਣ ਹੈ। ਅਫ਼ਸੋਸ ਦੀ ਗੱਲ ਹੈ ਉਸ ਨੂੰ ਪੁੱਛਿਆ ਗਿਆ ਕਿ ਤੂੰ ਕਿੱਥੋਂ ਦਾ ਰਹਿਣਾ ਵਾਲਾ ਹੈ, ਤੂੰ ਕੌਣ ਹੈ? ਇਹ ਕਹਿੰਦੇ ਹਨ ਕਿ ਅਸੀਂ ਦਲਿਤਾਂ ਦੇ ਮਸੀਹੇ ਹਾਂ। ਦਲਿਤਾਂ ਦੇ ਮਸੀਹੇ ਕੌਣ ਹਨ, ਦਲਿਤਾਂ ਦੇ ਮਸੀਹੇ ਸਰਦਾਰ ਪਰਕਾਸ਼ ਸਿੰਘ ਬਾਦਲ, ਜਿਨ੍ਹਾਂ ਨੇ ਆਟਾ-ਦਾਲ ਦੀ ਸਕੀਮ ਦਿੱਤੀ (ਥੰਪਿੰਗ) ਦਲਿਤਾਂ ਦੇ ਮਸੀਹੇ ਸਰਦਾਰ ਸੁਖਬੀਰ ਸਿੰਘ ਬਾਦਲ, ਜਿਨ੍ਹਾਂ ਨੇ ਦਲਿਤਾਂ ਦੀ ਗੱਲ ਸੁਣੀ। ਅੱਜ ਜੇਕਰ ਕੁੜੀਆਂ ਦੀ ਐਜੂਕੇਸ਼ਨ ਦੀ ਗੱਲ ਕੀਤੀ ਗਈ ਹੈ ਜਾਂ ਦਲਿਤਾਂ ਨੂੰ ਵਜ਼ੀਫ਼ੇ ਦਿੱਤੇ ਗਏ ਹਨ ਤਾਂ ਉਹ ਪੰਜਾਬ ਸਰਕਾਰ ਨੇ ਦਿੱਤੇ ਹਨ, ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਦਿੱਤੇ ਹਨ। ਅੱਜ ਸਹੀ ਮਾਅਨਿਆਂ ਵਿੱਚ ਜੇਕਰ ਦੇਖਿਆ ਜਾਵੇ, ਮੈਂ ਪਵਿੱਤਰ ਸਦਨ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਦਲਿਤਾਂ ਦੀ ਗੱਲ ਕੋਈ ਸੁਣਦਾ ਹੈ ਤਾਂ ਉਹ ਪਰਕਾਸ਼ ਸਿੰਘ ਬਾਦਲ ਸੁਣਦੇ ਹਨ ਪਰ ਇਨ੍ਹਾਂ ਲੋਕਾਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਨੇ ਕੱਲ੍ਹ ਦਲਿਤਾਂ ਦਾ ਘਾਣ ਕਰ ਦਿੱਤਾ। ਇਹ ਦਲਿਤਾਂ ਦੀ ਗੱਲ ਕਰਦੇ ਹਨ, ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਅੱਜ ਜੋ ਮਤਾ ਇੱਥੇ ਪੇਸ਼ ਕੀਤਾ ਗਿਆ ਹੈ, ਮੈਂ ਉਸ ਦੀ ਪ੍ਰਸ਼ੰਸਾ ਕਰਦੀ ਹਾਂ....

**ਮਾਨਯੋਗ ਸਪੀਕਰ :** ਥੈਂਕ ਯੂ, ਤੁਸੀਂ ਬੈਠੋ ਜੀ।

**ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਤੇ ਖੋਜ :** ਜੋ ਕੰਮ ਇਨ੍ਹਾਂ ਲੋਕਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਕੀਤਾ ਹੈ ਮੈਂ ਉਸ ਦੀ ਨਿਖੇਧੀ ਕਰਦੀ ਹਾਂ।

ਇਨ੍ਹਾਂ ਦੀ ਰੱਜ ਕੇ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਉਹ ਥੋੜ੍ਹੀ ਹੈ। ਮੈਂ ਇਹ ਜ਼ਰੂਰ ਅਖ਼ੀਰ ਵਿੱਚ ਇਹ ਕਹਿਣਾ ਚਾਹੁੰਦੀ ਹਾਂ ਕਿਉਂਕਿ ਮੈਨੂੰ ਇਸ ਗੱਲ ਦਾ ਦੁੱਖ ਲੱਗਿਆ ਹੈ ਕਿ ਅਗਰ ਕਿਸੇ ਦੀ ਮਾਂ ਦੇਖ ਰਹੀ ਹੋਵੇ ਕਿਉਂਕਿ ਸ਼ਰ੍ਹੇਆਮ ਦਿਖ ਰਿਹਾ ਹੈ ਕਿ ਇੱਕ ਪਾਸਿਉਂ ਇਕ ਤੇ ਦੂਜੇ ਪਾਸਿਉਂ ਦੂਸਰਾ ਉਸ ਦੇ ਵਾਲ ਖਿੱਚ ਰਿਹਾ ਹੈ। ਤੁਸੀਂ ਵੀ ਦੇਖਿਆ ਹੋਵੇਗਾ। ਮੀਡੀਏ ਨੇ ਸਾਰਾ ਕੁਝ ਦਿਖਾ ਦਿੱਤਾ, ਮੈਂ ਮੀਡੀਏ ਦਾ ਧੰਨਵਾਦ ਕਰਦੀ ਹਾਂ, ਮੈਂ ਸਾਰੇ ਚੈਨਲਾਂ ਦੇ ਇਲੈਕਟ੍ਰੋਨਿਕ ਮੀਡੀਏ ਦਾ ਧੰਨਵਾਦ ਕਰਦੀ ਹਾਂ। ਇਕ ਪਾਸਿਉਂ ਰਾਣਾ ਸੋਢੀ ਵਾਲ ਖਿੱਚ ਰਹੇ ਹਨ ਅਤੇ ਦੂਜੇ ਪਾਸਿਉਂ ਦੂਜਾ ਵਾਲ ਖਿੱਚ ਰਿਹਾ ਹੈ। ਮੈਨੂੰ ਇਸ ਗੱਲ ਦਾ ਬਹੁਤ ਅਫ਼ਸੋਸ ਹੈ। ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦੀ ਹਾਂ, ਸਪੀਕਰ ਸਾਹਿਬ, ਮੈਂ ਦੁਬਾਰਾ ਫੇਰ ਇਹ ਕਹਾਂਗੀ ਕਿ ਇਨ੍ਹਾਂ ਤੇ ਸਖ਼ਤ ਤੋਂ ਸਖ਼ਤ ਐਕਸ਼ਨ ਲਿਆ ਜਾਵੇ। ਧੰਨਵਾਦ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼)** : ਸਪੀਕਰ ਸਾਹਿਬ, ਕੱਲ੍ਹ ਇਸ ਪਵਿੱਤਰ ਸਦਨ ਵਿੱਚ ਜੋ ਨਿੰਦਣਯੋਗ ਅਤੇ ਅਫ਼ਸੋਸਨਾਕ ਘਟਨਾ ਹੋਈ ਹੈ ਉਸ ਨਾਲ ਜਿੱਥੇ ਲੋਕਤੰਤਰ ਸ਼ਰਮਸਾਰ ਹੋਇਆ ਹੈ ਉਸ ਨਾਲ ਸਾਰਾ ਪੰਜਾਬ, ਸਾਰੇ ਦੇਸ਼ ਅਤੇ ਸਾਰੀ ਦੁਨੀਆਂ ਦਾ ਇਸ ਘਟਨਾ ਵੱਲ ਧਿਆਨ ਕੇਂਦਰਿਤ ਹੋਇਆ ਹੈ। ਜਿਸ ਤਰ੍ਹਾਂ ਅਖ਼ਬਾਰਾਂ ਰਾਹੀਂ ਇਸ ਸਾਰੀ ਘਟਨਾ ਬਾਰੇ ਲਿਖਿਆ ਗਿਆ ਹੈ, ਜੋ ਟੀ.ਵੀ. ਤੇ ਦਿਖਾਇਆ ਗਿਆ ਹੈ ਉਸ ਨਾਲ ਅਸੀਂ ਸਾਰੇ ਸ਼ਰਮਸਾਰ ਹੋਏ ਹਾਂ ਕਿਉਂਕਿ ਇਹ ਸਦਨ ਪਵਿੱਤਰ ਹੈ ਜਿੱਥੇ ਸਾਨੂੰ ਲੋਕਾਂ ਰਾਹੀਂ ਚੁਣ ਕੇ ਭੇਜਿਆ ਜਾਂਦਾ ਹੈ। ਉਸ ਬਾਰੇ ਉਹ ਲੋਕ ਕੀ ਸੋਚਦੇ ਹੋਣਗੇ ਕਿ ਜਿਨ੍ਹਾਂ ਨੂੰ ਅਸੀਂ ਚੁਣ ਕੇ ਭੇਜਿਆ ਹੈ ਉਹ ਇੱਥੇ ਪਵਿੱਤਰ ਸਦਨ ਵਿੱਚ ਕਿਸ ਤਰ੍ਹਾਂ ਦਾ ਵਰਤਾਓ ਕਰਦੇ ਹਨ, ਕਿਸ ਤਰ੍ਹਾਂ ** ** ਮਾਰ ਕੇ ਸਪੀਕਰ ਦੀ ਕੁਰਸੀ ਤੇ ਚੜ੍ਹਨ ਦਾ ਯਤਨ ਕਰਦੇ ਹਨ। ਕਿਵੇਂ ਸਪੀਕਰ ਸਾਹਿਬ ਦੀ ਕੁਰਸੀ ਤੇ ਆ ਕੇ ਉਹ ਲੋਕ ਬੈਠਦੇ ਹਨ। ਜਿੱਥੇ ਉਨ੍ਹਾਂ ਨੂੰ ਆਪਣੇ ਫੈਸਲੇ ਤੇ ਅਫ਼ਸੋਸ ਹੁੰਦਾ ਹੋਵੇਗਾ, ਮੈਂ ਸਮਝਦਾ ਹਾਂ ਕਿ ਲੋਕ ਸ਼ਰਮਸਾਰ ਵੀ ਹੁੰਦੇ ਹੋਣਗੇ ਕਿ ਸਾਡੇ ਨੁਮਾਇੰਦੇ ਕਿਸ ਤਰ੍ਹਾਂ ਦਾ ਵਰਤਾਓ ਇਸ ਸਦਨ ਵਿੱਚ ਕਰਦੇ ਹਨ। ਇਸ ਸਦਨ ਦਾ ਗੌਰਵਮਈ ਇਤਿਹਾਸ ਹੈ ਜਿੱਥੇ ਬਹੁਤ ਚੰਗੀਆਂ ਪਰੰਪਰਾਵਾਂ ਰਹੀਆਂ ਹਨ। ਜਿੱਥੇ ਪੰਜਾਬ ਹਮੇਸ਼ਾਂ ਇਸ ਗੱਲ ਦਾ ਫ਼ਖ਼ਰ ਕਰਦਾ ਹੈ ਕਿ ਇੱਥੇ ਚੋਣਾਂ ਬਹੁਤ ਹੀ ਫੇਅਰ ਐਂਡ ਫਰੀ ਤਰੀਕੇ ਨਾਲ ਹੁੰਦੀਆਂ ਹਨ ਪਰ ਜਦੋਂ ਚੁਣੇ ਹੋਏ ਲੋਕ ਇਸ ਤਰ੍ਹਾਂ ਦਾ ਭੂਹੜ ਬਿਹੇਵੀਅਰ ਇਸ ਸਦਨ ਵਿੱਚ ਕਰਨਗੇ ਇਸ ਨਾਲ ਲੋਕਤੰਤਰ ਦਾ ਪੱਧਰ ਨੀਂਵਾ ਹੁੰਦਾ ਹੈ।

**ਮਾਨਯੋਗ ਸਪੀਕਰ** : ਜਿਹੜਾ ** ਲਫ਼ਜ਼ ਆਇਆ ਹੈ ਇਸ ਨੂੰ ਐਕਸਪੰਜ

**Expunged as ordered by the Chair.

[ਮਾਨਯੋਗ ਸਪੀਕਰ]

ਕਰ ਦਿੱਤਾ ਜਾਵੇ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ** : ਮੈਂ ਬੇਨਤੀ ਕਰਾਂਗਾ ਕਿ ਜਿਸ ਲੜਕੀ ਨੂੰ ਇਸ ਸਦਨ ਵਿੱਚ ਮਾਨਯੋਗ ਆਪੋਜ਼ੀਸ਼ਨ ਦੇ ਲੀਡਰ ਵੱਲੋਂ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਉਸ ਲੜਕੀ ਨਾਲ ਜੋ ਵੀ ਘਟਨਾ ਹੋਈ ਹੈ ਉਸ ਨੂੰ ਦੁਨੀਆਂ ਜਾਣਦੀ ਹੈ, ਹਿੰਦੁਸਤਾਨ ਜਾਣਦਾ ਹੈ, ਪੰਜਾਬ ਜਾਣਦਾ ਹੈ। ਉਸ ਵਾਸਤੇ ਜੋ ਐਕਸ਼ਨ ਬਣਦਾ ਸੀ ਉਹ ਹੋਮ ਮਨਿਸਟਰ, ਡਿਪਟੀ ਚੀਫ਼ ਮਨਿਸਟਰ ਨੇ ਲਿਆ ਹੈ। ਪੁਲਿਸ ਵਾਲੇ ਕਰਮਚਾਰੀਆਂ ਨੂੰ ਸਸਪੈਂਡ ਵੀ ਕੀਤਾ, ਐਫ.ਆਈ.ਆਰ ਵੀ ਦਰਜ ਕੀਤੀ ਹੈ, ਉਨ੍ਹਾਂ ਨੂੰ ਅਰੈਸਟ ਵੀ ਕੀਤਾ। ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ? ਪਰੰਤੂ ਇੱਥੇ ਉਸ ਲੜਕੀ ਨੂੰ ਲਿਆ ਕੇ ਇਸ ਤਰ੍ਹਾਂ ਦਾ ਬਿਹੇਵੀਅਰ ਕਰਨਾ, ਸ਼ਡਿਊਲਡ ਕਾਸਟ ਨੂੰ ਹਰ ਗੱਲ ਦਾ ਮੁੱਦਾ ਬਣਾ ਦੇਣਾ, ਇਹ ਸ਼ਡਿਊਲਡ ਕਾਸਟਾਂ ਨਾਲ ਧੱਕਾ ਹੈ। ਮੈਂ ਸਮਝਦਾ ਹਾਂ ਕਿ ਸ਼ਡਿਊਲਡ ਕਾਸਟ ਨੂੰ ਹਥਿਆਰ ਬਣਾ ਕੇ ਵਰਤਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਦੋਂ ਇੱਥੇ ਨਾਅਰੇ ਲਗਾਏ ਗਏ ਕਿ ** ** ਜਦੋਂ ਇੱਥੇ ਕਾਗਜ਼ ਚੁੱਕ ਕੇ ਵਗਾਹ ਕੇ ਮਾਰੇ ਗਏ, ਤੁਹਾਡੀ ਕੁਰਸੀ ਤੇ ਸਭਾਪਤੀ ਜੀ ਬੈਠੇ ਸਨ, ਉਨ੍ਹਾਂ ਦਾ ਅਪਮਾਨ ਕਰਨਾ ਸਭ ਤੋਂ ਵੱਡੀ ਨਿੰਦਣਯੋਗ ਗੱਲ ਹੈ। ਮੇਰੀ ਬੇਨਤੀ ਹੈ ਕਿ ਸਪੀਕਰ ਦੀ ਕੁਰਸੀ ਸੰਵਿਧਾਨ ਮੁਤਾਬਿਕ ਹੁੰਦੀ ਹੈ ਤੇ ਇਹ ਕਦੇ ਖਾਲੀ ਨਹੀਂ ਹੋ ਸਕਦੀ। ਇਸ ਤੇ ਆ ਕੇ ਕਿਸੇ ਦਾ ਬੈਠਣਾ, ਸਭ ਤੋਂ ਨਿੰਦਣਯੋਗ ਘਟਨਾ ਕਹੀ ਜਾ ਸਕਦੀ ਹੈ। ਇਹ ਸਾਡੇ ਸਕੱਤਰ ਸਾਹਿਬ ਸ਼੍ਰੀ ਵੇਦ ਪ੍ਰਕਾਸ਼ ਜੀ ਬੈਠੇ ਹਨ, ਉਨ੍ਹਾਂ ਨਾਲ ਕਿਸ ਤਰ੍ਹਾਂ ਬਿਹੇਵ ਕੀਤਾ, ਕਿਸ ਤਰ੍ਹਾਂ ਉਨ੍ਹਾਂ ਤੇ ਕਾਗਜ਼ ਸੁੱਟੇ ਹਨ, ਕਿਸ ਤਰ੍ਹਾਂ ਇਨ੍ਹਾਂ ਦੀ ਕੁਰਸੀ ਤੇ ਉਹ ਆਏ, ਇਹ ਸਭ ਤੋਂ ਹੀ ਨਿੰਦਣਯੋਗ ਤੇ ਮਾੜੀਆਂ ਘਟਨਾਵਾਂ ਹਨ। ਮੇਰੀ ਬੇਨਤੀ ਹੈ ਕਿ ਸਾਨੂੰ ਇਸ ਦੇ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਆਪੋਜ਼ੀਸ਼ਨ ਦੇ ਲੀਡਰ ਜਦੋਂ ਇੱਥੇ ਪਿਛਲੇ ਵਾਰੀ ਸੈਸ਼ਨ ਸ਼ੁਰੂ ਹੋਇਆ ਸੀ ਤਾਂ ਉਹ ਬੜੇ ਫ਼ਖ਼ਰ ਨਾਲ ਕਹਿੰਦੇ ਸੀ ਕਿ ਮੈਂ ਐਸੇ ਨੇਤਾ ਦਾ ਬੇਟਾ ਹਾਂ ਜਿਨ੍ਹਾਂ ਦੀ ਲੋਕਤੰਤਰ ਵਿੱਚ ਉਸਾਰੂ ਕੰਮਾਂ ਲਈ ਬਹੁਤ ਵੱਡੀ ਦੇਣ ਹੈ। ਉਨ੍ਹਾਂ ਦੇ ਪਿਤਾ ਜੀ ਤਾਂ ਸਪੀਕਰ ਵੀ ਰਹੇ ਹਨ ਪਰੰਤੂ ਉਹ ਆਪ ਇਸ ਤਰ੍ਹਾਂ ਸਪੀਕਰ ਦੀ ਕੁਰਸੀ ਨੂੰ ਅਪਮਾਨਿਤ ਕਰਨ, ਇਹ ਸਭ ਤੋਂ ਵੱਧ ਨਿੰਦਣਯੋਗ ਗੱਲ ਹੈ। ਉਨ੍ਹਾਂ ਦੀ ਮਾਨਸਿਕਤਾ ਅਪਰਾਧਿਕ ਮਾਨਸਿਕਤਾ ਕਹੀ ਜਾ ਸਕਦੀ ਹੈ, ਉਦਾਸ ਮਾਨਸਿਕਤਾ ਕਹੀ ਜਾ ਸਕਦੀ ਹੈ। ਉਸ ਦੇ ਘਟੀਆਪਣ ਦਾ ਇਸ ਤੋਂ ਵੱਡਾ ਸਬੂਤ ਹੋਰ ਕੋਈ ਹੋ ਨਹੀਂ ਸਕਦਾ। ਇਹ ਸਿਰਫ ਐਸ.ਸੀਜ਼ ਤੇ ਅਨੁਸੂਚਿਤ ਜਾਤੀ ਵਰਗਾਂ ਦੇ ਨਾਂ ਤੇ ਤਮਾਸ਼ਾ ਕਰਦੇ ਹਨ ਪਰੰਤੂ ਚੰਗਾ ਹੁੰਦਾ ਜੇ ਅਸੀਂ ਇੱਥੇ ਅਨੁਸੂਚਿਤ ਜਾਤੀ ਵਰਗ ਦੀਆਂ ਮੰਗਾਂ ਪ੍ਰਤੀ

**Expunged as ordered by the Chair.

ਕੋਈ ਗੱਲ ਕਰਦੇ। ਜੇ ਕਹਿੰਦੇ ਕਿ ਸਪੈਸ਼ਲ ਕੰਪੋਨੈਂਟ ਪਲਾਨ ਲਾਗੂ ਕਰੋ ਅਤੇ ਇੱਥੇ ਐਸ.ਸੀਜ਼ ਲਈ ਬਜਟ ਵਧਾਉ ਅਤੇ ਉਨ੍ਹਾਂ ਲਈ ਹੋਰ ਸਹੂਲਤਾਂ ਦਿਉ, ਨਹੀਂ, ਉਹ ਸਿਰਫ ਤੇ ਸਿਰਫ ਐਸ.ਸੀਜ਼ ਦਾ ਨਾਮ ਵਰਤਦੇ ਹਨ, ਸਿਵਾਏ ਤਮਾਸ਼ਾ ਕਰਨ ਦੇ ਹੋਰ ਕੋਈ ਗੱਲ ਕਹਿਣ ਨੂੰ ਉਨ੍ਹਾਂ ਕੋਲ ਹੈ ਨਹੀਂ। ਮੇਰੀ ਬੇਨਤੀ ਹੈ ਕਿ ਜਦੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ, ਇਨ੍ਹਾਂ ਦੇ ਵਿਰੁੱਧ ਸਾਨੂੰ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਵੀ ਬਣਦੀ ਹੈ। ਇਤਿਹਾਸ ਲਿਖਿਆ ਜਾ ਸਕਦਾ ਹੈ, ਅੱਜ ਜੋ ਕੁਝ ਹੋਇਆ, ਕੱਲ੍ਹ ਜੋ ਕੁਝ ਹੋਇਆ ਔਰ ਅੱਗੋਂ ਜੋ ਉਨ੍ਹਾਂ ਦੇ ਖਿਲਾਫ਼ ਕਾਰਵਾਈ ਹੋਣੀ ਹੈ, ਇਹ ਵੀ ਇਤਿਹਾਸ ਲਿਖਿਆ ਜਾਣਾ ਹੈ। ਸਪੀਕਰ ਸਾਹਿਬ, ਇਹ ਤੁਹਾਡੀ ਗਰਿਮਾ ਤੇ ਇੱਜ਼ਤ ਦਾ ਸਵਾਲ ਹੈ। ਸਾਰੇ ਸਦਨ ਦੀ ਇੱਜ਼ਤ ਦਾ ਸਵਾਲ ਹੈ। ਮੇਰੀ ਬੇਨਤੀ ਹੈ ਕਿ ਜਿਹੜੇ ਇਸ ਤਰ੍ਹਾਂ ਦਾ ਬਿਹੇਵ ਕਰਦੇ ਹਨ, ਜਿਹੜੇ ਛਾਲਾਂ ਮਾਰ ਕੇ ਸਪੀਕਰ ਸਾਹਿਬ ਦੀ ਕੁਰਸੀ ਤੇ ਚੜ੍ਹਨ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ ਤਾਂ ਕਿ ਇਹ ਲੋਕਾਂ ਦੀ ਗੱਲ ਕਰਨੀ ਸਿੱਖ ਜਾਣ। ਆਮ ਸਿਆਸਤਦਾਨਾਂ, ਐਮ.ਐਲ.ਏਜ਼ ਤੇ ਐਮ.ਪੀਜ਼ ਬਾਰੇ ਲੋਕਾਂ ਦਾ ਜਿਹੜਾ ਵਰਤਾਅ ਹੈ, ਲੋਕਾਂ ਦੀ ਜਿਹੜੀ ਸੋਚ ਹੈ ਸਿਆਸਤਦਾਨਾਂ ਬਾਰੇ, ਉਹ ਬਹੁਤੀ ਚੰਗੀ ਨਹੀਂ ਹੈ। ਉਹ ਇਸੇ ਕਰਕੇ ਹੈ, ਜਦੋਂ ਇਸ ਤਰ੍ਹਾਂ ਦੇ ਘਟੀਆ ਸਿਆਸਤਦਾਨ ਆਪਣੀ ਗੱਲ ਕਹਿਣ ਲਈ ਇਹ ਢੰਗ ਵਰਤਦੇ ਹਨ। ਇਸ ਦੇ ਨਾਲ ਹੀ ਸਾਡੀ ਛਵੀ ਸਾਰੇ ਲੋਕਾਂ ਵਿੱਚ ਖਰਾਬ ਹੁੰਦੀ ਹੈ। ਮੇਰੀ ਬੇਨਤੀ ਹੈ ਕਿ ਜਿਹੜਾ ਇਹ ਘਟਨਾਕ੍ਰਮ ਵਾਪਰਿਆ ਹੈ, ਉਸ ਦੀ ਵੱਧ ਤੋਂ ਵੱਧ ਨਿੰਦਿਆ ਤਾਂ ਕਰੀਏ ਪਰੰਤੂ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਤੁਸੀਂ ਇਸ ਕੁਰਸੀ ਦੇ ਮਾਲਕ ਹੋ, ਤੁਸੀਂ ਸਾਰਿਆਂ ਦੀ ਰਾਖੀ ਕਰਨ ਵਾਲੇ ਹੋ, ਇਹ ਵਾਚ ਐਂਡ ਵਾਰਡ ਦੇ ਸਟਾਫ ਸਾਡੀ ਰਾਖੀ ਕਰਨ ਵਾਲੇ ਹਨ, ਜਦੋਂ ਅਸੀਂ ਹੀ ਇਨ੍ਹਾਂ ਦੇ ਗਲ੍ਹ ਪੈਣ ਲੱਗ ਜਾਈਏ ਅਤੇ ਇਨ੍ਹਾਂ ਨੂੰ ਕੁੱਟਣ ਲੱਗ ਜਾਈਏ ਤਾਂ ਇਨ੍ਹਾਂ ਦੀ ਰਾਖੀ ਕੌਣ ਕਰੇਗਾ? ਇਹ ਬਹੁਤ ਗੰਭੀਰ ਮਸਲਾ ਹੈ ਤੇ ਨਿੰਦਣਯੋਗ ਮਸਲਾ ਹੈ। ਮੇਰੀ ਬੇਨਤੀ ਹੈ ਕਿ ਇਸ ਦੇ ਵਿੱਚ ਢਿੱਲ ਨਾ ਕੀਤੀ ਜਾਵੇ, ਜਦੋਂ ਤੱਕ ਤੁਸੀਂ ਸਪੀਕਰ ਸਾਹਿਬ, ਸਖ਼ਤ ਕਾਰਵਾਈ ਨਹੀਂ ਕਰੋਗੇ, ਇਸ ਤਰ੍ਹਾਂ ਦੀਆਂ ਘਟਨਾਵਾਂ ਇੱਥੇ ਹੁੰਦੀਆਂ ਰਹਿਣਗੀਆਂ। ਇਨ੍ਹਾਂ ਲੋਕਾਂ ਨੂੰ ਇਕ ਸਬਕ ਸਿਖਾਉਣ ਦੀ ਗੱਲ ਹੈ, ਕੋਈ ਵੀ ਕਰੇ, ਕਿਸੇ ਦਾ ਕੀ ਅਧਿਕਾਰ ਹੈ, ਕਿਸੇ ਨੂੰ ਇੱਥੇ ਸਪੀਕਰ ਸਾਹਿਬ ਦੇ ਸਾਹਮਣੇ ਅੱਖ ਚੁੱਕ ਕੇ ਵੀ ਗੱਲ ਨਹੀਂ ਕਰਨੀ ਚਾਹੀਦੀ। ਇੱਥੇ ਤਾਂ ਜਾ ਕੇ ਸਪੀਕਰ ਸਾਹਿਬ ਦੀ ਕੁਰਸੀ ਤੇ ਹੀ ਬੈਠ ਗਏ, ਇਸ ਤੋਂ ਵੱਧ ਸ਼ਰਮ ਵਾਲੀ ਹੋਰ ਕਿਹੜੀ ਗੱਲ ਹੋ ਸਕਦੀ ਹੈ? ਮੇਰੀ ਬੇਨਤੀ ਹੈ ਕਿ ਪਾਰਲੀਮੈਂਟਰੀ ਮੰਤਰੀ ਸਾਹਿਬ ਨੇ ਜਿਹੜਾ ਨਿੰਦਾ ਪ੍ਰਸਤਾਵ ਲਿਆਂਦਾ ਹੈ, ਮੈਂ ਸਮਝਦਾ ਹਾਂ ਕਿ ਅਜਿਹੀਆਂ ਨਿੰਦਣਯੋਗ ਘਟਨਾਵਾਂ ਦੀ ਵੱਧ ਤੋਂ ਵੱਧ ਨਿੰਦਾ ਕਰਨੀ ਚਾਹੀਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਦੀ

**[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]**

ਕਲਪਰਿਟਸ ਭਾਵ ਕਿ ਅਪਰਾਧਿਕ ਮਾਨਸਿਕਤਾ ਜੋ ਹੈ, ਜਿਹੜੀ ਉਦਾਸ ਮਾਨਸਿਕਤਾ ਹੈ, ਉਸ ਦੇ ਵਿਰੁੱਧ ਜੋ ਆਪੋਜ਼ੀਸ਼ਨ ਦੇ ਲੀਡਰ ਹਨ ਔਰ ਜਿਹੜੇ ਉਨ੍ਹਾਂ ਦੇ ਨਾਲ ਸਾਥੀ ਹਨ, ਉਨ੍ਹਾਂ ਨੇ ਰਲ਼ ਕੇ ਜਿਹੜਾ ਇਹ ਕੰਮ ਕੀਤਾ ਹੈ, ਸਪੀਕਰ ਸਾਹਿਬ, ਇਹ ਐਵੇਂ ਹੀ ਨਹੀਂ ਹੋਇਆ। ਇਹ ਪਹਿਲਾਂ ਹੀ ਮਿੱਥਿਆ ਹੋਇਆ ਸੀ। ਮੁੱਖ ਮੰਤਰੀ ਸਾਹਿਬ ਨੇ ਕੱਲ੍ਹ ਉਠ ਕੇ ਕਿਹਾ ਸੀ ਕਿ ਤੁਹਾਡੇ ਚੈਂਬਰ ਵਿੱਚ ਬਹੁਤ ਵਧੀਆ ਮਾਹੌਲ ਵਿੱਚ ਬੈਠ ਕੇ ਮੀਟਿੰਗ ਵਿੱਚ ਸਾਡਾ ਮਸਲਾ ਹੱਲ ਹੋ ਗਿਆ ਹੈ। ਜੋਸ਼ੀ ਜੀ ਕਹਿ ਰਹੇ ਸਨ ਕਿ ਟੀਕਾ ਪਿੱਛੋਂ ਲੱਗਿਆ ਹੈ। ਉਸ ਟੀਕੇ ਦਾ ਇਹ ਅਸਰ ਹੈ। ਜਿਵੇਂ ਕਿ ਕਹਾਵਤ ਹੈ, ਚੁੱਕੀ ਹੋਈ ਲੰਬੜਾਂ ਦੀ, ਥਾਣੇਦਾਰ ਦੇ ਬਰਾਬਰ ਬੋਲੇ। ਇਹ ਪਿਛੋਂ ਚੁੱਕੇ ਚੁਕਾਏ ਆ ਕੇ ਬੋਲਣ ਲੱਗੇ ਹਨ। ਇਕ ਗਾਣਾ ਵੀ ਹੈ, ** ** ਇਨ੍ਹਾਂ ਵਿੱਚ ਕੋਈ ਹੋਰ ਬੋਲਦਾ ਹੈ। ਇਸ ਕਰਕੇ ਇਨ੍ਹਾਂ ਨੂੰ ਨੱਥ ਪਾਉਣੀ ਜ਼ਰੂਰੀ ਹੈ। ਜੇ ਨੱਥ ਨਾ ਪਾਈ ਤਾਂ ਇਨ੍ਹਾਂ ਨੇ ਮਾਹੌਲ ਹੋਰ ਖਰਾਬ ਕਰਨਾ ਹੈ। ਧੰਨਵਾਦ ਜੀ।

**ਮਾਨਯੋਗ ਸਪੀਕਰ** : ਜੋ ਉਨ੍ਹਾਂ ਨੇ ਗਾਣੇ ਵਾਲੀ ਗੱਲ ਕਹੀ ਹੈ, ਉਹ ਅਨਡਿਜ਼ਾਇਰੇਬਲ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ। ਹਾਂ ਜੀ, ਸ਼੍ਰੀ ਪ੍ਰਕਾਸ਼ ਚੰਦ ਗਰਗ ਜੀ।

**ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ (ਸ਼੍ਰੀ ਪ੍ਰਕਾਸ਼ ਚੰਦ ਗਰਗ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਸਦਨ ਵਿੱਚ ਕੱਲ੍ਹ ਵਾਪਰੀ ਘਟਨਾ ਤੇ ਜਿੱਥੇ ਅਫਸੋਸ ਦਾ ਪ੍ਰਗਟਾਵਾ ਕਰਦਾ ਹਾਂ, ਉਥੇ ਇਸ ਗੱਲ ਦਾ ਬਹੁਤ ਵੱਡਾ ਦੁੱਖ ਹੈ ਕਿ ਪੰਜਾਬ ਵਿਧਾਨ ਸਭਾ ਦਾ ਜੋ ਇਤਿਹਾਸ ਹੈ, ਕੱਲ੍ਹ ਉਸ ਨੂੰ ਸਾਡੇ ਆਪੋਜ਼ੀਸ਼ਨ ਬੈਂਚਿਜ਼ ਤੇ ਬੈਠਣ ਵਾਲੇ ਸਾਥੀਆਂ ਨੇ ਕਲੰਕਿਤ ਕੀਤਾ ਹੈ। ਜੋ ਕੁਝ ਵੀ ਕੱਲ੍ਹ ਵਿਧਾਨ ਸਭਾ ਵਿੱਚ ਵਾਪਰਿਆ ਹੈ, ਉਸ ਦੇ ਨਾਲ ਸਮੁੱਚੇ ਪੰਜਾਬ ਦੇ ਅਕਸ ਨੂੰ ਸਾਰੀ ਦੁਨੀਆਂ ਦੇ ਵਿੱਚ ਨੀਵਾਂ ਕੀਤਾ ਗਿਆ ਹੈ। ਇਸ ਗੱਲ ਤੋਂ ਹੀ ਅਸੀਂ ਸ਼ਰਮਸਾਰ ਹੋਏ ਜਦੋਂ ਉਹ ਆਪਣੀਆਂ ਆਪਹੁਦਰੀਆਂ ਨੂੰ ਸਿਖਰ ਤੇ ਲੈ ਕੇ ਗਏ। ਪਹਿਲਾਂ ਤਾਂ ਤੁਸੀਂ ਸਦਨ ਦੇ ਚੇਅਰਮੈਨ ਹੋ, ਤੁਹਾਡਾ ਸਤਿਕਾਰ ਕਰਨਾ ਹਰ ਮੈਂਬਰ ਦਾ ਫਰਜ਼ ਬਣਦਾ ਹੈ। ਤੁਹਾਡੇ ਖਿਲਾਫ ਕੇਵਲ ** ** ਦੇ ਨਾਅਰੇ ਨਹੀਂ ਲਗਾਏ ਬਲਕਿ ਤੁਹਾਡੀ ਚੇਅਰ ਦੀ ਇੱਜ਼ਤ ਦੇ ਖਿਲਾਫ ਜੋ ਕੁਝ ਉਨ੍ਹਾਂ ਨੇ ਕੀਤਾ ਉਹ ਬਹੁਤ ਹੀ ਨਿੰਦਿਆ ਦਾ ਵਿਸ਼ਾ ਹੈ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਕਿਸੇ ਵੀ ਚੁਣੇ ਹੋਏ ਨੁਮਾਇੰਦੇ ਲਈ ਇਸ ਤੋਂ ਵੱਡੀ ਸ਼ਰਮ ਵਾਲੀ ਗੱਲ ਨਹੀਂ ਹੋ ਸਕਦੀ ਕਿ ਉਹ ਸਦਨ ਦੇ ਚੇਅਰਮੈਨ ਦੇ ਰੁਤਬੇ ਨੂੰ ਇਸ ਢੰਗ ਨਾਲ ਪੇਸ਼ ਆਵੇ। ਉਦੋਂ ਤਾਂ ਹੱਦ ਹੋ ਗਈ ਜਦੋਂ ਉਨ੍ਹਾਂ ਸਾਥੀਆਂ ਨੇ ਤੁਹਾਡੀ ਚੇਅਰ ਉੱਤੇ ਜਾ ਕੇ ਕਬਜ਼ਾ ਵੀ ਕੀਤਾ

**Expunged as ordered by the Chair.

ਔਰ ਤੁਹਾਡੀ ਚੇਅਰ ਤੇ ਕਬਜ਼ਾ ਕਰਕੇ ਜੋ ਅਪਸ਼ਬਦ ਚੇਅਰ ਤੇ ਬੈਠ ਕੇ ਉਨ੍ਹਾਂ ਨੇ ਸਮੁੱਚੇ ਸਦਨ ਦੇ ਮੈਂਬਰਾਂ ਲਈ ਬੋਲੇ। ਉਹ ਮੇਰਾ ਖਿਆਲ ਹੈ ਕਿ ਇਤਿਹਾਸ ਦਾ ਸਭ ਤੋਂ ਕਾਲਾ ਦਿਨ ਸੀ। ਜਿਥੋਂ ਤੱਕ ਦਲਿਤਾਂ ਦੇ ਹੇਜ ਦਾ ਸਵਾਲ ਹੈ ਇਹ ਤਾਂ ਸਾਰੇ ਪੰਜਾਬ ਦੇ ਦਲਿਤ ਵੀ ਜਾਣਦੇ ਹਨ ਕਿ ਕਾਂਗਰਸ ਪਾਰਟੀ ਨੇ ਕਦੇ ਵੀ ਦਲਿਤਾਂ ਦੇ ਹੱਕ ਵਿੱਚ ਜਾਂ ਉਨ੍ਹਾਂ ਦੇ ਫਾਇਦੇ ਲਈ ਕੋਈ ਕੰਮ ਨਹੀਂ ਕੀਤਾ ਬਲਕਿ ਉਨ੍ਹਾਂ ਦਾ ਸ਼ੋਸ਼ਣ ਕੀਤਾ। ਇਸ ਗੱਲ ਦਾ ਵੀ ਬਹੁਤ ਵੱਡਾ ਅਫਸੋਸ ਹੈ ਕਿ ਕੇਵਲ ਉਨ੍ਹਾਂ ਦੇ ਸਾਥੀਆਂ ਨੇ ਹੀ ਨਹੀਂ ਬਲਕਿ ਲੀਡਰ ਆਫ਼ ਦਿ ਆਪੋਜ਼ੀਸ਼ਨ ਦਾ ਜਿਹੜਾ ਰੋਲ ਸੀ ਉਹ ਬਹੁਤ ਹੀ ਜ਼ਿਆਦਾ ਦੁਖਦਾਈ ਸੀ ਕਿ ਆਪ ਵੀ ਬਾਹਾਂ ਉਲਾਰ ਕੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ, ਉਨ੍ਹਾਂ ਨੂੰ ਇਸ ਹੱਦ ਤੱਕ ਉਕਸਾਉਣਾ ਕਿ ਉਹ ਸਦਨ ਦੀ ਮਰਿਆਦਾ ਭੰਗ ਕਰਨ। ਸਪੀਕਰ ਸਾਹਿਬ ਦੀ ਕੁਰਸੀ ਤੇ ਜਾ ਕੇ ਜਿਸ ਤਰ੍ਹਾਂ ਦੀ ਅਨ-ਪਾਰਲੀਮੈਂਟਰੀ ਭਾਸ਼ਾ ਉਨ੍ਹਾਂ ਨੇ ਬੋਲੀ ਹੈ, ਔਰ ਜਿਸ ਤਰ੍ਹਾਂ ਦਾ ਉਨ੍ਹਾਂ ਨੇ ਸਲੂਕ ਕੀਤਾ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਜਿਹੜੀ ਸਜ਼ਾ ਹੈ, ਉਹ ਬਹੁਤ ਹੀ ਘੱਟ ਹੈ। ਇਸ ਲਈ ਉਨ੍ਹਾਂ ਮੈਂਬਰਾਂ ਨੂੰ, ਜਿਨ੍ਹਾਂ ਨੇ ਇਸ ਸਦਨ ਦੀ ਮਰਿਆਦਾ ਨੂੰ ਭੰਗ ਕੀਤਾ, ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਮੈਂ ਸੰਸਦੀ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ ਜੀ ਵੱਲੋਂ ਜੋ ਨਿੰਦਿਆ ਪ੍ਰਸਤਾਵ ਪੇਸ਼ ਕੀਤਾ ਹੈ, ਉਸ ਦੀ ਪ੍ਰੋੜ੍ਹਤਾ ਕਰਦਾ ਹਾਂ। ਮੈਂ ਇਸ ਗੱਲ ਲਈ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਦਨ ਦੀ ਮਰਿਆਦਾ ਨੂੰ ਆਉਣ ਵਾਲੇ ਸਮੇਂ ਵਿੱਚ ਕੋਈ ਭੰਗ ਨਾ ਕਰ ਸਕੇ। ਇਸ ਕਰਕੇ ਉਨ੍ਹਾਂ ਨੂੰ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਨਯੋਗ ਸਪੀਕਰ** : ਡਾਕਟਰ ਨਵਜੋਤ ਕੌਰ ਸਿੱਧੂ

**ਮੁੱਖ ਸੰਸਦੀ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ (ਡਾਕਟਰ ਨਵਜੋਤ ਕੌਰ ਸਿੱਧੂ)** : ਸਪੀਕਰ ਸਾਹਿਬ, ਮੈਂ ਇੰਨਾ ਹੀ ਕਹਿਣਾ ਚਾਹੁੰਦੀ ਹਾਂ ਕਿ ਸਾਡੇ ਵਿੱਚੋਂ ਕਈ ਅਜਿਹੇ ਹਨ ਜੋ ਪਹਿਲੀ ਵਾਰ ਚੁਣ ਕੇ ਆਏ ਹਨ, ਪ੍ਰੋਫੈਸ਼ਨਲ ਕਾਲਜ ਵਿੱਚੋਂ ਪ੍ਰੋਫੈਸ਼ਨਲ ਡਿਗਰੀਆਂ ਲੈ ਕੇ ਆਏ ਹਾਂ। ਸਾਡੇ ਲਈ ਇੱਥੇ ਬੈਠਣਾ ਬਹੁਤ ਇੰਪਾਰਟੈਂਟ ਹੈ ਤੇ ਮੈਨੂੰ ਇਹ ਲਗਦਾ ਹੈ ਕਿ ਇਕ-ਇਕ ਮਿੰਟ ਸਾਡੇ ਲਈ ਬਹੁਤ ਇੰਪਾਰਟੈਂਟ ਹੈ ਕਿਉਂਕਿ ਅਸੀਂ ਪੰਜਾਬ ਬਾਰੇ ਫ਼ਿਕਰਮੰਦ ਹਾਂ। ਅਸੀਂ 117 ਮੈਂਬਰ ਹੀ ਪੰਜਾਬ ਨੂੰ ਰਿਪਰੈਜ਼ੈਂਟ ਕਰਦੇ ਹਾਂ। ਸ਼ਾਇਦ ਸਾਨੂੰ ਆਪਣੀ ਇੰਪਾਰਟੈਂਸ ਪਤਾ ਚੱਲੀ ਤਾਂ ਹੀ ਅਸੀਂ ਦੁਬਾਰਾ ਸਰਕਾਰ ਵਿੱਚ ਹਾਂ। ਇਹ ਟਾਈਮ ਵੇਸਟ ਕਰਨ ਦਾ ਹੱਕ ਕਿਸੇ ਨੂੰ ਨਹੀਂ ਹੈ। ਅਸੀਂ ਪੰਜਾਬ ਦੇ ਲੋਕਾਂ ਨੂੰ ਆਂਸਰੇਬਲ ਹਾਂ। ਜੇ ਅਸੀਂ ਇਥੇ ਬੈਠ ਕੇ ਕੁਝ ਨਹੀਂ ਕਰ ਰਹੇ, ਪੰਜਾਬ ਦੇ ਲੋਕਾਂ ਬਾਰੇ ਨਹੀਂ ਸੋਚ ਰਹੇ ਤਾਂ ਬੈਟਰ ਹੈ ਕਿ ਆਪਣੀ ਕੰਸਟੀਚਿਊਐਂਸੀ ਵਿੱਚ ਬੈਠ ਕੇ ਅਸੀਂ ਕੋਈ

[ਮੁੱਖ ਸੰਸਦੀ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ]

ਕੰਮ ਕਰੀਏ। ਸਾਡੇ ਲਈ ਇਹ ਟਾਈਮ ਬਹੁਤ ਇੰਪਾਰਟੈਂਟ ਹੈ ਕਿਉਂਕਿ ਸਾਡੇ ਬਹੁਤ ਸਾਰੇ ਮੁੱਦੇ ਹਨ, ਅਜੇ ਪੰਜਾਬ ਨੂੰ ਅੱਗੇ ਲੈ ਕੇ ਜਾਣਾ ਹੈ ਤਾਂ ਮੈਨੂੰ ਲੱਗਦਾ ਹੈ ਕਿ ਇਹ ਟਾਈਮ ਬਹੁਤ ਹੀ ਇੰਪਾਰਟੈਂਟ ਸੀ, ਇਸ ਲਈ ਇਨ੍ਹਾਂ ਨੂੰ ਪੂਰੀ ਪਨਿਸ਼ਮੈਂਟ ਮਿਲਣੀ ਚਾਹੀਦੀ ਹੈ because as representatives of the people ਅਸੀਂ ਆਪਣੀ ਡਿਊਟੀ ਨਹੀਂ ਕਰ ਰਹੇ ਤਾਂ ਮੈਂ ਪੰਜਾਬ ਦੇ ਲੋਕ ਜਿਹੜੇ ਸਾਰੇ ਦੇਖ ਰਹੇ ਹਨ ਤੇ ਆਪਣਾ ਕੰਮ ਛੱਡ ਕੇ ਦੇਖਦੇ ਹਨ ਕਿ ਸੈਸ਼ਨ ਵਿੱਚ ਕੀ ਹੋ ਰਿਹਾ ਹੈ। ਕਿਹੜੀਆਂ ਇੰਪਾਰਟੈਂਟ ਗੱਲਾਂ ਇੱਥੇ ਡਿਸਕਸ ਹੋਣਗੀਆਂ। ਉਨ੍ਹਾਂ ਨੂੰ ਕਿਹੜੇ-ਕਿਹੜੇ ਬੈਨੀਫਿਟ ਮਿਲਣਗੇ। ਕਿਸੇ ਬੰਦੇ ਨੂੰ ਇਹ ਹੱਕ ਨਹੀਂ ਕਿ ਲੋਕਾਂ ਦਾ ਜਿਹੜਾ ਸਮਾਂ ਹੈ, ਲੋਕਾਂ ਲਈ ਜਿਹੜਾ ਡਿਸੀਜ਼ਨ ਦਾ ਸਮਾਂ ਹੈ, ਇੰਨਾਂ ਇੰਪਾਰਟੈਂਟ ਸਮਾਂ ਹੈ ਉਸ ਨੂੰ ਖਰਾਬ ਕੀਤਾ ਜਾਵੇ । ਇੰਜ ਕਰਕੇ ਜੇ ਇਨ੍ਹਾਂ ਨੇ ਹਾਊਸ ਨਹੀਂ ਚਲਾਉਣਾ ਤਾਂ ਪਹਿਲਾਂ ਹੀ ਰਿਪਰੈਜ਼ੈਂਟੇਸ਼ਨ ਦੇ ਦੇਣ ਕਿ ਇਹ ਇੰਪਾਰਟੈਂਟ ਮੁੱਦਿਆਂ ਵਿੱਚ ਅਸੀਂ ਹਿੱਸਾ ਨਹੀਂ ਬਣਨਾ ਚਾਹੁੰਦੇ ਤਾਂ ਕਿ ਤੁਸੀਂ ਜੋ ਡਿਸੀਜ਼ਨ ਲੈਣੇ ਹਨ, ਉਹ ਲੈ ਲਓ Since we are bothered about Punjab and we want to do something good for Punjab in all the departments, so, I think, it should be taken very seriously and adequate punishment ਮਿਲਣੀ ਚਾਹੀਦੀ ਹੈ ਤਾਂ ਕਿ ਹਾਊਸ ਨੂੰ ਕੋਈ ਵੀ ਡਿਸਟਰਬ ਨਾ ਕਰੇ, adequate punishment ਉਨ੍ਹਾਂ ਨੂੰ ਮਿਲੇ। I feel that every minute of the House is very very important. Thank you, so much.

**ਮਾਨਯੋਗ ਸਪੀਕਰ :** ਬਲਜੀਤ ਸਿੰਘ ਜਲਾਲ ਉਸਮਾ।

**ਸਰਦਾਰ ਬਲਜੀਤ ਸਿੰਘ ਜਲਾਲ ਉਸਮਾ (ਜੰਡਿਆਲਾ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ, ਸਾਡੇ ਦਲਿਤ ਭਾਈਚਾਰੇ ਨਾਲ ਜੋ ਕੱਲ੍ਹ ਆਪੋਜ਼ੀਸ਼ਨ ਪਾਰਟੀ ਵਾਲਿਆਂ, ਉਨ੍ਹਾਂ ਦੇ ਲੀਡਰ ਸਾਹਿਬ ਨੇ ਘਟਨਾ ਕੀਤੀ ਅਤੇ ਨਾਲ ਹੀ ਇਹੋ ਜਿਹੇ ਅਲਫਾਜ਼ ਤੁਹਾਡੀ ਚੇਅਰ ਦੇ ਬਾਰੇ ਉਨ੍ਹਾਂ ਨੇ ਵਰਤੇ, ਤੁਹਾਡੇ ਇਸ ਅਹੁਦੇ ਤੇ ਆਉਣ ਨਾਲ, ਜੋ ਸਤਿਕਾਰਯੋਗ ਦਲਿਤਾਂ ਦੇ ਮਸੀਹਾ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਸਾਡੇ ਦਲਿਤ ਭਾਈਚਾਰੇ ਨੂੰ ਬਹੁਤ ਵੱਡਾ ਮਾਣ ਦਿੱਤਾ ਹੈ ਔਰ ਅਸੀਂ 24-25 ਐਮ.ਐਲ.ਏ. ਜੋ ਦਲਿਤ ਭਾਈਚਾਰੇ ਦੇ ਹਾਂ, ਬਹੁਤ ਵੱਡਾ ਮਾਣ ਮਹਿਸੂਸ ਕਰਦੇ ਹਾਂ। ਉਥੇ ਨਾਲ ਹੀ ਪੰਜਾਬ ਦਾ ਦਲਿਤ ਭਾਈਚਾਰਾ ਸਾਰਾ ਹੀ ਮਾਣ ਮਹਿਸੂਸ ਕਰ ਰਿਹਾ ਹੈ ਕਿ ਸਰਦਾਰ ਬਾਦਲ ਜੀ ਨੇ ਆਪ ਜੀ ਨੂੰ ਇਸ ਪਵਿੱਤਰ ਕੁਰਸੀ ਤੇ ਬਿਠਾ ਕੇ ਦਲਿਤਾਂ ਨੂੰ ਬਹੁਤ ਵੱਡਾ ਮਾਣ ਦਿੱਤਾ ਹੈ। ਉਥੇ ਨਾਲ ਹੀ ਜੋ ਕੱਲ੍ਹ ਘਟਨਾ ਵਾਪਰੀ ਹੈ ਅਤੇ ਜਿਸ ਬਾਰੇ ਮਿੱਤਲ ਸਾਹਿਬ ਜੀ ਨੇ ਇਸ ਹਾਊਸ ਵਿੱਚ ਮਤਾ ਲਿਆਂਦਾ ਹੈ, ਉਸ ਦੀ ਮੈਂ ਪੁਰਜ਼ੋਰ

ਨਿੰਦਾ ਕਰਦਾ ਹਾਂ। ਮੈਂ ਮਤੇ ਦੀ ਸਹਿਮਤੀ ਬਣਾਉਦਾ ਹੋਇਆ ਜੋ ਕੱਲ੍ਹ ਲਫਜ਼ ਵਰਤੇ ਹਨ......

**ਮਾਨਯੋਗ ਸਪੀਕਰ :** ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ, ਨਿੰਦਾ ਨਹੀਂ, ਪ੍ਰੋੜ੍ਹਤਾ ਕਰਦਾ ਹਾਂ। ਪਹਿਲਾਂ ਕੁਰੈਕਟ ਕਰੋ ਜੀ।

**ਸਰਦਾਰ ਬਲਜੀਤ ਸਿੰਘ ਜਲਾਲ ਉਸਮਾ :** ਮੈਂ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। ਮੈਂ ਕੱਲ੍ਹ ਜਦੋਂ ਐਂਟਰੀ ਕਰ ਰਿਹਾ ਸੀ, ਜੋ ਉਸ ਵਾਚ ਐਂਡ ਵਾਰਡ ਸਟਾਫ ਦੇ ਨਾਲ ਘਟਨਾ ਵਾਪਰੀ, ਸਾਡੇ ਕੁਝ ਆਪੋਜ਼ੀਸ਼ਨ ਦੇ ਲੀਡਰਾਂ ਅਤੇ ਮੈਂਬਰਾਂ ਨੇ ਉਸ ਵੀਰ ਨਾਲ ਕੀਤੀ। ਜਿੱਥੋਂ ਤੱਕ ਮੈਨੂੰ ਪਤਾ ਲੱਗਾ ਹੈ ਕਿ ਉਹ ਵੀ ਸਾਡੇ ਭਾਈਚਾਰੇ ਨਾਲ ਸਬੰਧਿਤ ਸੀ। ਉਸ ਨੂੰ ਜਾਤੀ ਤੌਰ ਤੇ ਵੀ ਮਾੜੇ ਲਫਜ਼ ਬੋਲ ਰਹੇ ਸਨ, ਉਸ ਵੀਰ ਦੇ ਵਾਲ ਪੁੱਟੇ ਗਏ। ਜਦੋਂ ਉਹ ਜਾਤੀ ਲਫਜ਼ ਬੋਲ ਰਹੇ ਸਨ ਤਾਂ ਮੈਨੂੰ ਗੁੱਸਾ ਵੀ ਆਇਆ ਤੇ ਮੈਂ ਮਹਿਸੂਸ ਕਰ ਰਿਹਾ ਸੀ ਕਿ ਜੇ ਮੈਂ ਉਧਰ ਨੂੰ ਹੋਇਆ ਤਾਂ ਪਤਾ ਨਹੀਂ ਕਿਤੇ ਮੈਨੂੰ ਵੀ ਨਾ ਫੜ ਲੈਣ, ਇਸ ਕਰਕੇ ਮੈਨੂੰ ਰੋਣਾ ਵੀ ਆਇਆ, ਸਾਡੀ ਜੋ ਸ਼ੇਰਾਂ ਦੀ ਕੌਮ, ਰੰਘਰੇਟੇ ਗੁਰੂ ਕੇ ਬੇਟੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਹਿੱਕ ਨਾਲ ਲਗਾਇਆ ਹੈ, ਉਸੇ ਤਰ੍ਹਾਂ ਸਰਦਾਰ ਬਾਦਲ ਨੇ ਸਾਡੀ ਕੌਮ ਨੂੰ ਹਿੱਕ ਨਾਲ ਲਾ ਕੇ ਬਹੁਤ ਵੱਡੇ ਜਿੱਥੇ ਮਾਣ ਦਿੱਤੇ, ਉਥੇ ਦਲਿਤਾਂ ਦੇ ਉਤੇ, ਚਾਹੇ ਸਾਡੀ ਲੜਕੀਆਂ ਅਤੇ ਸਾਡੀ ਧੀਆਂ ਦੇ ਸ਼ਗਨਾਂ ਦੀ ਗੱਲ ਕਰ ਲਈਏ, ਚਾਹੇ ਸਾਡੇ ਪੇਟ ਦੀ ਗੱਲ ਕਰ ਲਈਏ, ਜੋ ਅਸੀਂ ਆਪਣੇ ਭੁੱਖੇ ਬੱਚਿਆਂ ਦਾ ਅਤੇ ਪਰਿਵਾਰ ਦਾ ਪੇਟ ਵੀ ਨਹੀਂ ਪਾਲ ਸਕਦੇ, ਉਥੇ ਸਾਨੂੰ ਰੋਟੀ ਵੀ ਦਿੱਤੀ ਔਰ ਨਾਲ ਪੜ੍ਹਾਈ ਦਾ ਵੀ ਉਨ੍ਹਾਂ ਨੇ ਸਾਰਾ ਪ੍ਰਬੰਧ ਕੀਤਾ ਹੈ। ਇਹ ਸਾਡੇ ਪਰਿਵਾਰ ਦੀ ਉਸ ਧੀ ਨੂੰ ਇੱਥੇ ਲੈ ਕੇ ਆਏ, ਉਹ ਵੀ ਬਹੁਤ ਵੱਡੀ ਸਾਡੇ ਨਾਲ ਬੇਇਨਸਾਫੀ ਕੀਤੀ। ਸਾਡਾ ਦਲਿਤਾਂ ਦਾ ਮਜ਼ਾਕ ਉਡਾਇਆ ਔਰ ਸ਼ੁਰੂ ਤੋਂ ਹੀ ਇਨ੍ਹਾਂ ਕਾਂਗਰਸ ਪਾਰਟੀ ਵਾਲਿਆਂ ਦੀ ਨੀਤੀ ਰਹੀ ਹੈ ਕਿ ਸਾਡੀਆਂ ਵੋਟਾਂ ਲੈ ਕੇ ਲੰਮਾ ਸਮਾਂ ਇਨ੍ਹਾਂ ਨੇ ਰਾਜ ਕੀਤਾ ਹੈ। ਉਨ੍ਹਾਂ ਨੇ ਲੰਮਾ ਸਮਾਂ ਰਾਜ ਕਰਨ ਦੇ ਦੌਰਾਨ ਸਾਨੂੰ ਸਿਰਫ ਲਾਰਿਆਂ ਵਿੱਚ ਰੱਖਿਆ ਹੈ ਤੇ ਕਹਿੰਦੇ ਹਨ ਕਿ ਅਸੀਂ ਦਲਿਤਾਂ ਦੇ ਬੜੇ ਰਖਵਾਲੇ ਹਾਂ। ਇਹ ਦਲਿਤਾਂ ਦੇ ਰਖਵਾਲੇ ਵੇਖ ਲਓ, ਸਾਰੇ ਵਰਲਡ ਨੇ ਦੇਖਿਆ ਹੈ, ਸਾਰੇ ਹਿੰਦੁਸਤਾਨ ਨੇ ਦੇਖਿਆ ਹੈ ਕਿ ਸਾਡੇ ਇਸ ਪਵਿੱਤਰ ਸਦਨ ਵਿੱਚ ਜੋ ਤੁਹਾਡੀ ਚੇਅਰ ਹੈ, ਤੁਹਾਡੀ ਇਸ ਚੇਅਰ ਨੂੰ ਅਤੇ ਬਾਈ ਨੇਮ ਤੁਹਾਨੂੰ ਬਹੁਤ ਕੁਝ ਬੋਲਿਆ, ਇਸ ਨਾਲ ਸਾਨੂੰ ਬੜਾ ਮਹਿਸੂਸ ਹੋਇਆ ਹੈ। ਸੋ, ਸਾਨੂੰ ਬੜੀਆਂ ਆਸਾਂ ਹੁੰਦੀਆਂ ਹਨ ਜਦੋਂ ਸਦਨ ਚਲਦਾ ਹੈ, ਸਦਨ ਵੱਡੇ-ਵੱਡੇ ਕਾਨੂੰਨ ਪਾਸ ਕਰਦਾ ਹੈ, ਉਥੇ ਲੋਕ ਵੀ ਸਾਰੇ ਆਪੋ-ਆਪਣੇ ਚੈਨਲ ਲਾ ਕੇ ਜੋ ਲਾਈਵ ਟੈਲੀਕਾਸਟ ਚੱਲਦੇ ਹਨ, ਉਹ ਘਰਾਂ ਵਿੱਚ ਬੈਠ ਕੇ ਦੇਖਦੇ ਹਨ। ਅਸੀਂ ਜੋ 117 ਐਮ.ਐਲ.ਏ. ਇੱਥੇ ਕਰਦੇ ਹਾਂ, ਉਸ ਨੂੰ ਸਾਡੇ ਆਪੋ-ਆਪਣੇ ਹਲਕਿਆਂ ਦੇ ਵਿੱਚ ਲੋਕ ਵੇਖ ਰਹੇ ਹੁੰਦੇ ਹਨ ਕਿ

[ਸਰਦਾਰ ਬਲਜੀਤ ਸਿੰਘ ਜਲਾਲ ਉਸਮਾ]

ਐਮ.ਐਲ.ਏ. ਕੀ ਸਾਡੇ ਵਾਸਤੇ ਕੀ ਮੰਗ ਕਰਦੇ ਹਨ? ਛੋਟੇ ਹੁੰਦਿਆਂ ਮੈਂ ਵੀ ਵੇਖਦਾ ਹੁੰਦਾ ਸੀ। ਇਹ ਜੋ ਪਵਿੱਤਰ ਸਦਨ ਹੈ, ਇਹ ਬਹੁਤ ਹੀ ਮਰਿਆਦਾ ਵਾਲਾ ਸਦਨ ਹੈ। ਐਮ.ਐਲ.ਏਜ਼. ਆਪੋ-ਆਪਣੇ ਹਲਕਿਆਂ ਦੇ ਵਿਚਾਰ ਰੱਖਦੇ ਹਨ, ਡਿਵੈਲਪਮੈਂਟ ਵਾਸਤੇ ਮੰਗ ਕਰਦੇ ਹਨ ਕਿ ਸਾਡੀ ਡਿਵੈਲਪਮੈਂਟ ਹੋਣੀ ਚਾਹੀਦੀ ਹੈ, ਸਾਨੂੰ ਸਿਹਤ ਸੇਵਾਵਾਂ ਚੰਗੀਆਂ ਮਿਲਣੀਆਂ ਚਾਹੀਦੀਆਂ ਹਨ, ਸਾਡੇ ਹਲਕੇ ਵਿੱਚ ਐਜੂਕੇਸ਼ਨ ਚੰਗੀ ਹੋਣੀ ਚਾਹੀਦੀ ਹੈ ਪਰ ਜੋ ਪਵਿੱਤਰਤਾ ਕੱਲ੍ਹ ਇਨ੍ਹਾਂ ਨੇ ਭੰਗ ਕੀਤੀ ਹੈ, ਮੈਂ ਸਮਝਦਾ ਹਾਂ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਸਦਨ ਵਿੱਚ ਉਨ੍ਹਾਂ ਨੇ ਇਸ ਤਰ੍ਹਾਂ ਦੇ ਲਫਜ਼ ਬੋਲੇ.......

**Mr. Speaker :** Thank you.

**ਸਰਦਾਰ ਬਲਜੀਤ ਸਿੰਘ ਜਲਾਲ ਉਸਮਾ** : ਮੈਂ ਅਖੀਰ ਤੇ ਕਹਿਣਾ ਚਾਹੁੰਦਾ ਹਾਂ ਕਿ ਜੋ ਕੱਲ੍ਹ ਇੱਕ ਦਲਿਤ ਵੀਰ ਡਿਊਟੀ ਦੇ ਰਿਹਾ ਸੀ, ਇਸ ਤਰ੍ਹਾਂ ਅੱਗੇ ਤੋਂ ਕੋਈ ਡਿਊਟੀ ਨਹੀਂ ਦੇਵੇਗਾ ਜੇ ਇਸ ਤਰ੍ਹਾਂ ਹੀ ਹੋਵੇਗਾ। ਜੋ ਉਸ ਵੀਰ ਨਾਲ ਹੋਈ ਹੈ, ਉਹ ਵਾਚ ਐਂਡ ਵਾਰਡ ਸਟਾਫ ਦਾ ਜੈਪਾਲ, ਉਸ ਨੂੰ ਪੁੱਛਿਆ ਗਿਆ ਕਿ ਤੂੰ ਕਿਥੋਂ ਦਾ ਹੈ, ਤੇਰੀ ਜਾਤ ਕੀ ਹੈ ਔਰ ਉਸ ਨੂੰ ਮਾੜੇ ਜਾਤੀ ਲਫਜ਼ ਵੀ ਬੋਲੇ। ਮੈਂ ਤੁਹਾਡੇ ਕੋਲ ਬੇਨਤੀ ਕਰਦਾ ਹੋਇਆ ਮੰਗ ਕਰਦਾ ਹਾਂ ਕਿ ਉਸ ਵੀਰ ਨੂੰ ਜੋ ਲਫਜ਼ ਬੋਲੇ ਗਏ, ਉਸ ਦੇ ਜੋ ਵਾਲ ਪੁੱਟੇ ਗਏ, ਸਾਰਿਆਂ ਨੇ ਟੀ.ਵੀ. ਤੇ ਦੇਖਿਆ, ਜਿਨ੍ਹਾਂ-ਜਿਨ੍ਹਾਂ ਬੰਦਿਆਂ ਨੇ ਵੀ ਇਹ ਕੀਤਾ, ਉਨ੍ਹਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਧੰਨਵਾਦ ਜੀ।

**Mr. Speaker :** Thank you, ਸ਼੍ਰੀ ਐਸ. ਆਰ ਕਲੇਰ ਜੀ। ਇਸ ਤੋਂ ਪਹਿਲਾਂ ਕਿ ਕਲੇਰ ਜੀ ਨੂੰ ਮੈਂ ਬੇਨਤੀ ਕਰਾਂ, ਮੈਂ ਪਹਿਲਾਂ ਹੀ ਕਿਹਾ ਹੈ ਕਿ ਕੁਐਸਚਨ ਆਵਰ ਅੱਜ ਦਾ ਸਸਪੈਂਡ ਕੀਤਾ ਜਾਂਦਾ ਹੈ, ਕਿਸੇ ਹੋਰ ਦਿਨ ਲਿਆ ਜਾਵੇਗਾ। ਅੱਜ ਦੀ ਜਿਹੜੀ ਵਿਧਾਨ ਸਭਾ ਦੀ ਕਾਰਵਾਈ ਹੈ, ਉਹ ਚਲਾਈ ਜਾਵੇਗੀ। ਇਸ ਤੋਂ ਪਹਿਲਾਂ ਕਿ ਮੈਂ ਕੋਈ ਹੋਰ ਕਾਰਵਾਈ ਅੱਗੇ ਸ਼ੁਰੂ ਕਰਾਂ, ਮੈਂ ਮਿੱਤਲ ਸਾਹਿਬ ਨੂੰ ਬੇਨਤੀ ਕਰਦਾ ਹਾਂ ਉਹ ਕੁਝ ਕਹਿਣਾ ਚਾਹੁੰਦੇ ਹਨ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਮੂਡ ਆਫ ਦਿ ਹਾਊਸ, ਸਾਰੇ ਆਨਰੇਬਲ ਮੈਂਬਰ ਨੇ ਆਪਣੇ ਵਿਚਾਰ ਰੱਖੇ ਹਨ, ਤੁਸੀਂ ਜੋ ਕੁਝ ਕੱਲ੍ਹ ਹਾਊਸ ਵਿੱਚ ਵਾਪਰਿਆ ਉਸ ਦਾ ਨੋਟਿਸ ਤਾਂ ਲਿਆ, ਮੈਂ ਖੜ੍ਹਾ ਹੋ ਕੇ ਬੋਲਣ ਹੀ ਲੱਗਿਆ ਸੀ, ਤੁਸੀਂ suo moto ਨੋਟਿਸ ਲੈ ਲਿਆ ਔਰ ਉਨ੍ਹਾਂ ਨੂੰ ਇਕ ਦਿਨ ਵਾਸਤੇ ਸਸਪੈਂਡ ਕੀਤਾ ਹੈ। ਸਾਰੇ ਹਾਊਸ ਦਾ ਜੋ ਮੱਤ ਹੈ, ਇਕ ਦਿਨ ਦੀ ਸਜ਼ਾ ਉਹ ends of justice meet ਨਹੀਂ ਕਰਦੀ। ਜੋ ਕੁਝ ਇੱਥੇ ਹੋਇਆ ਹੈ, ਤੁਸੀਂ ਵੀ ਬਹੁਤ ਦੇਰ ਤੋਂ ਇਸ

ਹਾਊਸ ਵਿੱਚ ਆ ਰਹੇ ਹੋ, ਮੈਨੂੰ ਵੀ 1977 ਤੋਂ ਇੱਥੇ ਆਉਣ ਦਾ ਮੌਕਾ ਮਿਲਿਆ ਹੈ....

**ਮਾਨਯੋਗ ਸਪੀਕਰ** : ਇਕੱਠੇ ਹੀ ਸੀ ਆਪਾਂ। 1977 ਵਿੱਚ ਇਕੱਠੇ ਹੀ ਸੀ।

**ਸੰਸਦੀ ਮਾਮਲੇ ਮੰਤਰੀ** : ਹਾਂ ਜੀ, 1977 ਵਿੱਚ ਆਪਾਂ ਇਕੱਠੇ ਆਏ ਸੀ। ਕਈ ਤਾਂ ਸਾਡੇ ਤੋਂ ਵੀ ਲੰਮੇ ਅਰਸੇ ਤੋਂ ਇੱਥੇ ਆ ਰਹੇ ਹਨ। ਹੋਰ ਵੀ ਕਾਫੀ ਉਦੋਂ ਦੇ ਸਾਥੀ ਬੈਠੇ ਹਨ। ਸੋ, ਮੈਂ ਬੇਨਤੀ ਕਰਾਂਗਾ ਕਿ 9 ਮੈਂਬਰ, ਜਿਨ੍ਹਾਂ ਦਾ ਨਾਂ ਤੁਸੀਂ ਵੀ ਲਿਆ ਹੈ, ਮੈਂ ਦੁਬਾਰਾ ਪੜ੍ਹ ਦਿੰਦਾ ਹਾਂ, ਸਰਦਾਰ ਜਗਮੋਹਨ ਸਿੰਘ ਕੰਗ, ਸਰਦਾਰ ਚਰਨਜੀਤ ਸਿੰਘ ਚੰਨੀ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਸਰਦਾਰ ਹਰਦਿਆਲ ਸਿੰਘ ਕੰਬੋਜ, ਰਾਣਾ ਗੁਰਜੀਤ ਸਿੰਘ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸਰਦਾਰ ਪਰਮਿੰਦਰ ਸਿੰਘ ਪਿੰਕੀ, ਸਰਦਾਰ ਬਲਬੀਰ ਸਿੰਘ ਸਿੱਧੂ ਅਤੇ ਸਰਦਾਰ ਕੁਲਜੀਤ ਸਿੰਘ ਨਾਗਰਾ। ਇਨ੍ਹਾਂ ਨੇ ਜਿਸ ਢੰਗ ਨਾਲ ਵਿਧਾਨ ਸਭਾ ਵਿੱਚ ਕੱਲ੍ਹ ਐਕਸ਼ਨ ਕੀਤਾ ਹੈ ਔਰ ਜੋ ਕੁਝ ਉਪਰ ਚੜ੍ਹ ਕੇ ਤੁਹਾਡੇ ਸਟਾਫ ਨਾਲ ਕੀਤਾ, ਚੇਅਰਮੈਨ ਸਾਹਿਬ ਨੂੰ ਜਿਸ ਤਰੀਕੇ ਨਾਲ ਇਨ੍ਹਾਂ ਨੇ ਹੂਟਿੰਗ ਕੀਤੀ, ਕਿਤਾਬਾਂ ਦੇ ਪੰਨੇ ਫਾੜ ਕੇ ਸੁੱਟ ਦਿੱਤੇ। ਇਸ ਦਾ ਮਤਲਬ ਤਾਂ ਇਹ ਹੈ ਕਿ ਸਾਨੂੰ ਰਿਪੋਰਟਾਂ ਡਿਸਟ੍ਰੀਬਿਊਟ ਹੀ ਨਹੀਂ ਕਰਨੀਆਂ ਚਾਹੀਦੀਆਂ। ਹਾਊਸ ਵਿੱਚ ਜਿੰਨੀਆਂ ਵੀ ਰਿਪੋਰਟਾਂ ਆਉਂਦੀਆਂ ਅਸੀਂ ਮੈਂਬਰ ਸਾਹਿਬਾਨ ਨੂੰ ਪੜ੍ਹਨ ਵਾਸਤੇ ਦਿੰਦੇ ਹਾਂ। ਉਨ੍ਹਾਂ ਨੇ ਪੜ੍ਹਨ ਦੀ ਬਜਾਏ ਉਹ ਸਾਰੀਆਂ ਫਾੜ-ਫਾੜ ਕੇ ਉਤੇ ਸੁੱਟੀਆਂ। ਫਿਰ ਤੁਹਾਡੇ ਟੇਬਲ ਤੇ ਚੜ੍ਹ ਗਏ, ਤੁਹਾਡੀ ਕੁਰਸੀ ਆਕੂਪਾਈ ਕੀਤੀ, ਤੁਹਾਨੂੰ ਜੋ ਇਕ ਅਥਾਰਟੀ ਵਾਲਾ ਇੰਸਟਰੂਮੈਂਟ ਹੈਮਰ ਦਿੱਤਾ ਜਾਂਦਾ ਹੈ, this hammer is the only authority ਜਿਸ ਦੇ ਨਾਲ ਅਸਲੀ ਪਾਵਰ ਮਿਲਦੀ ਹੈ। ਪਹਿਲੀ ਵਾਰ ਇਹ ਹੈਮਰ ਹਾਊਸ ਆਫ ਕਾਮਨਜ਼ ਵਿੱਚ ਸਪੀਕਰ ਨੂੰ ਦਿੱਤਾ ਗਿਆ ਅਤੇ ਜਦੋਂ ਹੈਮਰ ਉਸ ਦੇ ਹੱਥ ਵਿੱਚ ਫੜਾਇਆ ਜਾਂਦਾ ਹੈ then it is presumed that the authority has now vested in the man. ਇਹ ਹੈਮਰ ਕਿਸੇ ਦੇ ਸਿਰ ਵਿੱਚ ਮਾਰਨ ਵਾਸਤੇ ਨਹੀਂ ਹੈ ਅਤੇ ਤੋੜਨ ਵਾਸਤੇ ਨਹੀਂ ਹੈ। This hammer is to exercise the authority, to bring the House in order, to tell that the Chair is occupied by a person who is vested with the power. ਇਸ ਕਰਕੇ ਜੋ ਕੁਝ ਕੱਲ੍ਹ ਹੋਇਆ, ਇਸ ਦੀ ਨਿੰਦਾ ਅਸੀਂ ਸਾਰਿਆਂ ਨੇ ਕਰ ਦਿੱਤੀ ਹੈ। ਸਾਰਿਆਂ ਦਾ ਮੂਡ ਹੈ ਕਿ ਕੋਈ ਵੀ ਇਕ ਦਿਨ ਦੀ ਸਸਪੈਂਸ਼ਨ ਨਾਲ ਸੈਟੀਸਫਾਈ ਨਹੀਂ ਹੈ। ਸਾਰਿਆਂ ਨੇ ਆਪਣਾ ਗੁੱਸਾ, ਆਪਣੇ ਵਿਚਾਰ ਤੁਹਾਡੇ ਸਾਹਮਣੇ ਪ੍ਰਗਟ ਕੀਤੇ ਹਨ। ਸੋ, ਮੈਂ ਇਹ ਮਤਾ ਲਿਆਉਣਾ ਚਾਹੁੰਦਾ ਹਾਂ ਕਿ ਜਿੱਥੇ ਅਸੀਂ ਲੀਡਰ ਆਫ਼ ਦਿ ਆਪੋਜ਼ੀਸ਼ਨ ਨੂੰ ਕੰਡੈਮ ਕੀਤਾ because he is the man who led. ਆਪੋਜ਼ੀਸ਼ਨ ਦੇ ਲੀਡਰ ਨੇ ਸਾਰਿਆਂ ਨੂੰ ਲੀਡ ਕੀਤਾ ਹੈ। ਉਨ੍ਹਾਂ ਦੀ ਹਾਜ਼ਰੀ ਵਿੱਚ ਇਥੇ ਸਾਰਾ ਕੁਝ ਹੋਇਆ। ਉਨ੍ਹਾਂ ਨੇ ਕਿਸੇ ਨੂੰ ਪੈਸੀਫਾਈ ਕਰਨ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਇਹ ਵੀ ਠੀਕ ਹੈ ਕਿ ਉਨ੍ਹਾਂ

[ਸੰਸਦੀ ਮਾਮਲੇ ਮੰਤਰੀ]

ਦੇ ਵੀ ਇਕ ਕਿਤਾਬ ਆ ਕੇ ਲੱਗੀ ਔਰ ਉਹ ਕਾਫੀ ਦੇਰ ਤੱਕ ਆਪਣੀ ਅੱਖ ਨੂੰ ਆਪਣੇ ਹੱਥ ਨਾਲ ਪਕੜ ਕੇ ਖੜ੍ਹੇ ਰਹੇ। ਮੈਨੂੰ ਤਾਂ ਲਗਦਾ ਸੀ ਕਿ ਕਿਤੇ ਉਹ ਆਪ ਹੀ ਨਾ ਡਿੱਗ ਜਾਂਦੇ। ਸੋ, ਇਸ ਕਰਕੇ ਜਦੋਂ ਇੰਨੀ ਮਰਯਾਦਾ ਭੰਗ ਹੋਵੇ, ਇਥੇ ਚੀਰ ਹਰਨ ਦੀ ਵੀ ਗੱਲ ਹੋਈ ਸੀ, ਮੈਨੂੰ ਹੁਣੇ ਹੀ ਥੋੜ੍ਹੇ ਦਿਨ ਪਹਿਲਾਂ ਹਾਊਸ ਆਫ਼ ਕਾਮਨਜ਼ ਵਿੱਚ ਵੀ ਜਾਣ ਦਾ ਮੌਕਾ ਮਿਲਿਆ ਸੀ। ਮੈਂ ਹਾਊਸ ਆਫ਼ ਕਾਮਨਜ਼ ਵਿੱਚ ਇਹ ਚੀਜ਼ ਦੇਖਣ ਲਈ ਗਿਆ ਸੀ ਕਿ ਇਹ ਉਹ ਹਾਊਸ ਹੈ ਜਿੱਥੋਂ ਸਾਡੇ ਹਿੰਦੁਸਤਾਨੀਆਂ ਦੇ ਖਿਲਾਫ ਕਾਲੇ ਕਾਨੂੰਨ ਸਾਨੂੰ ਗੁਲਾਮ ਕਰਨ ਲਈ ਪਾਸ ਹੁੰਦੇ ਰਹੇ। With this intention, I had gone to that House. ਮੇਰੇ ਜਾਣ ਦਾ ਇਕ ਹੋਰ ਪਰਪਜ਼ ਇਹ ਸੀ, ਮੈਂ ਇਹ ਦੇਖਣ ਵਾਸਤੇ ਗਿਆ ਸੀ ਕਿ ਇਹ ਸੇਮ ਹਾਊਸ ਹੈ ਜਿੱਥੇ ਹਿੰਦੁਸਤਾਨ ਦੀ ਅਜ਼ਾਦੀ ਦਾ ਬਿਲ ਉਸ ਵਕਤ ਦੇ ਮਿਸਟਰ ਐਟਲੀ, ਪ੍ਰਾਈਮ ਮਨਿਸਟਰ ਨੇ ਪੇਸ਼ ਕੀਤਾ ਸੀ, ਮੇਰੇ ਉਥੇ ਜਾ ਕੇ ਉਹ ਹਾਊਸ ਦੇਖਣ ਦੇ ਦੋ ਪਰਪੱਜ਼ ਸੀ। ਤੀਸਰੀ ਗੱਲ, ਮੇਰਾ ਸਿਰ ਬਹੁਤ ਉੱਚਾ ਹੋਇਆ ਜਦੋਂ ਮੈਂ ਉਥੇ ਜਾ ਕੇ ਆਪਣੀ ਪੰਜਾਬੀ ਧੀ ਬੈਠੀ ਦੇਖੀ, ਚਾਹੇ ਉਹ ਆਪੋਜ਼ੀਸ਼ਨ ਵਿੱਚ ਬੈਠੀ ਹੋਈ ਸੀ। ਮੈਂ ਉਸ ਨੂੰ ਬਾਅਦ ਵਿੱਚ ਬੁਲਾ ਕੇ ਪੁੱਛਿਆ ਵੀ ਸੀ ਕਿ ਬੀਬਾ ਇਹ ਉਹ ਹਾਊਸ ਹੈ, ਜਿੱਥੇ ਹਿੰਦੁਸਤਾਨ ਨੂੰ ਗੁਲਾਮ ਬਣਾਉਣ ਦੇ ਮਤੇ ਪਾਸ ਹੁੰਦੇ ਰਹੇ। ਉਥੇ ਬਹੁਤ ਕਾਲੇ ਕਾਨੂੰਨ ਬਣੇ ਔਰ ਅੱਜ ਸਾਨੂੰ ਉਥੋਂ ਅਜ਼ਾਦੀ ਦਾ ਬਿਲ ਮਿਲਿਆ ਹੈ। ਇਸੇ ਹਾਊਸ ਦੇ ਵਿੱਚ ਅੱਜ ਸਾਡੀ ਪੰਜਾਬ ਦੀ ਧੀ ਬੈਠੀ ਹੋਈ ਸੀ, ਚਾਹੇ ਉਹ ਆਪੋਜ਼ੀਸ਼ਨ ਵਿੱਚ ਬੈਠੀ ਸੀ, ਸਾਨੂੰ ਬੈਠਣ ਦਾ ਮੌਕਾ ਮਿਲਿਆ ਹੈ। ਆਨਰੇਬਲ ਮੈਂਬਰ ਨੇ ਬੋਲਦੇ ਹੋਏ ਕਿਹਾ ਕਿ 117 ਮੈਂਬਰ ਹੀ ਪ੍ਰਿਵਲੇਜਡ ਹਨ ਜਿਹੜੇ ਕਿ ਇਨ੍ਹਾਂ ਕੁਰਸੀਆਂ ਤੇ ਆ ਕੇ ਬੈਠ ਸਕਦੇ ਹਨ। ਇੰਨਾ ਔਖਾ ਇਸ ਹਾਊਸ ਵਿੱਚ ਆਉਣਾ ਹੈ। ਜੈਨ ਸਾਹਿਬ ਨੇ ਪਤਾ ਨਹੀਂ ਕਿਵੇਂ ਹਿੰਮਤ ਕਰ ਲਈ ਕਿ ਇਹ ਰਿਜ਼ਾਇਨ ਕਰਕੇ ਦੁਬਾਰਾ ਜਿੱਤ ਕੇ ਆ ਗਏ ਵਰਨਾ ਤਾਂ ਇੱਥੇ ਇਕ ਵਾਰ ਜਿੱਤ ਕੇ ਆਉਣਾ ਹੀ ਔਖਾ ਹੈ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਇਹ ਫਰੱਸਟ੍ਰੇਸ਼ਨ ਤਾਂ ਹਟਣੀ ਹੀ ਨਹੀਂ। ਸੋ, ਮੈਂ ਚਾਹਾਂਗਾ ਕਿ ਫਾਰ ਦੀ ਬੈਲੈਂਸ ਆਫ ਦਿ ਸੈਸ਼ਨ ਦਾ ਜੋ ਪੀਰੀਅਡ ਹੈ, ਜੇਕਰ ਅਸੀਂ ਸ਼ਾਂਤੀ ਦੇ ਨਾਲ ਇਸ ਹਾਊਸ ਨੂੰ ਚਲਾਉਣਾ ਹੈ, ਗਵਰਨਰ ਐਡਰੈਸ ਤੇ ਬਹਿਸ ਕਰਨੀ ਹੈ, ਬਜਟ ਪਾਸ ਕਰਨਾ ਹੈ, ਬਿਲ ਪਾਸ ਕਰਨੇ ਹਨ, ਪੰਜਾਬ ਦੇ ਲੋਕਾਂ ਦੀਆਂ ਤਕਲੀਫਾਂ ਤੇ ਬਹਿਸ ਕਰਕੇ ਉਨ੍ਹਾਂ ਮੁਸ਼ਕਲਾਂ ਦੇ ਹੱਲ ਕੱਢਣੇ ਹਨ ਤਾਂ ਮੈਂ ਇਹ ਚਾਹਾਂਗਾ ਕਿ ਮੇਰਾ ਮਤ ਹੈ ਕਿ ਜਿਹੜੇ ਮੈਂਬਰ ਸਾਹਿਬਾਨ ਨੂੰ ਤੁਸੀਂ ਇਕ ਦਿਨ ਵਾਸਤੇ ਹਾਊਸ ਵਿੱਚੋਂ ਕੱਢਿਆ ਹੈ, ਇਹ ਸਫੀਸ਼ੀਐਂਟ ਨਹੀਂ ਹੈ। ਇਹ ਇੰਨਾ ਵੱਡਾ ਗੁਨਾਹ ਹੈ, ਗੁਨਾਹ ਤਾਂ ਕੌਰਵਾਂ ਨੇ ਵੀ ਕੀਤਾ ਸੀ ਤਾਂ ਸੰਧੀ ਦਾ ਮਤਾ ਉਦੋਂ ਵੀ ਹੋਇਆ ਸੀ, ਲੇਕਿਨ ਉਹ ਸੰਧੀ ਨਹੀਂ ਹੋਈ ਸੀ। ਤੁਸੀਂ ਵੀ ਸੰਧੀ ਦੀ ਬੜੀ

ਕੋਸ਼ਿਸ਼ ਕੀਤੀ, ਬਾਦਲ ਸਾਹਿਬ ਨੇ ਵੀ ਬੜੀ ਕੋਸ਼ਿਸ਼ ਕੀਤੀ, ਡਿਪਟੀ ਸੀ.ਐਮ. ਸਾਹਿਬ ਨੇ ਵੀ ਕੋਸ਼ਿਸ਼ ਕੀਤੀ, ਮੈਂ ਖੁਦ ਸੰਧੀ ਦਾ ਮਤਾ ਲੈ ਕੇ ਗਿਆ, ਮੈਨੂੰ ਇਨ੍ਹਾਂ ਨੇ ਕੁੱਟ ਦਿੱਤਾ। ਮੈਨੂੰ ਇਨ੍ਹਾਂ ਨੇ ਨੀਚੇ ਸੁੱਟ ਦਿੱਤਾ। ਲੇਕਿਨ ਮੈਂ ਇਹ ਕਹਿੰਦਾ ਹਾਂ ਕਿ now the limit has been crossed ਔਰ ਅੱਜ ਤੱਕ ਲੋਕ ਉਸ ਕੌਰਵਾਂ ਦੇ ਦਰਬਾਰ ਵਿੱਚ ਜੋ ਚੀਰ ਹਰਨ ਹੋਇਆ ਸੀ, ਉਸ ਨੂੰ ਕੰਡੈਮ ਕਰਦੇ ਹਨ। So when we say ਕਿ ਜਮਹੂਰੀਅਤ ਦਾ ਕਤਲ ਹੋ ਗਿਆ ਹੈ, ਜਮਹੂਰੀਅਤ ਦਾ ਘਾਣ ਹੋ ਗਿਆ ਹੈ ਤਾਂ ਜਿਹੜਾ ਇਕ ਦਿਨ ਦਾ ਮਤਾ ਹੈ ਉਸ ਦੇ ਨਾਲ we are not satisfied. ਅਸੀਂ ਸਹਿਮਤ ਨਹੀਂ ਹਾਂ। ਸੌਰੀ, ਮੈਨੂੰ ਮੁਆਫ ਕਰਨਾ। ਤੁਹਾਡੇ ਮਤੇ ਦੇ ਨਾਲ ਅਸੀਂ ਅਸਹਿਮਤੀ ਦਿਖਾ ਰਹੇ ਹਾਂ। ਸੋ, ਸਾਡੀ ਸਹਿਮਤੀ ਤਾਂ ਹੁੰਦੀ ਹੈ ਜੇਕਰ rest of the Session ਲਈ ਉਨ੍ਹਾਂ ਨੂੰ ਹਾਊਸ ਵਿੱਚੋਂ ਕੱਢਿਆ ਜਾਵੇ ਤਾਂ ਇਸ ਹਾਊਸ ਦੀ ਮਰਯਾਦਾ ਕਾਇਮ ਰਹੇਗੀ। (ਥੰਪਿੰਗ) ਨਹੀਂ ਤਾਂ ਕੋਈ ਲੈਸਨ ਨਹੀਂ ਜਾਂਦਾ ਔਰ ਅਸੀਂ ਉਨ੍ਹਾਂ ਨੂੰ ਕੋਈ ਲੈਸਨ ਦੇਣਾ ਚਾਹੁੰਦੇ ਹਾਂ। ਇਸ ਦੇ ਨਾਲ ਹੀ ਮੇਰੀ ਇਹ ਮੋਸ਼ਨ ਹੈ ਕਿ ਉਨ੍ਹਾਂ ਦਾ ਇਹ ਐਕਸ਼ਨ deliberately ਸੀ, ਇਨਟੈਂਸ਼ਨਲ ਸੀ ਔਰ ਸੋਚਿਆ ਸਮਝਿਆ ਐਕਸ਼ਨ ਸੀ। ਇਸ ਕਰਕੇ ਇਨ੍ਹਾਂ ਨੂੰ ਰੈਸਟ ਆਫ਼ ਦਿ ਸੈਸ਼ਨ ਵਾਸਤੇ ਹਾਊਸ ਵਿੱਚ ਬੈਠਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਇਨ੍ਹਾਂ ਨੂੰ ਇੱਥੋਂ ਕੱਢਿਆ ਜਾਵੇ।

**Mr. Speaker :** This, I will consider it. But today I cannot go beyond this.

**ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ਮੈਂ ਸਵੇਰ ਦਾ ਜੋ ਕੁਝ ਸੁਣ ਰਿਹਾ ਹਾਂ ਅਤੇ ਜੋ ਕੁਝ ਕੱਲ੍ਹ ਇਥੇ ਵਾਪਰਿਆ, ਸੁਭਾਵਿਕ ਹੈ, ਮੈਂ ਵੀ ਇਨਸਾਨ ਹਾਂ, ਜੋ ਕੁਝ ਵੀ ਪਿਛਲੇ ਸਮੇਂ ਵਿੱਚ ਪੰਜਾਬ ਵਿੱਚ ਵਾਪਰਦਾ ਹੈ, ਉਹ ਗੱਲਾਂ ਕਈ ਵਾਰੀ ਯਾਦ ਆ ਜਾਂਦੀਆਂ ਹਨ। ਵਾਰ-ਵਾਰ ਸਾਰਿਆਂ ਨੇ ਦੋ-ਤਿੰਨ ਗੱਲਾਂ ਤੇ ਬਹੁਤ ਜ਼ੋਰ ਦਿੱਤਾ ਹੈ। ਮੇਰੀ ਇਹ ਬੇਨਤੀ ਹੈ, ਮੈਂ ਕੋਈ ਗੱਲ ਸਮਝਣਾ ਚਾਹੁੰਦਾ ਹਾਂ। ਅਸੀਂ ਵਿਧਾਨ ਸਭਾ ਵਿੱਚੋਂ ਉਠ ਕੇ ਆਪਣੇ-ਆਪਣੇ ਇਲਾਕਿਆਂ ਵਿੱਚ ਜਾਣਾ ਹੈ, ਸਾਨੂੰ ਇਹ ਸਵਾਲ ਹੋ ਸਕਦੇ ਹਨ ਕਿ ਤੁਸੀਂ ਹਾਊਸ ਵਿੱਚ ਜਾਂਦੇ ਹੋ, ਤੁਸੀਂ ਪੰਜਾਬ ਦੇ ਲੋਕਾਂ ਦੀ ਨੁਮਾਇੰਦਗੀ ਕਰਦੇ ਹੋ। ਪੰਜਾਬ ਦੇ ਲੋਕਾਂ ਵਿੱਚ ਤਾਂ ਫਿਰ ਸਾਰੇ ਹੀ ਆਉਂਦੇ ਹਨ, ਭਾਵੇਂ ਕੋਈ ਵੋਟਰ ਹੋਵੇ, ਕੋਈ ਅਫਸਰ ਹੋਵੇ, ਸਧਾਰਨ ਆਦਮੀ ਹੋਵੇ, ਕੋਈ ਮੁਲਾਜ਼ਮ ਹੋਵੇ, ਕਿਸੇ ਜਾਤ ਨਾਲ ਸਬੰਧਿਤ ਹੋਵੇ, ਕਿਸੇ ਪਾਤ ਨਾਲ ਸਬੰਧਿਤ ਹੋਵੇ, ਕਿਸੇ ਧਰਮ ਨਾਲ ਸਬੰਧਿਤ ਹੋਵੇ, ਸਪੀਕਰ ਸਾਹਿਬ, ਮੈਂ ਜਿਹੜੀ ਗੱਲ ਤੇ ਆ ਰਿਹਾ ਹਾਂ, ਇਸ਼ੂ ਇਕੱਲਾ ਇਨ੍ਹਾਂ ਨੂੰ ਹਾਊਸ ਤੋਂ ਬਾਹਰ ਕੱਢਣ ਦਾ ਨਹੀਂ ਹੈ, ਉਹ ਤਾਂ ਜਨਾਬ ਨੇ ਫੈਸਲਾ ਕਰਨਾ ਹੈ, ਇਸ ਹਾਊਸ ਨੇ ਫੈਸਲਾ ਕਰਨਾ ਹੈ। ਪਤਾ ਨਹੀਂ ਕੀ ਹੋਣਾ

[ਮਾਲ ਤੇ ਮੁੜ ਵਸੇਬਾ ਮੰਤਰੀ]

ਹੈ, ਕੀ ਨਹੀਂ ਹੋਣਾ, ਕੀ ਮੰਨਿਆ ਜਾਣਾ ਹੈ, ਕੀ ਨਹੀਂ ਮੰਨਿਆ ਜਾਣਾ। ਮੇਰੀ ਇਹ ਬੇਨਤੀ ਹੈ ਕਿ ਕੁਝ ਸਮਾਂ ਪਹਿਲਾਂ ਸੱਚਖੰਡ ਬੱਲਾਂ ਵਾਲੇ ਸੰਤ ਵਿਆਨਾ ਵਿੱਚ ਸਨ। ਉਨ੍ਹਾਂ ਦੇ ਖਿਲਾਫ ਕੋਈ ਕਾਂਡ ਹੋ ਗਿਆ ਤੇ ਉਸ ਦਾ ਇੰਨਾ ਵੱਡਾ ਰੀਐਕਸ਼ਨ ਦਲਿਤ ਭਰਾਵਾਂ ਦਾ ਪੰਜਾਬ ਵਿੱਚ ਦੇਖਣ ਨੂੰ ਮਿਲਿਆ। ਸਪੀਕਰ ਸਾਹਿਬ, he was an employee of Watch and Ward Staff ਅਤੇ ਉਹ ਆਪਣੀ ਡਿਊਟੀ ਕਰ ਰਿਹਾ ਸੀ। ਉਸ ਨੂੰ ਫੜ ਕੇ ਜਾਤੀ ਸੂਚਕ ਲਫਜ਼ ਵਰਤਣੇ, ਤਿੰਨ-ਚਾਰ ਐਮ.ਐਲ.ਏਜ਼ ਵੱਲੋਂ ਉਸ ਨੂੰ ਫੜ ਕੇ ਉਸ ਦੇ ਵਾਲ ਪੁੱਟਣੇ ਤੇ ਉਸ ਦਲਿਤ ਭਰਾ ਨਾਲ ਇੰਨੀ ਬਦਸਲੂਕੀ ਕਰਨੀ ਅਤੇ ਉਸ ਦਾ ਅਪਮਾਨ ਕਰਨਾ ਇਹ ਠੀਕ ਨਹੀਂ ਹੈ। ਇਹ ਇਕ ਪੰਜਾਬ ਵਿੱਚ ਬਹੁਤ ਵੱਡਾ ਮਸਲਾ ਬਣ ਸਕਦਾ ਹੈ ਅਤੇ ਲੋਕੀਂ ਸਾਨੂੰ ਸਵਾਲ ਕਰਨਗੇ ਕਿ ਇਕ ਦਲਿਤ ਭਰਾ ਨਾਲ ਇੰਨਾ ਕੁਝ ਵਾਪਰਿਆ what has the House done? It is a very serious issue. ਆਪਾਂ ਨੂੰ ਬੜੇ ਧਿਆਨ ਨਾਲ, ਸੋਚ-ਸਮਝ ਕੇ ਫੈਸਲਾ ਕਰਨਾ ਚਾਹੀਦਾ ਹੈ। ਨਾਲ ਹੀ ਮੈਂ ਸਮਝਦਾ ਹਾਂ ਕਿ ਲੋਕ ਜਾਖੜ ਸਾਹਿਬ ਵੱਲ ਵੀ ਵੇਖਣਗੇ ਕਿ ਜਾਖੜ ਸਾਹਿਬ ਦੇ ਆਪਣੇ ਐਮ.ਐਲ.ਏਜ਼ ਨੇ ਜੋ ਕੁਝ ਕੀਤਾ, ਉਹ ਉਨ੍ਹਾਂ ਨੇ ਟੀ.ਵੀ. ਉੱਤੇ ਵੇਖਿਆ ਕਿ ਇਕ ਮੁਲਾਜ਼ਮ ਨੂੰ ਫੜ ਕੇ, ਉਸ ਨੂੰ ਪੁੱਛ ਕੇ ਕਿ ਤੂੰ ਕਿੱਥੋਂ ਦਾ ਹੈ, ਤੇਰੀ ਕੀ ਜਾਤ ਹੈ, ਫਿਰ ਉਸ ਨੂੰ ਕਿਵੇਂ ਸਿੰਗਲ-ਆਊਟ ਕਰਕੇ ਜਿਸ ਤਰੀਕੇ ਨਾਲ ਉਸ ਨਾਲ ਬਦਸਲੂਕੀ ਕੀਤੀ ਅਤੇ ਉਸ ਨੂੰ ਜ਼ਮੀਨ ਉੱਤੇ ਸੁੱਟਿਆ। ਸਪੀਕਰ ਸਾਹਿਬ, ਕਈ ਚੀਜ਼ਾਂ ਤਾਂ ਵੀਡੀਓ ਵਿੱਚ ਕੈਪਚਰ ਹੀ ਨਹੀਂ ਹੋਈਆਂ। ਅੱਜ ਲੋਕ ਜਾਖੜ ਸਾਹਿਬ ਨੂੰ ਪੁੱਛਣਗੇ ਕਿ ਤੁਹਾਡੇ ਸਾਥੀ ਐਮ.ਐਲ.ਏਜ਼ ਨੇ ਕੀ ਕੁਝ ਕੀਤਾ। ਉਹ ਮੁਲਾਜ਼ਮ ਦਲਿਤ ਭਰਾ ਸੀ। ਜਾਖੜ ਸਾਹਿਬ, ਤੁਸੀਂ ਆਪਣੇ ਐਮ.ਐਲ.ਏਜ਼ ਉੱਤੇ ਕੀ ਕਾਰਵਾਈ ਕਰੋਗੇ। ਇਸ ਦਾ ਜਵਾਬ ਤਾਂ ਜਾਖੜ ਸਾਹਿਬ ਅਤੇ ** ਨੂੰ ਦੇਣਾ ਪਵੇਗਾ......

**ਮਾਨਯੋਗ ਸਪੀਕਰ** : ** ਦਾ ਨਾਂ ਕੱਟ ਦੇਣਾ।

**ਮਾਲ ਤੇ ਮੁੜ ਵਸੇਬਾ ਮੰਤਰੀ** : ਸਪੀਕਰ ਸਾਹਿਬ, ਅਸੀਂ ਵੀ ਵੋਟਾਂ ਲੈ ਕੇ ਆਏ ਹਾਂ। ਜੇਕਰ ਅਸੀਂ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਵਾਂਗੇ ਤਾਂ ਮੈਂ ਸਮਝਦਾ ਹਾਂ ਕਿ ਸਾਨੂੰ ਜਵਾਬ ਦੇਣਾ ਔਖਾ ਹੋ ਜਾਣਾ ਹੈ। ਇਸ ਲਈ ਇਹ ਬੜਾ ਹੀ ਗੰਭੀਰ ਮੁੱਦਾ ਹੈ। ਜਿਨ੍ਹਾਂ ਲੋਕਾਂ ਨੇ ਉਸ ਮੁਲਾਜ਼ਮ ਨਾਲ ਬਦਸਲੂਕੀ ਕੀਤੀ, ਉਨ੍ਹਾਂ ਦੇ ਖਿਲਾਫ ਕੀ ਐਕਸ਼ਨ ਲਿਆ ਗਿਆ ਹੈ। ਜਿਨ੍ਹਾਂ ਨੇ ਸਪੀਕਰ ਦੀ ਚੇਅਰ ਨਾਲ ਬਦਸਲੂਕੀ ਕੀਤੀ, ਉਨ੍ਹਾਂ ਦੇ ਖਿਲਾਫ ਕੀ ਐਕਸ਼ਨ ਲਿਆ ਹੈ, ਇਹ ਉਨ੍ਹਾਂ ਨੂੰ ਸਪਸ਼ਟ ਤੌਰ ਤੇ ਸਮਝਾ ਦਿੱਤਾ ਜਾਵੇ ਅਤੇ ਬੜੀ

**Expunged as ordered by the Chair.

**ਡੂੰਘਾਈ ਨਾਲ ਸੋਚ ਕੇ ਐਕਸ਼ਨ ਲਿਆ ਜਾਵੇ** so that the people who are watching outside, who are waiting and seeing what is going to happen after today's session, they are satisfied with the action taken here. Because ਅਸੀਂ ਸਾਰੇ ਪੰਜਾਬ ਦੇ ਹਰ ਵਰਗ ਦੇ ਕਸਟੋਡੀਅਨ ਹਾਂ। ਸਪੀਕਰ ਸਾਹਿਬ, ਹਰੇਕ ਵਰਗ ਦੇ ਕਸਟੋਡੀਅਨ ਹੋਣ ਦੇ ਨਾਤੇ ਅੱਜ ਲੋਕਾਂ ਦੀਆਂ ਅੱਖਾਂ ਟਿਕੀਆਂ ਹੋਈਆਂ ਹਨ ਕਿ ਜਨਾਬ (ਮਾਨਯੋਗ ਸਪੀਕਰ) ਲੋਕਾਂ ਦੇ ਹੱਕ ਦਾ ਕਿਹੋ ਜਿਹਾ ਫੈਸਲਾ ਲੈਣਗੇ। ਮੈਂ ਇੰਨੀ ਬੇਨਤੀ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਨਯੋਗ ਸਪੀਕਰ** : ਜਿਥੋਂ ਤੱਕ ਗੱਲ ਐਕਸ਼ਨ ਦੀ ਹੈ..... (ਵਿਘਨ)......

(ਇਸ ਸਮੇਂ ਟਰੈਜ਼ਰੀ ਬੈਂਚਾਂ ਦੇ ਸਾਰੇ ਦਲਿਤ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ।) ....ਵਿਘਨ....

**ਮੁੱਖ ਸੰਸਦੀ ਸਕੱਤਰ, ਸਿੰਚਾਈ (ਸਰਦਾਰ ਸੋਹਣ ਸਿੰਘ ਠੰਡਲ)** : ਸਪੀਕਰ ਸਾਹਿਬ, ਵਾਚ ਐਂਡ ਵਾਰਡ ਤੁਹਾਡੇ ਕੰਟਰੋਲ ਵਿੱਚ ਹੁੰਦੇ ਹਨ ਅਤੇ ਤੁਹਾਡੀ ਡਿਮਾਂਡ ਤੇ ਹੀ ਆਉਂਦੇ ਹਨ। ...... ਉਸ ਨੂੰ ਜਾਤੀ ਸੂਚਕ ਸ਼ਬਦ ਬੋਲੇ। ਉਸ ਦੇ ਵਾਲ ਪੁੱਟੇ। ਐਕਸ਼ਨ ਤਾਂ ਲੈਣਾ ਬਣਦਾ ਹੈ ਜੀ।

**ਮਾਨਯੋਗ ਸਪੀਕਰ** : ਤੁਸੀਂ ਪਹਿਲਾਂ ਬੋਲ ਤਾਂ ਲਿਆ ਹੈ। ਐਕਸ਼ਨ ਬਾਰੇ ਮੈਂ ਤੁਹਾਨੂੰ ਕੱਲ੍ਹ ਨੂੰ ਦੱਸਾਂਗਾ ਕਿ ਕੀ ਐਕਸ਼ਨ ਲੈਣਾ ਹੈ।

**ਮਾਲ ਤੇ ਮੁੜ ਵਸੇਬਾ ਮੰਤਰੀ** : ਸਪੀਕਰ ਸਾਹਿਬ, ਵੀਆਨਾ ਵਿੱਚ ਘਟਨਾ ਹੋਈ ਪਰ ਉਸ ਦੇ ਸਿੱਟੇ ਸਾਨੂੰ ਇਥੇ ਭੁਗਤਣੇ ਪਏ। ਜਿਹੜੇ 4 ਐਮ.ਐਲ.ਏਜ਼ ਨੇ ਜੋ ਕੁਝ ਕੀਤਾ, ਤੁਸੀਂ ਵੀਡੀਓ ਕੈਮਰਾ ਮੰਗਾ ਲਵੋ। ਜਿਨ੍ਹਾਂ ਨੇ ਉਸ ਨੂੰ ਵਾਲਾਂ ਤੋਂ ਧੂਹਿਆ ਤੇ ਜਾਤੀ ਸੂਚਕ ਸ਼ਬਦ ਬੋਲੇ ਤੇ ਬਦਸਲੂਕੀ ਕੀਤੀ, ਸਪੀਕਰ ਸਾਹਿਬ, ਕਾਨੂੰਨ ਸਭ ਲਈ ਬਰਾਬਰ ਹੈ। ਇਹ ਨਹੀਂ ਕਿ ਪ੍ਰਧਾਨ ਮੰਤਰੀ ਵਾਸਤੇ ਹੋਰ ਕਾਨੂੰਨ ਹੈ ਅਤੇ ਸਧਾਰਨ ਬੰਦੇ ਵਾਸਤੇ ਹੋਰ ਕਾਨੂੰਨ ਹੈ। ਕਾਨੂੰਨ ਸਭ ਵਾਸਤੇ ਬਰਾਬਰ ਹੈ। ਜੇਕਰ ਉਨ੍ਹਾਂ 4 ਐਮ.ਐਲ.ਏ. ਖਿਲਾਫ ਬਣਦੀ ਕਾਰਵਾਈ ਨਾ ਕੀਤੀ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਲੋਕਾਂ ਨੂੰ ਮੂੰਹ ਵਿਖਾਉਣ ਜੋਗੇ ਨਹੀਂ ਰਹਾਂਗੇ।

**ਮੁੱਖ ਸੰਸਦੀ ਸਕੱਤਰ, ਸਿੰਚਾਈ** : ਸਪੀਕਰ ਸਾਹਿਬ, ਮੁਲਾਜ਼ਮ ਨੇ ਲਿਖ ਕੇ ਦਿੱਤਾ ਹੈ।

**ਮਾਨਯੋਗ ਸਪੀਕਰ** : ਕਈ ਗੱਲਾਂ ਐਸੀਆਂ ਹੁੰਦੀਆਂ ਹਨ ਜਿਹੜੀਆਂ ਨਹੀਂ ਦੱਸੀਆਂ ਜਾਂਦੀਆਂ। ਇਸ ਬਾਰੇ ਮੈਂ ਤੁਹਾਨੂੰ ਕੱਲ੍ਹ ਨੂੰ ਦੱਸਾਂਗਾ। ਅੱਜ ਤੁਸੀਂ ਬੈਠ ਜਾਉ। ਤੁਸੀਂ

[ਮਾਨਯੋਗ ਸਪੀਕਰ]

ਕੱਲ੍ਹ ਨੂੰ ਬਹਿਸ ਕਰ ਲੈਣਾ ਪਰ ਤੁਸੀਂ ਮੈਨੂੰ ਟਾਈਮ ਦਿਉ। ਕੱਲ੍ਹ ਤੱਕ ਦਾ ਸਮਾਂ ਦਿਉ।

(ਇਸ ਸਮੇਂ ਸੱਤਾਧਾਰੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਉਨ੍ਹਾਂ ਮੈਂਬਰਾਂ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਸਨ ਜਿਨ੍ਹਾਂ ਨੇ ਵਾਚ-ਐਂਡ ਵਾਰਡ ਨਾਲ ਮਿਤੀ 13 ਮਾਰਚ, 2013 ਨੂੰ ਪੰਜਾਬ ਵਿਧਾਨ ਸਭਾ ਕੰਪਲੈਕਸ ਅੰਦਰ ਦੁਰਵਿਵਹਾਰ ਕੀਤਾ ਅਤੇ ਜਾਤੀ ਸੂਚਕ ਸ਼ਬਦ ਵਰਤੇ।)

**ਮਾਨਯੋਗ ਸਪੀਕਰ :** ਤੁਸੀਂ ਮੈਨੂੰ ਕੱਲ੍ਹ ਤੱਕ ਦਾ ਸਮਾਂ ਦਿਉ।......(ਵਿਘਨ).... (ਸ਼ੋਰ)... ਮੈਂ ਤੁਹਾਡੇ ਤੋਂ ਚਾਹੁੰਦਾ ਹਾਂ ਕਿ ਮੈਨੂੰ ਕੱਲ੍ਹ ਤੱਕ ਦਾ ਸਮਾਂ ਦਿਉ। (ਵਿਘਨ) ਬੀਬੀ ਜੀ, (ਸ੍ਰੀਮਤੀ ਮਹਿੰਦਰ ਕੌਰ ਜੋਸ਼ ਵੱਲ ਇਸ਼ਾਰਾ) ਤੁਸੀਂ ਮੈਨੂੰ ਕੱਲ੍ਹ ਤੱਕ ਦਾ ਸਮਾਂ ਤਾਂ ਦਿਉ। ਬੀਬੀ ਜੀ, ਬੈਠ ਜਾਉ।

**ਮਾਲ ਤੇ ਮੁੜ ਵਸੇਬਾ ਮੰਤਰੀ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ Justice delayed is justice denied. ਸਪੀਕਰ ਸਾਹਿਬ, 24 ਘੰਟੇ ਬੀਤ ਗਏ ਹਨ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।

(ਇਸ ਸਮੇਂ ਵੀ ਸੱਤਾਧਾਰੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਉਨ੍ਹਾਂ ਮੈਂਬਰਾਂ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਸਨ ਜਿਨ੍ਹਾਂ ਨੇ ਵਾਚ ਐਂਡ ਵਾਰਡ ਨਾਲ ਮਿਤੀ 13 ਮਾਰਚ, 2013 ਨੂੰ ਪੰਜਾਬ ਵਿਧਾਨ ਸਭਾ ਕੰਪਲੈਕਸ ਅੰਦਰ ਦੁਰਵਿਵਹਾਰ ਕੀਤਾ ਅਤੇ ਜਾਤੀ ਸੂਚਕ ਸ਼ਬਦ ਵਰਤੇ।)

**ਮਾਨਯੋਗ ਸਪੀਕਰ :** ਮੈਂ ਅੱਜ ਕੁਝ ਨਹੀਂ ਕਹਿ ਸਕਦਾ। ਮੈਂ ਕੱਲ੍ਹ ਤੁਹਾਨੂੰ ਦੱਸਾਂਗਾ। ਕੱਲ੍ਹ ਗੱਲ ਕਰਾਂਗਾ। (ਵਿਘਨ) ਮੈਂ ਕਿਹਾ ਕਿ ਜੀ ਕੱਲ੍ਹ ਕਰਾਂਗਾ। (ਵਿਘਨ) Sit down. ਕੱਲ੍ਹ ਕਰਾਂਗੇ। (ਵਿਘਨ) ਨਹੀਂ ਜੀ, ਮੈਂ ਤੁਹਾਨੂੰ ਕੱਲ੍ਹ ਦੱਸਾਂਗਾ। ਮੈਂ ਤੁਹਾਨੂੰ ਐਸ਼ਿਓਰ ਕਰਦਾ ਹਾਂ ਕਿ ਇਸ ਬਾਰੇ ਕੀ ਕਰਨਾ ਹੈ, ਇਸ ਬਾਰੇ ਮੈਂ ਤੁਹਾਨੂੰ ਕੱਲ੍ਹ ਦੱਸਾਂਗਾ। ਅੱਜ ਮੈਂ ਨਹੀਂ ਦੱਸ ਸਕਦਾ।

**ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਤੇ ਖੋਜ (ਸ੍ਰੀਮਤੀ ਮਹਿੰਦਰ ਕੌਰ ਜੋਸ਼) :** ਸਪੀਕਰ ਸਾਹਿਬ, ਇਮੀਜੀਏਟਲੀ ਫੈਸਲਾ ਕਰਨਾ ਚਾਹੀਦਾ ਹੈ। ਇਸ ਬਾਰੇ ਇਮੀਜੀਏਟਲੀ ਫੈਸਲਾ ਕਰਨਾ ਚਾਹੀਦਾ ਹੈ ਔਰ ਪਰਚਾ ਤਾਂ ਕੱਲ੍ਹ ਹੀ ਦਰਜ ਹੋ ਜਾਣਾ ਚਾਹੀਦਾ ਸੀ।.....(ਵਿਘਨ).....

**ਮਾਨਯੋਗ ਸਪੀਕਰ :** ਅਗਲੀ ਆਈਟਮ, ਧਿਆਨ ਦਿਵਾਊ ਮਤਾ। ....(ਵਿਘਨ)....

**ਮਾਲ ਤੇ ਮੁੜ ਵਸੇਬਾ ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਨਾਬ ਦੇ ਖਿਲਾਫ ਉਨ੍ਹਾਂ ਨੇ ਬਹੁਤ ਅਪਸ਼ਬਦ ਬੋਲੇ ਹਨ। ਜਨਾਬ ਬੈਠੇ ਹਨ। ਆਪ ਜੀ ਕੁਝ ਕਹਿ ਸਕਦੇ ਹੋ। ਘੁੜਿਆਣਾ ਸਾਹਿਬ ਦੇ ਖਿਲਾਫ ਕੋਈ ਗੱਲ ਹੋਈ, ਘੁੜਿਆਣਾ ਸਾਹਿਬ ਬੈਠੇ ਹਨ। ਉਹ ਵਿਚਾਰਾ ਵਾਚ ਐਂਡ ਵਾਰਡ ਵਾਲਾ ਜਿਹੜਾ ਦੋ ਵਕਤ ਦੀ ਰੋਟੀ ਖਾਂਦਾ ਹੈ, ਉਸ ਵਿੱਚ ਕੀ ਹਿੰਮਤ ਹੈ ਕਿ ਇਨ੍ਹਾਂ ਦੇ ਖਿਲਾਫ ਕੋਈ ਗੱਲ ਬੋਲ ਜਾਵੇਗਾ। ਜੇ ਅੱਜ ਆਪਾਂ ਉਸ ਦੀ ਅਵਾਜ਼ ਨਹੀਂ ਬਣਾਂਗੇ, ਫਿਰ ਦਲਿਤ ਭਰਾ ਅਤੇ ਹਰ ਪੰਜਾਬ ਦਾ ਨਾਗਰਿਕ ਮਹਿਸੂਸ ਕਰੇਗਾ ਕਿ ਉਸ ਨਾਲ ਧੱਕਾ ਤੇ ਧੋਖਾ ਇਹ ਜ਼ਿੰਮੇਵਾਰ ਬੰਦੇ ਕਰਨਗੇ। ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਵੀ ਬਰਦਾਸ਼ਤਯੋਗ ਨਹੀਂ ਹੈ। ....(ਥੰਪਿੰਗ)

(ਇਸ ਸਮੇਂ ਵੀ ਸੱਤਾਧਾਰੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਉਨ੍ਹਾਂ ਮੈਂਬਰਾਂ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਸਨ ਜਿਨ੍ਹਾਂ ਨੇ ਵਾਚ ਐਂਡ ਵਾਰਡ ਨਾਲ ਮਿਤੀ 13 ਮਾਰਚ, 2013 ਨੂੰ ਪੰਜਾਬ ਵਿਧਾਨ ਸਭਾ ਕੰਪਲੈਕਸ ਅੰਦਰ ਦੁਰਵਿਵਹਾਰ ਕੀਤਾ ਅਤੇ ਜਾਤੀ ਸੂਚਕ ਸ਼ਬਦ ਵਰਤੇ।)

**ਮਾਨਯੋਗ ਸਪੀਕਰ** : ਮੈਂ ਕਿਹਾ ਕਿ ਇਹ ਗੱਲ ਕੱਲ੍ਹ ਕਰਾਂਗੇ। ਧਿਆਨ ਦਿਵਾਊ ਨੋਟਿਸ। ..(ਵਿਘਨ)... ਮੈਂ ਤੁਹਾਡੀ ਗੱਲ ਸਮਝ ਗਿਆ ਹਾਂ। ਮੈਂ ਤੁਹਾਡੇ ਜ਼ਜ਼ਬਾਤਾਂ ਨੂੰ ਸਮਝਦਾ ਹਾਂ। ਮੈਂ ਤੁਹਾਡੇ ਜ਼ਜ਼ਬਾਤਾਂ ਦੀ ਕਦਰ ਕਰਦਾ ਹਾਂ। ਮੈਨੂੰ ਇਕ ਦਿਨ ਦਾ ਸਮਾਂ ਦਿਉ। (ਵਿਘਨ) ਹੁਣ ਬੈਠ ਜਾਉ।

## CALL ATTENTION NOTICE UNDER RULE 66

**ਮਾਨਯੋਗ ਸਪੀਕਰ** : ਧਿਆਨ ਦਿਵਾਊ ਨੋਟਿਸ। ਸਰਦਾਰ ਅਜੀਤ ਇੰਦਰ ਸਿੰਘ ਮੋਫਰ।

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋ ਸਕਿਆ।)

**ਮਾਨਯੋਗ ਸਪੀਕਰ** : ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। (ਵਿਘਨ) ਬੀਬੀ ਜੀ, ਬੈਠ ਜਾਉ। ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲਿਆਂ ਬਾਰੇ ਮੰਤਰੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ)** : ਸਪੀਕਰ ਸਾਹਿਬ, ਮੇਰਾ ਮਤ ਹੈ ਕਿ ਜੋ ਕੁਝ ਕੱਲ੍ਹ ਹਾਊਸ ਵਿੱਚ ਹੋਇਆ ਹੈ, ਵਿੱਦ ਇਨ ਹਾਊਸ ਹੋਇਆ ਹੈ........

**ਮਾਨਯੋਗ ਸਪੀਕਰ** : ਮੈਂ ਉਸ ਬਾਰੇ ਬੇਨਤੀ ਕਰ ਦਿੱਤੀ ਹੈ ਕਿ ਕੱਲ੍ਹ ਇਸ ਬਾਰੇ ਮੈਂ ਗੱਲ ਕਰਾਂਗਾ। ਅੱਜ ਨਹੀਂ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਉਨ੍ਹਾਂ ਨੂੰ ਕੱਢਣ ਬਾਰੇ ਤਾਂ ਮਤਾ ਲਿਆ ਦਿੱਤਾ ਹੈ। ਉਨ੍ਹਾਂ ਦਾ ਪੀਰੀਅਡ ਵਧਾਓ ਜੀ।

**ਮਾਨਯੋਗ ਸਪੀਕਰ** : ਮੈਂ ਇਸ ਬਾਰੇ ਕੱਲ੍ਹ ਹੀ ਗੱਲ ਕਰਾਂਗਾ। ਅੱਜ ਨਹੀਂ ਕਿਉਂਕਿ They are absent. ਅੱਜ ਕੁਝ ਨਹੀਂ ਹੋ ਸਕਦਾ।

**ਸੰਸਦੀ ਮਾਮਲੇ ਮੰਤਰੀ**: ਸਪੀਕਰ ਸਾਹਿਬ, ਕੀ ਤੁਸੀਂ ਕੱਲ੍ਹ ਮਤਾ ਮੂਵ ਕਰੋਗੇ।

**ਮਾਨਯੋਗ ਸਪੀਕਰ** : ਕੱਲ੍ਹ ਮੂਵ ਕਰ ਲਵਾਂਗੇ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਇਕ ਮੇਰਾ ਹੋਰ ਮਤਾ ਹੈ ਜਿਹੜਾ ਮੈਂ ਕੱਲ੍ਹ ਦਿੱਤਾ ਸੀ। ਉਸ ਦਾ ਕੀ ਬਣਿਆ?

**ਮਾਨਯੋਗ ਸਪੀਕਰ** : ਕਿਹੜਾ ਮਤਾ ?

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਕੱਲ੍ਹ ਮੈਂ ਦਿੱਤਾ ਸੀ ਕਿ ਜੋ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਮਰਿਆਦਾ ਭੰਗ ਕੀਤੀ, ਸਿਕਿਓਰਟੀ ਭੰਗ ਕੀਤੀ, ਇਸ ਬਾਰੇ ਮੈਂ ਪ੍ਰਿਵਿਲੇਜ ਮੋਸ਼ਨ ਮੂਵ ਕਰਨ ਦੀ ਇਜਾਜ਼ਤ ਮੰਗੀ ਸੀ।

**ਮਾਨਯੋਗ ਸਪੀਕਰ** : ਉਹ ਕੱਲ੍ਹ ਹੀ ਕਰਾਂਗੇ। ਉਹ ਕੱਲ੍ਹ ਹੀ ਹੋਵੇਗਾ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਉਸ ਦੀ ਤਾਂ ਅੱਜ ਇਜਾਜ਼ਤ ਦਿਉ ਜੀ।

**ਮਾਨਯੋਗ ਸਪੀਕਰ** : ਉਹ ਵੀ ਕੱਲ੍ਹ ਹੀ ਕਰਾਂਗੇ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਉਹ ਤਾਂ ਕੱਲ੍ਹ ਦੀ ਦਿੱਤੀ ਹੋਈ ਹੈ।

**ਮਾਨਯੋਗ ਸਪੀਕਰ** : ਮੇਰੇ ਕੋਲ ਚੈਂਬਰ ਵਿੱਚ ਆ ਕੇ ਪੁੱਛ ਲੈਣਾ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਕੱਲ੍ਹ ਤੱਕ ਤਾਂ ਹੋਰ ਕੋਈ ਮੋਸ਼ਨ ਆ ਜਾਣੀ ਹੈ।

**ਮਾਲ ਤੇ ਮੁੜ ਵਸੇਬਾ ਮੰਤਰੀ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ The person who was doing a duty was bashed up. He was bashed up.

**ਮਾਨਯੋਗ ਸਪੀਕਰ** : ਜੋ ਹੋ ਸਕਿਆ, ਉਹ ਕਰਾਂਗੇ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਕੱਲ੍ਹ ਦੀ ਜਿਹੜੀ ਪ੍ਰਿਵਿਲੇਜ ਮੋਸ਼ਨ ਹੈ, ਉਹ ਤਾਂ ਅੱਜ ਕਰੋ। ਅਸੀਂ ਤਾਂ ਇਕ ਹੋਰ ਪ੍ਰਿਵਿਲੇਜ ਮੋਸ਼ਨ ਲਿਆਉਣਾ ਚਾਹੁੰਦੇ ਹਾਂ।

**ਮਾਨਯੋਗ ਸਪੀਕਰ** : ਪ੍ਰਿਵਿਲੇਜ ਮੋਸ਼ਨ ਉਨ੍ਹਾਂ ਦੇ ਖਿਲਾਫ ਮੂਵ ਨਹੀਂ ਹੋ ਸਕਦਾ ਜਿਹੜੇ ਕਿ ਅਬਸੈਂਟ ਹਨ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਉਹ ਤਾਂ ਆਉਣਗੇ ਹੀ ਨਹੀਂ ਜੀ।

**ਮਾਨਯੋਗ ਸਪੀਕਰ** : ਆਪਾਂ ਕੱਲ੍ਹ ਦੇਖ ਲਵਾਂਗੇ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਜੇ ਫਰਜ਼ ਕਰੋ ਉਹ ਆਉਂਦੇ ਹੀ ਨਹੀਂ.......

**ਮਾਨਯੋਗ ਸਪੀਕਰ** : ਮੈਂ ਕਿਹਾ ਕੱਲ੍ਹ ਦੇਖ ਲਵਾਂਗੇ। ਮੈਨੂੰ ਦੇਖ ਲੈਣ ਦਿਉ। ਨੈਕਸਟ ਕਾਰਵਾਈ ਹੈ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

## PAPERS LAID ON THE TABLE OF THE HOUSE

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ)** : ਸਪੀਕਰ ਸਾਹਿਬ, ਮੈਂ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ. iii ਅਧੀਨ ਦਰਸਾਏ ਗਏ ਕ੍ਰਮ ਅੰਕ ਨੰ: 1 ਤੋਂ 7 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. ਸਾਲ 2010-2011 ਲਈ ਗਰੇਟਰ ਮੋਹਾਲੀ ਖੇਤਰ ਵਿਕਾਸ ਅਥਾਰਟੀ (ਗਮਾਡਾ) ਦੇ ਲੇਖਿਆਂ ਦੇ ਸਾਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।
2. ਸਾਲ 2011-12 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105 (2) ਅਧੀਨ ਲੋੜੀਂਦਾ ਹੈ।
3. ਸਾਲ 2011-12 ਲਈ ਵਿੱਤ ਵਿਭਾਗ (ਸਥਾਨਕ ਆਡਿਟ) ਦੀ ਸਲਾਨਾ ਪ੍ਰਬੰਧਕੀ ਰਿਪੋਰਟ।

[ਸੰਸਦੀ ਮਾਮਲੇ ਮੰਤਰੀ]

4. ਸਾਲ 2011-12 ਲਈ ਪੰਜਾਬ ਸਾਬਕਾ ਫੌਜੀਆਂ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਪੰਜਾਬ ਸਾਬਕਾ ਫੌਜੀਆਂ ਕਾਰਪੋਰੇਸ਼ਨ (ਪੈਸਕੋ) ਐਕਟ, 1978 ਦੀ ਧਾਰਾ 23 (6) ਅਧੀਨ ਲੋੜੀਂਦਾ ਹੈ।

5. ਸਾਲ 2009-10 ਲਈ ਪੰਜਾਬ ਰਾਜ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਿਡ (ਪਨਬਸ) ਦੀ 15ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

6. 1.4.2012 ਤੋਂ 30.09.2012 ਤੱਕ ਬਜਟ ਦੇ ਸਬੰਧ ਵਿੱਚ ਪ੍ਰਾਪਤੀਆਂ ਅਤੇ ਖਰਚਿਆਂ ਦਾ ਵਿਵਰਣ, ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਮੈਨੇਜਮੈਂਟ ਐਕਟ, 2003 ਦੀ ਧਾਰਾ 6 (1) ਅਧੀਨ ਲੋੜੀਂਦਾ ਹੈ।

7. ਸਾਲ 2010-11 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ ਦੇ ਸਾਲਾਨਾ ਲੇਖੇ ਅਤੇ ਆਡਿਟ ਰਿਪੋਰਟ ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 33 (4) ਅਧੀਨ ਲੋੜੀਂਦਾ ਹੈ ਅਤੇ ਉਕਤ ਸਾਲਾਨਾ ਲੇਖਿਆਂ ਅਤੇ ਆਡਿਟ ਰਿਪੋਰਟ ਨੂੰ ਰੱਖਣ ਵਿੱਚ ਹੋਈ ਦੇਰੀ ਦੇ ਕਾਰਣ ਦਰਸਾਉਂਦਾ ਵਿਵਰਣ।

## RESOLUTION REGARDING RECOMMENDATION TO THE STATE GOVERNMENT TO LAUNCH A SOCIAL MOVEMENT TO AWAKEN THE MASSES WITH AN AIM TO CHECK THE RECKLESS AND WORTHLESS SPENDING ON MARRIAGES AND OTHER SUCH FUNCTIONS IN THE STATE

**ਮਾਨਯੋਗ ਸਪੀਕਰ** : ਸਰਦਾਰ ਹਰਪ੍ਰੀਤ ਸਿੰਘ ਮਤਾ ਪੇਸ਼ ਕਰਨ।

**ਸਰਦਾਰ ਹਰਪ੍ਰੀਤ ਸਿੰਘ** : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿਚ ਵਿਆਹ ਸ਼ਾਦੀਆਂ ਅਤੇ ਹੋਰ ਅਜਿਹੇ ਸਮਾਗਮਾਂ ਉੱਤੇ ਹੋ ਰਹੇ ਬੇ-ਤਹਾਸ਼ਾ ਅਤੇ ਫਜ਼ੂਲ ਖਰਚੇ ਨੂੰ ਰੋਕਣ ਲਈ ਲੋਕਾਂ ਨੂੰ ਜਾਗ੍ਰਿਤ ਕਰਨ ਵਾਸਤੇ ਇਕ ਸਮਾਜਿਕ ਲਹਿਰ ਚਲਾਈ ਜਾਵੇ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਵਿਆਹ ਸ਼ਾਦੀਆਂ ਅਤੇ ਹੋਰ ਅਜਿਹੇ ਸਮਾਗਮਾਂ ਉੱਤੇ ਹੋ ਰਹੇ ਬੇ-ਤਹਾਸ਼ਾ ਅਤੇ ਫਜ਼ੂਲ ਖਰਚੇ ਨੂੰ ਰੋਕਣ ਲਈ ਲੋਕਾਂ ਨੂੰ ਜਾਗ੍ਰਿਤ ਕਰਨ ਵਾਸਤੇ ਇਕ ਸਮਾਜਿਕ ਲਹਿਰ ਚਲਾਈ ਜਾਵੇ।"

ਹੁਣ ਇਸ ਮਤੇ ਤੇ ਬਹਿਸ ਹੋਏਗੀ। ਸਰਦਾਰ ਹਰਪ੍ਰੀਤ ਸਿੰਘ।

**ਸਰਦਾਰ ਹਰਪ੍ਰੀਤ ਸਿੰਘ (ਮਲੋਟ, ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਤੁਹਾਡੀ ਆਗਿਆ ਨਾਲ ਮੈਂ ਇਸ ਪਵਿੱਤਰ ਸਦਨ ਵਿੱਚ ਇਸ ਮਹੱਤਵਪੂਰਨ ਮਤੇ ਤੇ ਆਪਣੇ ਵਿਚਾਰ ਰੱਖਣਾ ਚਾਹੁੰਦਾ ਹਾਂ। ਜਿਵੇਂ ਕਿ ਆਪਾਂ ਸਾਰੇ ਜਾਣਦੇ ਹਾਂ ਕਿ ਮਨੁੱਖ ਇਕ ਸਮਾਜਿਕ ਜੀਵ ਹੈ ਅਤੇ ਸਮਾਜ ਵਿੱਚ ਵਿਚਰਦੇ ਹੋਏ ਕਈ ਤਰ੍ਹਾਂ ਦੇ ਧਾਰਮਿਕ ਰੀਤੀ ਰਿਵਾਜਾਂ ਵਿੱਚ ਬੱਝ ਕੇ ਆਪਣੇ ਜੀਵਨ ਦਾ ਨਿਰਬਾਹ ਕਰਦਾ ਹੈ। ਇਹ ਰੀਤੀ-ਰਿਵਾਜ ਸਦੀਆਂ ਤੋਂ ਚਲੇ ਆ ਰਹੇ ਹਨ ਅਤੇ ਮਨੁੱਖ ਉਨ੍ਹਾਂ ਨੂੰ ਉਸੇ ਤਰ੍ਹਾਂ ਮੰਨ ਕੇ ਕਰਦਾ ਆਉਂਦਾ ਹੈ। ਸਮੇਂ-ਸਮੇਂ ਮੁਤਾਬਿਕ ਇਨ੍ਹਾਂ ਰੀਤੀ-ਰਿਵਾਜਾਂ ਵਿੱਚ ਬਦਲਾਅ ਵੀ ਹੁੰਦੇ ਰਹਿੰਦੇ ਹਨ। ਇਨ੍ਹਾਂ ਰੀਤੀ-ਰਿਵਾਜਾਂ ਵਿਚੋਂ ਵਿਆਹ ਦੀ ਰਸਮ ਦਾ ਇੱਕ ਬਹੁਤ ਮਹੱਤਵਪੂਰਨ ਸਥਾਨ ਹੈ। ਇਸ ਨੂੰ ਦੋ ਰੂਹਾਂ ਦਾ ਮਿਲਣ ਆਖਿਆ ਜਾਂਦਾ ਹੈ ਅਤੇ ਸਾਰੀ ਉਮਰ ਇਕ ਦੂਜੇ ਨਾਲ ਦੁੱਖ-ਸੁੱਖ ਵਿੱਚ, ਉਤਰਾਅ-ਚੜ੍ਹਾਅ ਵਿੱਚ, ਇਕੱਠੇ ਰਹਿਣ ਦੇ ਵਾਅਦੇ ਨਾਲ, ਆਪਣੀ ਆਪਣੀ ਆਸਥਾ ਮੁਤਾਬਿਕ, ਆਪਣੇ ਆਪਣੇ ਧਰਮ ਮੁਤਾਬਿਕ ਰੀਤੀ-ਰਿਵਾਜਾਂ ਨਾਲ ਇਸ ਰਸਮ ਨੂੰ ਸੰਪੰਨ ਕੀਤਾ ਜਾਂਦਾ ਹੈ। ਜਿਵੇਂ ਮੈਂ ਪਹਿਲਾਂ ਕਹਿ ਰਿਹਾ ਸੀ ਕਿ ਸਮੇਂ-ਸਮੇਂ ਤੇ ਹਰ ਇਕ ਰੀਤੀ-ਰਿਵਾਜ ਵਿੱਚ ਬਦਲਾਅ ਹੁੰਦੇ ਰਹਿੰਦੇ ਹਨ ਪਰ ਜੋ ਬਦਲਾਅ ਪਿਛਲੇ ਸਮੇਂ ਵਿੱਚ ਇਨ੍ਹਾਂ ਵਿਆਹਾਂ ਦੀਆਂ ਰਸਮਾਂ ਵਿੱਚ ਆਏ ਹਨ,

*12.27 ਵਜੇ ਬਾਅਦ ਦੁਪਹਿਰ,

(*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਉਨ੍ਹਾਂ ਵਿੱਚ ਫਜ਼ੂਲ-ਖਰਚੀ ਵਧੀ ਹੈ, ਉਸ ਨੂੰ ਰੋਕਣ ਲਈ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਲੋੜ ਹੈ। ਇਸ ਪਵਿੱਤਰ ਰਸਮ ਨੂੰ ਅੱਜ ਸਮਾਜ ਨੇ ਇਕ ਲੋਕ ਵਿਖਾਵੇ ਦਾ ਜ਼ਰੀਆ ਬਣਾ ਕੇ ਰੱਖ ਦਿੱਤਾ ਹੈ। ਇਸ ਸਮਾਗਮ ਰਾਹੀਂ ਲੋਕ ਆਪਣਾ ਰੁਤਬਾ, ਹੈਸੀਅਤ ਅਤੇ ਪੈਸੇ ਦੀ ਤਾਕਤ ਵਿਖਾਉਣ ਦੀ ਕੋਸ਼ਿਸ਼ ਕਰਦੇ ਹਨ। ਪਹਿਲਾਂ ਇਹ ਸਮਾਗਮ ਜਿਥੇ ਘਰਾਂ ਵਿੱਚ, ਧਾਰਮਿਕ ਸਥਾਨਾਂ ਤੇ ਸੰਪੰਨ ਹੁੰਦਾ ਸੀ, ਉਥੇ ਇਹ ਸਮਾਗਮ ਹੁਣ ਮਹਿੰਗੇ

[ਸਰਦਾਰ ਹਰਪ੍ਰੀਤ ਸਿੰਘ]

ਪੈਲੇਸਾਂ ਵਿੱਚ, ਮਹਿੰਗੇ ਪੈਲੇਸਾਂ ਦੇ ਨਾਲ-ਨਾਲ ਮਹਿੰਗੇ ਟੈਂਟ ਵੀ ਉਥੇ ਲੱਗਦੇ ਹਨ, ਡੈਕੋਰੇਸ਼ਨਾਂ ਹੁੰਦੀਆਂ ਹਨ, ਉਨ੍ਹਾਂ ਤੇ ਖਰਚਾ ਕੀਤਾ ਜਾਂਦਾ ਹੈ। ਨਾਲ-ਨਾਲ ਲਾਈਟਾਂ, ਡੀ.ਜੇ ਅਤੇ ਆਰਕੈਸਟਰਾ ਉਤੇ ਵੀ ਫਜ਼ੂਲਖਰਚੀ ਕੀਤੀ ਜਾਂਦੀ ਹੈ। ਇਸ ਦੇ ਨਾਲ ਨਾਲ ਮਹਿੰਗੇ ਗਾਇਕ, ਐਕਟਰ ਅਤੇ ਐਕਟਰਿਸਾਂ ਨੂੰ ਵੀ ਇਨ੍ਹਾਂ ਸਮਾਗਮਾਂ ਵਿੱਚ ਸੱਦਣਾ ਇਕ ਸ਼ਾਨ ਦੀ ਗੱਲ ਬਣ ਗਈ ਹੈ। ਇਹ ਦਿਖਾਵਾ ਇਸ ਕਦਰ ਸਮਾਜ ਦਾ ਹਿੱਸਾ ਬਣ ਗਿਆ ਹੈ ਕਿ ਬਹੁਤੇ ਪੈਲੇਸਾਂ ਵਿੱਚ ਦਾਜ ਵਾਲੀ ਕਾਰ, ਜਿਹੜੀ ਲੜਕੀ ਦਾ ਪਰਿਵਾਰ ਦਿੰਦਾ ਹੈ, ਉਸ ਨੂੰ ਵਿਖਾਉਣ ਲਈ ਇਹੋ ਜਿਹੀ ਥਾਂ ਪੈਲੇਸਾਂ ਵਿੱਚ ਬਣਾਈ ਜਾਂਦੀ ਹੈ, ਜਿਥੋਂ ਆਉਣ-ਜਾਣ ਵੇਲੇ ਹਰ ਇਕ ਆਦਮੀ ਦੇਖ ਸਕੇ। ਇਹ ਵੀ ਇਕ ਵਿਖਾਵੇ ਦਾ ਢੰਗ ਬਣਿਆ ਹੈ। ਜਿਨ੍ਹਾਂ ਪਰਿਵਾਰਾਂ ਕੋਲ ਰੁਤਬਾ ਹੈ, ਆਰਥਿਕ ਤੌਰ ਤੇ ਸੰਪੰਨ ਹਨ, ਉਨ੍ਹਾਂ ਪਰਿਵਾਰਾਂ ਲਈ ਇਹ ਕੋਈ ਵੱਡੀ ਗੱਲ ਨਹੀਂ। ਉਹ ਇਹ ਸਾਰਾ ਕੁਝ ਕਰ ਸਕਦੇ ਹਨ ਪਰ ਜਦੋਂ ਅਜਿਹੇ ਪਰਿਵਾਰ ਖਰਚਾ ਕਰਦੇ ਹਨ ਤਾਂ ਉਹ ਇਹ ਗੱਲ ਵੀ ਆਖਦੇ ਹਨ ਕਿ ਇਹ ਦਿਨ ਕਿਹੜਾ ਰੋਜ਼ ਆਉਣੇ ਹਨ। ਜਾਂ ਇਹ ਗੱਲ ਵੀ ਆਖਦੇ ਹਨ ਕਿ ਮੇਰਾ ਤਾਂ ਇੱਕੋ ਲੜਕਾ ਹੈ ਜਾਂ ਇੱਕੋ ਲੜਕੀ ਹੈ, ਮੈਂ ਤਾਂ ਇਸੇ ਤੇ ਹੀ ਖਰਚਾ ਕਰਨਾ ਹੈ। ਇਥੋਂ ਤੱਕ ਕਿ ਕਈ ਪਰਿਵਾਰਾਂ ਵਿੱਚ ਹੁਣ ਵਿਆਹ ਤੋਂ ਪਹਿਲਾਂ ਸੌਦੇਬਾਜ਼ੀ ਵੀ ਹੁੰਦੀ ਹੈ ਕਿ ਅਸੀਂ ਤਾਂ ਤੁਹਾਡਾ ਰਿਸ਼ਤਾ ਲਵਾਂਗੇ ਜੇ ਤੁਸੀਂ ਵਿਆਹ ਤੇ 25 ਲੱਖ ਰੁਪਿਆ ਖਰਚਾ ਕਰੋਗੇ ਜਾਂ 30 ਲੱਖ ਰੁਪਿਆ ਖਰਚਾ ਕਰੋਗੇ ਜਾਂ 50 ਲੱਖ ਰੁਪਿਆ, 60 ਲੱਖ ਰੁਪਿਆ, 70 ਲੱਖ ਰੁਪਿਆ ਅਤੇ ਕਰੋੜਾਂ ਤੱਕ ਇਹ ਖਰਚੇ ਦੀ ਗੱਲ ਪਹਿਲਾਂ ਹੀ ਤਹਿ ਹੋ ਜਾਂਦੀ ਹੈ। ਉਸ ਤੋਂ ਬਾਅਦ ਹੀ ਇਹ ਰਿਸ਼ਤੇ ਪੱਕੇ ਕੀਤੇ ਜਾਂਦੇ ਹਨ। ਜਿਨ੍ਹਾਂ ਪਰਿਵਾਰਾਂ ਕੋਲ ਤਾਂ ਗੁੰਜਾਇਸ਼ ਹੁੰਦੀ ਹੈ ਉਹ ਤਾਂ ਇਹ ਸਾਰਾ ਕੁਝ ਖੁਸ਼ੀ ਦੇ ਨਾਲ ਕਰਦੇ ਹਨ ਪਰ ਉਨ੍ਹਾਂ ਨੂੰ ਵੇਖ ਕੇ ਜੋ ਆਪਣੇ ਸਮਾਜ ਦੇ ਇਕ ਵੱਡਾ ਹਿੱਸਾ ਮਿਡਲ ਕਲਾਸ ਦਾ ਹੈ ਜਾਂ ਗਰੀਬ ਵਰਗ ਹੈ, ਉਹ ਵੀ ਵਿਤੋਂ ਵੱਧ ਖਰਚਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਜੇ ਕਿਹਾ ਜਾਵੇ ਕਿ ਉਹ ** ਦੀ ਕੋਸ਼ਿਸ਼ ਕਰਦੇ ਹਨ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਸਾਰੀ ਉਮਰ ਹੱਡ ਭੰਨਵੀਂ ਮਿਹਨਤ ਕਰਦੇ ਹਨ ਅਤੇ ਮਿਹਨਤ ਕਰਕੇ ਜਿਹੜਾ ਪੈਸਾ ਸਾਰੀ ਉਮਰ ਵਿੱਚ ਕਮਾਇਆ ਹੁੰਦਾ ਹੈ, ਇਕੱਠਾ ਕੀਤਾ ਹੁੰਦਾ ਹੈ ਉਸ ਨੂੰ ਇਕੋ ਦਿਨ ਵਿੱਚ ਖਰਚ ਕਰਨਾ ਅੱਜ ਹਰ ਇਕ ਪਰਿਵਾਰ ਦੀ ਮਜਬੂਰੀ ਬਣ ਗਈ ਹੈ। ਇਹ ਸਿਰਫ ਇਸ ਕਰਕੇ ਕੀਤਾ ਜਾਂਦਾ ਹੈ ਕਿ ਸਮਾਜ ਵਿੱਚ ਉਨ੍ਹਾਂ ਦੀ ਸ਼ਾਨ ਬਣੇ, ਆਂਢੀ-ਗੁਆਂਢੀ ਰਿਸ਼ਤੇਦਾਰ, ਦੋਸਤ-ਮਿੱਤਰ ਉਨ੍ਹਾਂ ਦੇ ਸਮਾਗਮ ਦੇ ਉਤੇ ਆਉਣ, ਉਨ੍ਹਾਂ ਦੀ ਸਿਫਤ ਕਰਨ, ਉਨ੍ਹਾਂ ਦੀ ਕਦਰ ਕਰਨ ਤੇ ਉਨ੍ਹਾਂ ਨੂੰ ਚੰਗਾ ਸਮਝਣ। ਇਕ ਪਾਸੇ ਤਾਂ ਅੱਜ

---

**Expunged as ordered by the Chair.

ਜਿਹੜਾ ਸਾਰਾ ਸਮਾਜ ਹੈ, ਸਾਰੇ ਲੋਕ ਹਨ ਉਹ ਮਹਿੰਗਾਈ ਤੋਂ ਅੱਕੇ ਪਏ ਹਨ, ਮਹਿੰਗਾਈ ਨੇ ਹਰੇਕ ਦਾ ਲੱਕ ਤੋੜ ਰੱਖਿਆ ਹੈ। ਜਦੋਂ ਡੀਜ਼ਲ ਜਾਂ ਪੈਟਰੋਲ ਦੀਆਂ ਕੀਮਤਾਂ ਵੱਧਦੀਆਂ ਹਨ ਜਾਂ ਹੋਰ ਘਰੇਲੂ ਲੋੜ ਦੀਆਂ ਚੀਜ਼ਾਂ ਦੀਆਂ ਕੀਮਤਾਂ ਵੱਧਦੀਆਂ ਹਨ ਤਾਂ ਉਦੋਂ ਧਰਨੇ ਵੀ ਲਗਦੇ ਹਨ, ਰੋਸ ਮਾਰਚ ਵੀ ਨਿਕਲਦੇ ਹਨ, ਸਰਕਾਰਾਂ ਖਿਲਾਫ਼ ਨਾਅਰੇਬਾਜ਼ੀ ਵੀ ਹੁੰਦੀ ਹੈ। ਦੂਜੇ ਪਾਸੇ ਵਿਆਹ ਸ਼ਾਦੀ ਜਾਂ ਦੂਜੇ ਸਮਾਗਮਾਂ ਵਿਚ ਜਿਹੜੀ ਫਜ਼ੂਲਖਰਚੀ ਹੁੰਦੀ ਹੈ, ਉਸ ਵੱਲ ਲੋਕ ਬਹੁਤ ਬੇਪਰਵਾਹ ਹੋਏ ਹਨ। ਬਿਨਾਂ ਸੋਚੇ ਸਮਝੇ, ਬਿਨਾਂ ਇਸ ਦਾ ਸਿੱਟਾ ਵੇਖੇ ਉਹ ਇਸ ਫਜ਼ੂਲਖਰਚੀ ਨੂੰ ਕਰੀ ਜਾ ਰਹੇ ਹਨ। ਵਿਆਹ ਸ਼ਾਦੀਆਂ ਦੇ ਵਿੱਚ ਮਹਿੰਗੇ-ਮਹਿੰਗੇ ਪਕਵਾਨ ਬਣਦੇ ਹਨ, ਉਨ੍ਹਾਂ ਪਕਵਾਨਾਂ ਦੀ ਵੇਸਟੇਜ ਵੀ ਬਹੁਤ ਹੁੰਦੀ ਹੈ। ਇਕ ਪਿਛੇ ਜਿਹੇ ਸੈਂਟਰ ਗੌਰਮਿੰਟ ਨੇ ਸਰਵੇ ਕਰਵਾਇਆ ਸੀ। ਉਸ ਸਰਵੇ ਵਿੱਚ ਦੱਸਿਆ ਗਿਆ ਸੀ ਕਿ ਪੰਦਰਾਂ ਤੋਂ ਵੀਹ ਪ੍ਰਤੀਸ਼ਤ ਖਾਣਾ ਵਿਆਹ ਸ਼ਾਦੀਆਂ ਜਾਂ ਹੋਰ ਸਮਾਗਮਾਂ ਵਿੱਚ ਜ਼ਾਇਆ ਚਲਾ ਜਾਂਦਾ ਹੈ। ਆਪਣੇ ਦੇਸ਼ ਵਿੱਚ ਇੰਨੀ ਗਰੀਬੀ ਹੈ, ਆਪਣੇ ਸੂਬੇ ਵਿੱਚ ਇੰਨੀ ਗਰੀਬੀ ਹੈ ਕਿ ਉਹੀ ਖਾਣਾ ਕਈ ਗਰੀਬ ਅਤੇ ਭੁੱਖੇ ਲੋਕਾਂ ਦੇ ਪੇਟ ਭਰਨ ਦੇ ਕੰਮ ਆ ਸਕਦਾ ਸੀ ਪਰ ਵਿਖਾਵੇ ਕਰਕੇ ਆਪਾਂ ਸਾਰੇ ਇਹ ਜਿਹੜੇ ਖਰਚੇ ਹਨ, ਇਨ੍ਹਾਂ ਨੂੰ ਕਰੀ ਜਾਂਦੇ ਹਾਂ। ਇੱਕ ਗੱਲ ਇਹ ਵੀ ਹੈ ਕਿ ਜਿਹੜੇ ਰਿਸ਼ਤੇਦਾਰ ਅੱਜ ਸਮਾਗਮ ਵਿੱਚ ਆਏ ਹਨ ਜਾਂ ਜਿਹੜੇ ਦੋਸਤ-ਮਿੱਤਰ ਅੱਜ ਸਮਾਗਮ ਵਿੱਚ ਆਏ ਹਨ, ਜਿਨ੍ਹਾਂ ਨੇ ਇਸ ਫਜ਼ੂਲਖਰਚੀ ਦਾ ਲੁਤਫ ਉਠਾਇਆ ਹੈ, ਖਾਣੇ ਖਾਧੇ ਹਨ ਜਾਂ ਉਥੇ ਜੋ ਆਰਕੈਸਟਰਾ ਜਾਂ ਕਿਸੇ ਚੰਗੇ ਗਾਇਕ ਦਾ ਪ੍ਰੋਗਰਾਮ ਲੱਗਿਆ ਹੈ, ਉਹ ਵੇਖਿਆ ਹੈ, ਕਿਸੇ ਨੇ ਕਦੇ ਇਹ ਨਹੀਂ ਸੋਚਿਆ ਕਿ ਲੋੜ ਪੈਣ ਤੇ ਜੇ ਕੱਲ੍ਹ ਨੂੰ ਤੁਹਾਨੂੰ ਆਪ ਨੂੰ ਕੋਈ ਲੋੜ ਪੈ ਜਾਵੇ ਤਾਂ ਕੀ ਉਹ ਦੋਸਤ, ਰਿਸ਼ਤੇਦਾਰ, ਮਿੱਤਰ ਤੁਹਾਡੇ ਕੰਮ ਆਉਣਗੇ? ਕੀ ਤੁਹਾਡੀ ਆਰਥਿਕ ਤੌਰ ਤੇ ਕੋਈ ਮਦਦ ਕਰਨਗੇ? ਜੇ ਆਪਾਂ ਨੂੰ ਪਤਾ ਹੈ ਕਿ ਉਨ੍ਹਾਂ ਨੇ ਨਹੀਂ ਕਰਨੀ ਤਾਂ ਫਿਰ ਆਪਾਂ ਨੂੰ ਇਹ ਨਜਾਇਜ਼ ਖਰਚਾ ਨਹੀਂ ਕਰਨਾ ਚਾਹੀਦਾ। ਜਿਹੜੇ ਲੋਕ ਖਰਚ ਕਰ ਸਕਦੇ ਹਨ, ਉਨ੍ਹਾਂ ਨੇ ਇਸ ਖਰਚ ਨੂੰ ਜ਼ਰੂਰੀ ਬਣਾ ਦਿੱਤਾ ਹੈ। ਇਸ ਦਾ ਸਿੱਟਾ ਅੱਜ ਆਪਾਂ ਨੂੰ ਸਮਾਜ ਵਿੱਚ ਭੁਗਤਣਾ ਪੈ ਰਿਹਾ ਹੈ। ਆਪਾਂ ਕਈ ਵਾਰੀ ਅਖਬਾਰਾਂ ਵਿੱਚ, ਟੀ.ਵੀ. ਤੇ ਵੇਖਦੇ ਹਾਂ, ਸਮੁੱਚੇ ਦਾ ਸਮੁੱਚਾ ਪਰਿਵਾਰ ਹੀ ਖੁਦਕੁਸ਼ੀ ਕਰ ਜਾਂਦਾ ਹੈ, ਕਈ ਮਾਪੇ ਮਜਬੂਰੀ ਵਿੱਚ ਆਪ ਹੀ ਖੁਦਕੁਸ਼ੀ ਕਰ ਜਾਂਦੇ ਹਨ ਤੇ ਨਾਲ ਆਪਣੀਆਂ ਧੀਆਂ ਨੂੰ ਵੀ ਖੁਦਕੁਸ਼ੀ ਕਰਨ ਲਈ ਮਜਬੂਰ ਕਰ ਦਿੰਦੇ ਹਨ। ਉਨ੍ਹਾਂ ਦੀ ਮਜਬੂਰੀ ਇਹੋ ਹੀ ਹੁੰਦੀ ਹੈ ਕਿ ਉਨ੍ਹਾਂ ਦੇ ਕੋਲ ਇੰਨੇ ਪੈਸੇ ਨਹੀਂ ਹੁੰਦੇ ਕਿ ਕੱਲ੍ਹ ਨੂੰ ਆਪਣੀਆਂ ਧੀਆਂ ਦੇ ਵਿਆਹ ਕਰ ਸਕਣ, ਉਨ੍ਹਾਂ ਦੇ ਵਿਆਹਾਂ ਦੇ ਉਤੇ ਖਰਚਾ ਕਰ ਸਕਣ। ਇਸੇ ਮਜਬੂਰੀ ਨੂੰ ਸਮਝ ਕੇ ਕਈ ਅਣਖ ਵਾਲੇ ਪਰਿਵਾਰ ਖੁਦਕੁਸ਼ੀ ਕਰਨ ਲਈ ਵੀ ਮਜਬੂਰ ਹੋ ਜਾਂਦੇ ਹਨ। ਇਸ ਦੇ ਪਿਛੇ ਇਸ ਦੇ ਨਾਲ-ਨਾਲ ਜਿਹੜੀ ਫਜ਼ੂਲਖਰਚੀ

[ਸਰਦਾਰ ਹਰਪ੍ਰੀਤ ਸਿੰਘ]

ਹੈ, ਇਹ ਭਰੂਣ ਹੱਤਿਆ ਦਾ ਵੀ ਬਹੁਤ ਵੱਡਾ ਕਾਰਨ ਹੈ। ਜੇ ਅੱਜ ਇੰਨੇ ਵੱਡੇ ਲੈਵਲ ਉੱਤੇ ਭਰੂਣ ਹੱਤਿਆ ਹੋ ਰਹੀ ਹੈ ਜਾਂ ਸਮਾਜ ਵਿੱਚ ਔਰਤਾਂ ਦਾ ਅਨੁਪਾਤ ਗਿਰ ਰਿਹਾ ਹੈ ਉਸ ਦੇ ਪਿੱਛੇ ਵੀ ਇਹ ਨਜਾਇਜ਼ ਖਰਚਾ ਹੈ, ਕਿਉਂਕਿ ਜਦੋਂ ਇਕ ਲੜਕੀ ਦਾ ਜਨਮ ਹੋਣ ਵਾਲਾ ਹੁੰਦਾ ਹੈ ਜਾਂ ਜਦੋਂ ਜਨਮ ਹੋਣ ਤੋਂ ਬਾਅਦ ਉਸ ਦੀ ਮੌਤ ਹੁੰਦੀ ਹੈ ਤਾਂ ਉਸ ਦੇ ਪਿੱਛੇ ਮਾਪਿਆਂ ਦੀ ਇਹ ਸੋਚ ਹੁੰਦੀ ਹੈ ਕਿ ਕੱਲ੍ਹ ਨੂੰ ਜਦੋਂ ਇਸ ਨੇ ਵੱਡਾ ਹੋਣਾ ਹੈ, ਇਸ ਦਾ ਵਿਆਹ ਕਰਨਾ ਪੈਣਾ ਹੈ ਤਾਂ ਇਸ ਦਾ ਖਰਚਾ ਕਿਥੋਂ ਕਰਾਂਗੇ। ਸੋ, ਇਹ ਵੀ ਬਹੁਤ ਵੱਡਾ ਫਜ਼ੂਲਖਰਚੀ ਦਾ ਜਿਹੜਾ ਸਿੱਟਾ ਹੈ, ਉਹ ਸਮਾਜ ਨੂੰ ਭੁਗਤਣਾ ਪੈਂਦਾ ਹੈ। ਅੱਜ ਇਸ ਫਜ਼ੂਲਖਰਚੀ ਨੂੰ ਬੰਦ ਕਰਨ ਦੀ ਲੋੜ ਹੈ। ਅੱਜ ਲੋੜ ਹੈ ਸੁਸਾਇਟੀ ਨੂੰ ਸਿੰਪਲ ਲਿਵਿੰਗ ਐਂਡ ਹਾਈ ਥਿੰਕਿੰਗ ਵਾਲੀ ਬਣਾਉਣ ਦੀ, ਅੱਜ ਲੋੜ ਹੈ ਜਾਗ੍ਰਿਤੀ ਲਿਆਉਣ ਦੀ, ਚੇਤਨਾ ਪੈਦਾ ਕਰਨ ਦੀ ਤਾਂ ਕਿ ਲੋਕ ਇਸ ਕੁਰੀਤੀ ਖਿਲਾਫ਼ ਆਪ ਲਾਮਬੰਦ ਹੋਣ। ਜੇ ਆਪਾਂ ਕਹੀਏ ਕਿ ਇਸ ਵਾਸਤੇ ਕੋਈ ਕਾਨੂੰਨ ਬਣਾਈਏ, ਕੋਈ ਕਾਨੂੰਨੀ ਰਾਹ ਅਖ਼ਤਿਆਰ ਕਰੀਏ, ਸਜ਼ਾਵਾਂ ਫਿਕਸ ਕਰੀਏ ਤਾਂ ਮੈਂ ਨਹੀਂ ਸਮਝਦਾ ਕਿ ਇਸ ਨਾਲ ਇਹ ਕੁਰੀਤੀ ਰੋਕੀ ਜਾ ਸਕਦੀ ਹੈ ਕਿਉਂਕਿ ਹਰੇਕ ਇਨਸਾਨ ਜਦੋਂ ਕੋਈ ਅਜਿਹਾ ਫੰਕਸ਼ਨ ਕਰਦਾ ਹੈ ਤਾਂ ਉਹ ਆਪਣੀ ਮਰਜ਼ੀ ਨਾਲ ਜੋ ਮਰਜ਼ੀ ਕਰ ਸਕਦਾ ਹੈ ਕਿਉਂਕਿ ਆਪਣਾ ਦੇਸ਼ ਅਜ਼ਾਦ ਮੁਲਕ ਹੈ। ਜੇ ਕੋਈ ਇਹੋ ਜਿਹਾ ਕਾਨੂੰਨ ਬਣ ਜਾਵੇ ਤਾਂ ਮੇਰਾ ਖਿਆਲ ਹੈ ਕਿ ਪਹਿਲਾਂ ਤਾਂ ਕਾਨੂੰਨ ਬਣਨ ਵਿੱਚ ਬੜੀਆਂ ਅੜਚਨਾਂ ਆਉਣਗੀਆਂ ਅਤੇ ਜੇਕਰ ਬਣ ਵੀ ਜਾਵੇ ਤਾਂ ਉਸ ਨੂੰ ਮੰਨਣ ਲਈ ਬਹੁਤੇ ਲੋਕ ਤਿਆਰ ਨਹੀਂ ਹੋਣਗੇ। ਸੋ, ਇਸ ਲਈ ਅਸੀਂ ਲੋਕਾਂ ਦੇ ਨੁਮਾਇੰਦੇ, ਜਿਨ੍ਹਾਂ ਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ, ਆਪਣੇ ਪੰਜਾਬ ਦੇ ਭਲੇ ਵਾਸਤੇ, ਸਾਨੂੰ ਚਾਹੀਦਾ ਹੈ ਕਿ ਅਸੀਂ ਕੋਈ ਅਜਿਹੀ ਸਮਾਜਿਕ ਲਹਿਰ ਚਲਾਈਏ ਜਿਸ ਨਾਲ ਇਹ ਬੇਤਹਾਸ਼ਾ ਫਜ਼ੂਲਖ਼ਰਚੀ ਜਿਹੜੀ ਵਿਆਹ-ਸ਼ਾਦੀਆਂ ਅਤੇ ਹੋਰ ਸਮਾਗਮਾਂ ਵਿੱਚ ਹੋ ਰਹੀ ਹੈ, ਇਸ ਨੂੰ ਰੋਕਿਆ ਜਾ ਸਕੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ।

**ਸਰਦਾਰ ਇਕਬਾਲ ਸਿੰਘ ਝੂੰਦਾਂ (ਅਮਰਗੜ੍ਹ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਸਰਦਾਰ ਹਰਪ੍ਰੀਤ ਸਿੰਘ ਵੱਲੋਂ ਲਿਆਂਦਾ ਮਤਾ ਵਿਆਹ-ਸ਼ਾਦੀਆਂ ਅਤੇ ਹੋਰ ਅਜਿਹੇ ਸਮਾਗਮਾਂ ਵਿੱਚ ਜੋ ਫਜ਼ੂਲਖ਼ਰਚੀ ਹੋ ਰਹੀ ਹੈ, ਉਸ ਨੂੰ ਰੋਕਣ ਲਈ ਸਮਾਜਿਕ ਚੇਤਨਤਾ ਜਾਂ ਫੇਰ ਕਿਸੇ ਕਾਨੂੰਨ ਦੇ ਰੂਪ ਵਿੱਚ ਕਿ ਕਿਸ ਤਰੀਕੇ ਨਾਲ ਉਸ ਨੂੰ ਰੋਕਿਆ ਜਾ ਸਕਦਾ ਹੈ, ਇਸ ਉਤੇ ਬੋਲਣ ਦਾ ਸਮਾਂ ਦਿੱਤਾ ਹੈ। ਇਹ ਅਹਿਮ ਮੁੱਦਾ ਗ਼ੈਰ ਸਰਕਾਰੀ ਮਤੇ ਦੇ ਰੂਪ ਵਿੱਚ ਲਿਆਂਦਾ ਗਿਆ ਹੈ ਅਤੇ ਮੈਂ ਉਸ ਦੇ ਹੱਕ ਵਿੱਚ ਬੋਲਣ ਅਤੇ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ

ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਹਕੀਕਤ ਹੈ ਕਿ ਜੇਕਰ ਅਸੀਂ ਸੰਸਾਰ ਦੇ ਕਿਸੇ ਵੀ ਖਿੱਤੇ ਵਿੱਚ ਸ਼ਾਦੀਆਂ ਤੇ ਹੋਣ ਵਾਲੇ ਖ਼ਰਚੇ ਦੀ ਗੱਲ ਕਰੀਏ, ਅਮਰੀਕਾ ਅਤੇ ਕੈਨੇਡਾ ਵਿੱਚ ਔਸਤਨ ਵਿਆਹ-ਸ਼ਾਦੀ ਤੇ ਹੋਣ ਵਾਲੇ ਖ਼ਰਚੇ ਦੀ ਗੱਲ ਕਰੀਏ ਤਾਂ ਅਮਰੀਕਾ ਵਿੱਚ 27,000 ਡਾਲਰ, ਜੋ ਕਿ ਸਮੁੱਚੇ ਦੇਸ਼ ਵਿੱਚ ਖ਼ਰਚੇ ਦੀ ਔਸਤ ਕੱਢੀ ਗਈ ਹੈ ਅਤੇ ਕੈਨੇਡਾ ਵਿੱਚ 20,000 ਡਾਲਰ ਤੋਂ ਲੈ ਕੇ 25,000 ਡਾਲਰ ਤੱਕ ਇਕ ਸ਼ਾਦੀ ਤੇ ਹੋਣ ਵਾਲੇ ਖ਼ਰਚੇ ਦੀ ਔਸਤ ਕੱਢੀ ਗਈ ਹੈ। ਜੇਕਰ ਇਸ ਨੂੰ ਰੁਪਏ ਵਿੱਚ ਕਨਵਰਟ ਕਰੀਏ ਤਾਂ ਇਹ ਤਕਰੀਬਨ 10 ਲੱਖ ਤੋਂ ਲੈ ਕੇ 15 ਲੱਖ ਤੱਕ ਦਾ ਖ਼ਰਚਾ ਉਨ੍ਹਾਂ ਮੁਲਕਾਂ ਦਾ ਬਣਦਾ ਹੈ ਜਿਹੜੇ ਕਿ ਵਿਕਾਸ ਦਰ ਪੱਖੋਂ ਅਤੇ ਹੋਰ ਪੱਖਾਂ ਤੋਂ ਵੀ ਸਾਡੇ ਮੁਲਕ ਤੋਂ ਕਈ ਗੁਣਾਂ ਐਡਵਾਂਸ ਮੁਲਕ ਗਿਣੇ ਜਾਂਦੇ ਹਨ। ਜੇਕਰ ਅਸੀਂ ਪੰਜਾਬ ਵਿੱਚ ਗੱਲ ਕਰੀਏ, ਅਸੀਂ ਇਥੇ ਸਾਰੇ ਚੁਣੇ ਹੋਏ ਨੁਮਾਇੰਦੇ ਬੈਠੇ ਹਾਂ ਅਤੇ ਰੋਜ਼ ਵਿਆਹ-ਸ਼ਾਦੀਆਂ ਵਿੱਚ ਜਾਂਦੇ ਹਾਂ। ਅਸੀਂ ਕਹਿ ਸਕਦੇ ਹਾਂ ਕਿ ਜਿਨ੍ਹਾਂ ਸਮਾਗਮਾਂ ਵਿੱਚ ਅਸੀਂ ਸ਼ਾਮਿਲ ਹੁੰਦੇ ਹਾਂ, ਦਰਮਿਆਨੀ ਜਾਂ ਛੋਟੀ ਆਮਦਨੀ ਵਾਲੇ ਪਰਿਵਾਰਾਂ ਵਿੱਚ ਵੀ 10 ਲੱਖ ਤੋਂ ਉੱਪਰ ਦਾ ਖ਼ਰਚਾ ਆਮ ਦੇਖਣ ਨੂੰ ਮਿਲਦਾ ਹੈ। ਅਜਿਹੀਆਂ ਸ਼ਾਦੀਆਂ ਵੀ ਹਨ ਜਿਨ੍ਹਾਂ ਵਿੱਚ ਕਰੋੜਾਂ ਰੁਪਏ ਤੱਕ ਵੀ ਖਰਚੇ ਜਾਂਦੇ ਹਨ। ਇਹ ਸਭ ਕੁਝ ਆਪਣੀ ਝੂਠੀ ਸ਼ਾਨੋ-ਸ਼ੌਕਤ ਅਤੇ ਆਪਣੇ ਆਪ ਨੂੰ ਵੱਡਾ ਸਾਬਿਤ ਕਰਨ ਦੀ ਲਾਲਸਾ ਤਹਿਤ ਅਜਿਹੀ ਕਿਸਮ ਦੇ ਪੈਸੇ ਦੀ ਨੁਮਾਇਸ਼ ਕਰਨ ਦਾ ਜੋ ਸਮਾਜ ਵਿੱਚ ਦੌਰ ਚੱਲਿਆ ਹੈ, ਉਸ ਸਦਕਾ ਵਿਆਹ-ਸ਼ਾਦੀਆਂ ਦੇ ਸਮਾਗਮ ਬਹੁਤ ਮਹਿੰਗੇ ਹੋ ਚੁੱਕੇ ਹਨ ਜਿਸ ਨਾਲ ਪੰਜਾਬ ਦੀ ਆਰਥਿਕਤਾ, ਖਾਸ ਕਰਕੇ ਮੱਧ ਵਰਗ ਅਤੇ ਗਰੀਬ ਵਰਗ ਦੀ ਆਰਥਿਕਤਾ ਹੋਰ ਥੱਲੇ ਜਾ ਰਹੀ ਹੈ। ਸਭ ਤੋਂ ਵੱਡੀ ਗੱਲ ਇਹ ਵੀ ਹੈ ਕਿ ਸਾਡੇ ਪੰਜਾਬ ਵਿੱਚ ਵਿਆਹ-ਸ਼ਾਦੀਆਂ ਵਿੱਚ ਜੋ ਵੀ ਦਾਜ-ਦਹੇਜ ਦੀਆਂ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ, ਚਾਹੇ ਮਹਿੰਗੀਆਂ ਕਾਰਾਂ ਦੇ ਰੂਪ ਵਿੱਚ ਹਨ ਜਾਂ ਪੈਲੇਸਾਂ ਦੇ ਪਰ ਪਲੇਟ ਲੱਖਾਂ ਦੇ ਖ਼ਰਚੇ ਹਨ ਜਾਂ ਫੇਰ ਕੱਪੜਾ-ਸੋਨਾ ਜੋ ਵੀ ਚੀਜ਼ਾਂ ਹਨ, ਜਿਨ੍ਹਾਂ ਵਾਸਤੇ ਵਿਆਹਾਂ ਵੇਲੇ ਪੈਸਾ ਖਰਚਿਆ ਜਾਂਦਾ ਹੈ, ਉਹ ਵਿਆਹ ਤੋਂ ਬਾਅਦ ਕਿਸੇ ਕੰਮ ਨਾ ਆਉਣ ਵਾਲੀਆਂ ਚੀਜ਼ਾਂ ਹਨ। ਇਹ ਪਰਿਵਾਰਾਂ ਦੀ ਆਰਥਿਕਤਾ ਨੂੰ ਹੋਰ ਥੱਲੇ ਲਿਜਾਣ ਵਿੱਚ ਰੋਲ ਅਦਾ ਕਰਦੀਆਂ ਹਨ। ਸੋ, ਕਿਸੇ ਵੀ ਪਰਿਵਾਰ ਨੂੰ ਇਸ ਦਾਜ-ਦਹੇਜ ਉੱਤੇ ਖਰਚੇ ਪੈਸੇ ਦਾ ਲਾਭ ਹਾਸਲ ਨਹੀਂ ਹੁੰਦਾ ਜੋ ਅਸੀਂ ਵਿਆਹ-ਸ਼ਾਦੀਆਂ ਤੇ ਕਰਦੇ ਹਾਂ। ਸਾਡੀਆਂ ਪ੍ਰਵਿਰਤੀਆਂ ਬਦਲ ਰਹੀਆਂ ਹਨ। ਸਾਡੇ ਸਮਾਜ ਵਿੱਚ ਆਪਣੇ ਭਾਈਚਾਰੇ ਤੋਂ ਵੱਡਾ ਹੋਣ ਦੀ ਦੌੜ ਲੱਗੀ ਹੋਈ ਹੈ। ਉਹ ਵੀ ਸਮਾਂ ਸੀ ਜਦੋਂ ਭਾਈਚਾਰੇ ਦੇ ਬਰਾਬਰ ਰਹਿਣ ਦਾ ਲੋਕ ਯਤਨ ਕਰਦੇ ਸਨ। ਸਾਡੇ ਬਜ਼ੁਰਗਾਂ ਨੇ ਮੈਨੂੰ ਇਕ ਗੱਲ ਦੱਸੀ ਸੀ ਕਿ ਸਾਂਝੇ ਪੰਜਾਬ ਵਿੱਚ ਇਕ ਐਗਰੀਕਲਚਰ

[ਸਰਦਾਰ ਇਕਬਾਲ ਸਿੰਘ ਝੂੰਦਾਂ]

ਡਾਇਰੈਕਟਰ ਹੁੰਦੇ ਸਨ। ਉਨ੍ਹਾਂ ਦੀ ਬੇਟੀ ਦੀ ਸ਼ਾਦੀ ਸੀ। ਇਹ ਪੁਰਾਣੇ ਸਮੇਂ ਦੀ ਗੱਲ ਹੈ। ਜਦੋਂ ਬੇਟੀ ਦੀ ਸ਼ਾਦੀ ਤੇ ਸ਼ਗਨ ਦੀ ਗੱਲ ਆਈ ਤਾਂ ਉਨ੍ਹਾਂ ਦੀ ਧਰਮ ਪਤਨੀ ਨੇ ਕਿਹਾ ਕਿ ਆਪਾਂ ਸੌ-ਸੌ ਰੁਪਿਆ ਸ਼ਗਨ ਪਾਉਣਾ ਹੈ। ਉਸ ਸਮੇਂ ਜੋ ਆਮ ਰਿਵਾਜ ਸੀ ਉਦੋਂ 10/- ਰੁਪਏ ਦਾ ਸ਼ਗਨ ਚਲਦਾ ਸੀ। ਉਹ ਡਾਇਰੈਕਟਰ ਜੋ ਕਿ ਬਹੁਤ ਵੱਡੀ ਸ਼ਖ਼ਸੀਅਤ ਸਨ, ਉਨ੍ਹਾਂ ਨੇ ਕਿਹਾ ਕਿ ਮੇਰਾ ਭਾਈਚਾਰਾ ਸੌ ਰੁਪਏ ਦਾ ਸ਼ਗਨ ਨਹੀਂ ਪਾ ਸਕਦਾ, ਇਸ ਲਈ ਆਪਾਂ 10/- ਰੁਪਏ ਦਾ ਸ਼ਗਨ ਹੀ ਪਾਉਣਾ ਹੈ ਪਰ ਅੱਜ ਅਸੀਂ ਇਸ ਵਧੀਆ ਕਿਸਮ ਦੇ ਵਰਤਾਰੇ ਤੋਂ ਹਟ ਕੇ ਅੱਜ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਅਸੀਂ ਭਾਈਚਾਰੇ ਨਾਲੋਂ ਉੱਚੇ ਹਾਂ ਅਤੇ ਔਖੇ ਹੋ ਕੇ ਵੀ, ਕਰਜ਼ਾ ਚੁੱਕ ਕੇ ਵੀ ਔਰ ਹੋਰ ਗਲਤ ਢੰਗ ਨਾਲ ਪੈਸਾ ਬਣਾ ਕੇ ਵਿਆਹ ਸ਼ਾਦੀਆਂ ਦੀ ਫਜ਼ੂਲਖਰਚੀ ਵਿੱਚ ਅਸੀਂ ਯੋਗਦਾਨ ਪਾਉਂਦੇ ਹਾਂ। ਸੋ, ਇਸ ਢੰਗ ਨਾਲ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਮਾਹੌਲ ਤੇ ਆਰਥਿਕਤਾ ਨੂੰ ਵਿਗਾੜਨ ਵਿੱਚ ਅਸੀਂ ਸਾਰੇ ਹੀ ਦੋਸ਼ੀ ਹਾਂ। ਇਸ ਨੂੰ ਸੁਧਾਰਨ ਲਈ ਸਾਨੂੰ ਸਾਰਿਆਂ ਨੂੰ ਯਤਨਸ਼ੀਲ ਹੋਣਾ ਚਾਹੀਦਾ ਹੈ। ਮੈਂ ਇਹ ਵੀ ਸਮਝਦਾ ਹਾਂ ਕਿ ਇਸ ਮਤੇ ਰਾਹੀਂ ਸਾਨੂੰ ਕੋਈ ਲੈਜਿਸਲੇਸ਼ਨ ਵੀ ਲਿਆਉਣੀ ਪਵੇ, ਉਸ ਨੂੰ ਵੀ ਲਾਗੂ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਸਾਡੀਆਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਵੀ ਇਸ ਖੇਤਰ ਵਿੱਚ ਆਪਣਾ ਰੋਲ ਅਦਾ ਕਰਨਾ ਚਾਹੀਦਾ ਹੈ ਤਾਂ ਕਿ ਇਸ ਕਿਸਮ ਦੀ ਫਜ਼ੂਲਖਰਚੀ ਨੂੰ ਅਸੀਂ ਰੋਕ ਸਕੀਏ ਤੇ ਆਉਣ ਵਾਲੇ ਸਮੇਂ ਵਿੱਚ ਗਰੀਬ ਲੋਕਾਂ ਦੀ ਭਲਾਈ ਲਈ ਇਕ ਚੰਗੀ ਸੋਚ ਤੇ ਸੇਧ ਦੇ ਸਕੀਏ।

ਦੂਸਰੀ ਗੱਲ ਹੈ ਕਿ ਹੁਣ ਤਾਂ ਇਸ ਤਰ੍ਹਾਂ ਦਾ ਵੀ ਮਾਹੌਲ ਬਣਿਆ ਹੋਇਆ ਹੈ ਕਿ ਜੋ ਸਾਡੀਆਂ ਭੋਗ ਦੀਆਂ ਰਸਮਾਂ ਹਨ, ਉਨ੍ਹਾਂ ਨੇ ਵੀ ਵਿਆਹਾਂ ਦਾ ਰੂਪ ਧਾਰਨ ਕਰ ਲਿਆ ਹੈ। ਇਕ ਇਕ ਕਿੱਲੇ ਦੀ ਜਗ੍ਹਾ ਵਿੱਚ ਪੰਡਾਲ ਲਗਦੇ ਹਨ। 15-15 ਕਿਸਮ ਦੇ ਪਕਵਾਨ ਭੋਗਾਂ ਤੇ ਵੀ ਪੱਕਦੇ ਹਨ ਔਰ ਲੱਖਾਂ ਰੁਪਿਆ ਭੋਗਾਂ ਤੇ ਵੀ ਖਰਚਿਆ ਜਾਂਦਾ ਹੈ। ਉਸ ਨੂੰ ਆਪਣੀ ਨੁਮਾਇਸ਼ ਤੇ ਪ੍ਰਤਿਭਾ ਦਾ ਹਿੱਸਾ ਬਣਾ ਕੇ ਆਪਣੀ ਨੁਮਾਇਸ਼ ਕਰਨ ਦਾ ਯਤਨ ਕਰਦੇ ਹਾਂ। ਸੋ, ਇਸ ਢੰਗ ਨਾਲ ਭੋਗਾਂ ਤੇ ਵਿਆਹਾਂ ਤੇ ਫਜ਼ੂਲਖਰਚੀ ਕੀਤੀ ਜਾਂਦੀ ਹੈ। ਇਕ ਨਵੀਂ ਰੀਤ ਵੀ ਸ਼ੁਰੂ ਹੋਈ ਹੈ ਕਿ ਰਿਟਾਇਰਮੈਂਟ ਪਾਰਟੀ ਨੂੰ ਵੀ ਬੜੇ ਵੱਡੇ ਪੱਧਰ ਤੇ ਮਨਾਇਆ ਜਾਣ ਲੱਗ ਪਿਆ ਹੈ। ਉਸ ਤੇ ਲੱਖਾਂ ਰੁਪਏ ਖਰਚ ਕੀਤੇ ਜਾਣ ਲੱਗੇ ਪਏ ਹਨ। ਸੋ, ਇਸ ਕਿਸਮ ਦੀਆਂ ਗੱਲਾਂ ਹੋ ਰਹੀਆਂ ਹਨ। ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਤੇ ਸੋਚ ਜਿਸ ਪਾਸੇ ਨੂੰ ਜਾ ਰਹੀ ਹੈ, ਉਸ ਨੂੰ ਬਦਲਣ ਦੀ ਲੋੜ ਹੈ। ਇਸ ਸਬੰਧੀ ਸਾਨੂੰ ਸਾਰਿਆਂ ਨੂੰ ਪਹਿਲਕਦਮੀ ਕਰਨੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਸ ਦੀ ਅਗਵਾਈ ਸਮੇਂ ਦੇ ਜਿਹੜੇ ਆਗੂ ਹੁੰਦੇ ਹਨ, ਚਾਹੇ ਉਹ ਰਾਜਨੀਤਿਕ ਖੇਤਰ ਦੇ ਹਨ, ਚਾਹੇ ਸਮਾਜਿਕ ਖੇਤਰ ਦੇ ਹਨ ਅਤੇ ਚਾਹੇ ਧਾਰਮਿਕ ਖੇਤਰ ਦੇ ਹਨ, ਉਨ੍ਹਾਂ ਨੂੰ ਕਰਨੀ

ਚਾਹੀਦੀ ਹੈ। ਉਨ੍ਹਾਂ ਤੋਂ ਲੋਕ ਅਗਵਾਈ ਦੀ ਉਡੀਕ ਕਰਦੇ ਹਨ ਔਰ ਜਿਹੜੇ ਵੱਡੇ ਪਰਿਵਾਰ ਹਨ, ਚਾਹੇ ਉਹ ਅਮੀਰ ਘਰਾਣੇ ਹਨ, ਚਾਹੇ ਅਮੀਰ ਵਪਾਰੀ ਹਨ, ਜਾਂ ਲੈਂਡਲਾਰਡ ਹਨ, ਚਾਹੇ ਇੱਥੇ ਸਦਨ ਵਿੱਚ ਬੈਠੇ ਅਸੀਂ ਰਾਜਨੀਤਿਕ ਲੋਕ ਹਾਂ ਜਾਂ ਅਫ਼ਸਰ ਸਾਹਿਬਾਨ ਹਨ, ਜਦੋਂ ਇਹ ਲੋਕ ਇਸ ਪ੍ਰਕਿਰਿਆ ਨੂੰ ਸਾਦਗੀ ਨਾਲ ਅਪਨਾਉਣ ਦਾ ਯਤਨ ਕਰਨਗੇ, ਫਿਰ ਜ਼ਰੂਰ ਸਮਾਜ ਮਹਿਸੂਸ ਕਰੇਗਾ ਕਿ ਜੇ ਵੱਡੇ ਲੋਕ ਇਸ ਤਰ੍ਹਾਂ ਦੀ ਪ੍ਰਕਿਰਿਆ ਅਪਨਾਉਂਦੇ ਹਨ ਤਾਂ ਆਪਾਂ ਨੂੰ ਇਸ ਵਿੱਚ ਕੋਈ ਹੀਣਭਾਵਨਾ ਮਹਿਸੂਸ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਆਪਾਂ ਨੂੰ ਹਾਊਸ ਵਿੱਚ ਬੈਠੇ ਲੋਕਾਂ ਨੂੰ ਔਰ ਜੋ ਸਮਾਜ ਦਾ ਉੱਚ ਕੁਲੀਨ ਵਰਗ ਹੈ, ਉਨ੍ਹਾਂ ਨੂੰ ਇਸ ਖੇਤਰ ਵਿੱਚ ਪਹਿਲਕਦਮੀ ਕਰਨੀ ਚਾਹੀਦੀ ਹੈ, ਜਿਸ ਦੇ ਨਾਲ ਜਿਹੜੀ ਇਹ ਫਜ਼ੂਲਖਰਚੀ ਹੈ, ਇਹ ਘਟਾਈ ਜਾ ਸਕਦੀ ਹੈ। ਜੇ ਕੋਈ ਲੈਜਿਸਲੇਸ਼ਨ ਲਿਆਉਣਾ ਪਵੇ, ਉਹ ਵੀ ਸਰਕਾਰ ਨੂੰ ਲਿਆਉਣਾ ਚਾਹੀਦਾ ਹੈ। ਪਰੰਤੂ ਇਸ ਨੂੰ ਲਾਗੂ ਕਰਨ ਵਿੱਚ ਬੜੀਆਂ ਮੁਸ਼ਕਿਲਾਂ ਹੁੰਦੀਆਂ ਹਨ ਕਿਉਂਕਿ ਸ਼ਾਦੀ ਦੇ ਸਮਾਗਮ ਵਿੱਚ ਨਾ ਤਾਂ ਪੁਲਿਸ ਭੇਜੀ ਜਾ ਸਕਦੀ ਹੈ ਔਰ ਜੇ ਕੋਈ ਐਸੀ ਘਟਨਾ ਹੁੰਦੀ ਹੈ ਤਾਂ ਪਰਿਵਾਰ ਦੇ ਇੱਕ ਚੰਗੇ ਕਾਰਜ ਵਿੱਚ ਵਿਘਨ ਵੀ ਪੈਂਦਾ ਹੈ। ਫਿਰ ਵੀ ਇਸ ਬਾਰੇ ਸਾਰੀ ਵਿਚਾਰ ਕਰਕੇ ਇਸ ਨੂੰ ਘਟਾਉਣ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਜੋ ਪੰਜਾਬ ਜਿਹੜਾ ਇਸ ਪਾਸੇ ਬਰਬਾਦੀ ਦੇ ਰਾਹ ਤੇ ਤੁਰਿਆ ਹੈ, ਇਸ ਨੂੰ ਰੋਕਿਆ ਜਾ ਸਕੇ ਅਤੇ ਨਸ਼ਿਆਂ ਤੋਂ ਵੀ ਬਚਾਇਆ ਜਾ ਸਕੇ। ਮੈਂ ਇਕ ਹੋਰ ਗੱਲ ਕਰਕੇ ਆਪਣੀ ਬੇਨਤੀ ਸਮਾਪਤ ਕਰਨੀ ਚਾਹੁੰਦਾ ਹਾਂ ਕਿ ਅਸੀਂ ਵਿਆਹਾਂ ਦੇ ਮਾਮਲਿਆਂ ਵਿੱਚ ਆਪਣੀ ਸੰਸਕ੍ਰਿਤੀ ਤੇ ਤਹਿਜ਼ੀਬ ਨੂੰ ਵੀ ਭੁੱਲ ਚੁੱਕੇ ਹਾਂ। ਵਿਆਹਾਂ ਵਿੱਚ ਅੱਜ ਤੋਂ ਪਹਿਲਾਂ ਗਰੀਬ ਘਰਾਂ ਦੀਆਂ ਲੜਕੀਆਂ, ਜਿਨ੍ਹਾਂ ਨੂੰ ਅਸੀਂ ਆਰਕੈਸਟਰਾ ਦੇ ਰੂਪ ਵਿੱਚ ਨੱਚਦੀਆਂ ਵੇਖਦੇ ਹਾਂ, ਉਸ ਤੋਂ ਵੀ ਅੱਗੇ ਲੰਘ ਕੇ ਜਿਹੜਾ ਸਮਾਜ ਦਾ ਉੱਚ ਕੁਲੀਨ ਵਰਗ ਜੋ ਅਖਵਾਉਂਦਾ ਹੈ, ਉਨ੍ਹਾਂ ਦੀਆਂ ਧੀਆਂ ਦੇ ਵਿਆਹਾਂ ਵਿੱਚ ਸ਼ਰਾਬ ਦਾ ਵਰਤਾਰਾ ਵੀ ਸਾਡੇ ਪੰਜਾਬ ਦੀਆਂ ਧੀਆਂ ਕਰਦੀਆਂ ਹਨ। ਸੋ, ਇਸ ਕਿਸਮ ਦਾ ਜੋ ਸਮਾਜਿਕ ਵਰਤਾਰਾ ਸਾਡੇ ਸਮਾਜ ਵਿੱਚ ਹੋ ਰਿਹਾ ਹੈ, ਮੈਂ ਸਮਝਦਾ ਹਾਂ ਕਿ ਸਾਡੇ ਲਈ ਬੜਾ ਸ਼ਰਮਸਾਰ ਹੈ। ਸਾਨੂੰ ਇਨ੍ਹਾਂ ਚੀਜ਼ਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਜਿਹਾ ਉਹ ਲੋਕ ਕਰ ਰਹੇ ਹਨ ਜਿਹੜੇ ਆਪਣੇ ਆਪ ਨੂੰ ਸਮਾਜ ਦਾ ਉੱਚਾ ਵਰਗ ਅਖਵਾਉਂਦੇ ਹਨ ਜਿਨ੍ਹਾਂ ਤੋਂ ਕਿ ਸਮਾਜ ਰਹਿਨੁਮਾਈ ਮੰਗਦਾ ਹੈ, ਉਨ੍ਹਾਂ ਲੋਕਾਂ ਨੂੰ ਇਸ ਕਿਸਮ ਦੀ ਝੂਠੀ ਸ਼ਾਨੋ-ਸ਼ੋਕਤ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਸਮਾਜ ਨੂੰ ਸਹੀ ਸੋਚ ਤੇ ਸੇਧ ਦੇ ਸਕਦੇ ਹਾਂ। ਸੋ, ਮੈਂ ਇਸ ਮਤੇ ਨਾਲ ਪੂਰਨ ਰੂਪ ਵਿੱਚ ਸਹਿਮਤ ਹੁੰਦਾ ਹੋਇਆ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਇਹ ਆਸ ਕਰਦਾ ਹਾਂ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਹੋਵੇਗਾ। ਇਹ ਇਕੱਲਾ ਪਾਸ ਹੋਣ ਤੱਕ ਹੀ ਸੀਮਤ ਨਾ ਰਹੇ, ਇਸ ਨੂੰ ਲਾਗੂ ਕਰਨ ਦੇ ਕੀ

**[ਸਰਦਾਰ ਇਕਬਾਲ ਸਿੰਘ ਝੂੰਦਾਂ]**

ਹੀਲੇ-ਵਸੀਲੇ ਅਸੀਂ ਕਰ ਸਕਦੇ ਹਾਂ, ਉਸ ਤੇ ਵੀ ਸਾਨੂੰ ਪਹਿਰਾ ਦੇਣਾ ਚਾਹੀਦਾ ਹੈ। ਇਹ ਮਤਾ ਪਾਸ ਤੇ ਲਾਗੂ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ (ਸ਼੍ਰੀ ਕੇ.ਡੀ ਭੰਡਾਰੀ)** : ਡਿਪਟੀ ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ। ਸਾਡੇ ਦੋਸਤ ਸ਼੍ਰੀ ਹਰਪ੍ਰੀਤ ਸਿੰਘ ਜੀ ਨੇ ਇਹ ਜਿਹੜਾ ਮਤਾ ਲਿਆਂਦਾ ਹੈ, ਇਹ ਇਕ ਸਮਾਜਿਕ ਮਤਾ ਹੈ। ਹਰ ਇਨਸਾਨ ਨੂੰ ਲੋੜ ਹੈ ਕਿ ਪੰਜਾਬ ਵਿੱਚ ਇਕ ਇਹੋ ਜਿਹੀ ਲੋਕ ਲਹਿਰ ਚਲਾਈ ਜਾਣੀ ਚਾਹੀਦੀ ਹੈ, ਜਿਸ ਨਾਲ ਸਾਡੇ ਪੰਜਾਬ ਵਿੱਚ ਅੱਜ ਜੋ ਫਾਲਤੂ ਖਰਚੇ ਹੋ ਰਹੇ ਹਨ, ਪਾਰਟੀਆਂ ਅਤੇ ਵਿਆਹ ਸ਼ਾਦੀਆਂ ਉੱਤੇ, ਉਸ ਤੇ ਰੋਕ ਲੱਗ ਸਕੇ ਕਿਉਂਕਿ ਕਾਨੂੰਨ ਬੜਾ ਔਖਾ ਹੈ। ਇਸ ਵਾਸਤੇ ਲੋੜ ਹੈ ਕਿ ਇਕ ਲੋਕ ਲਹਿਰ ਚਲਾਈਏ ਅਤੇ ਲੋਕਾਂ ਨੂੰ ਇਸ ਵੱਲ ਪ੍ਰੇਰਿਤ ਕਰੀਏ ਕਿ ਕਿਸ ਤਰ੍ਹਾਂ ਦੇ ਨਾਲ ਲੋਕ ਜਿਹੜਾ ਅਡੰਬਰ ਰਚਾਉਂਦੇ ਹਨ, ਅਸੀਂ ਉਸ ਨੂੰ ਖਤਮ ਕਰ ਸਕਦੇ ਹਾਂ। ਵਿਆਹ ਬੰਧਨ ਇਕ ਬਹੁਤ ਹੀ ਪਵਿੱਤਰ ਤੇ ਪਾਕ ਹੁੰਦਾ ਹੈ। ਹਰ ਇਨਸਾਨ ਨੂੰ ਇਸ ਦਿਨ ਦੀ ਬਹੁਤ ਬੇਸਬਰੀ ਨਾਲ ਉਡੀਕ ਹੁੰਦੀ ਹੈ। ਹਰੇਕ ਬੰਦੇ ਨੂੰ ਸ਼ੌਕ ਹੁੰਦਾ ਹੈ ਕਿ ਉਸ ਦਾ ਵਿਆਹ ਹੋਵੇ। ਲੇਕਿਨ ਅੱਜ ਜੋ ਵਿਆਹ ਦੀ ਰੂਪ ਰੇਖਾ ਬਣਦੀ ਹੈ, ਉਸ ਦੇ ਨਾਲ ਜਿਹੜਾ ਗਰੀਬ ਪਰਿਵਾਰ ਹੈ, ਮੱਧਵਰਗੀ ਪਰਿਵਾਰ ਹੈ, ਉਸ ਨੂੰ ਬਹੁਤ ਵੱਡੀ ਚਿੰਤਾ ਪੈਦਾ ਹੋ ਜਾਂਦੀ ਹੈ। ਜਿਹੜਾ ਅਮੀਰ ਪਰਿਵਾਰ ਹੈ, ਉਸ ਲਈ ਤਾਂ ਗੱਲ ਬਹੁਤ ਛੋਟੀ ਹੁੰਦੀ ਹੈ। ਲੇਕਿਨ ਮੱਧਵਰਗੀ ਪਰਿਵਾਰ ਨੂੰ ਜਿਹੜੀ ਔਖ ਆਉਂਦੀ ਹੈ, ਉਹ ਅਸੀਂ ਰੋਜ਼ ਦੇਖਦੇ ਹਾਂ। ਅੱਜ ਵਿਆਹ ਉਪਰੰਤ ਰਿਸ਼ਤੇ ਟੁੱਟ ਰਹੇ ਹਨ। ਲੜਕੀ ਦਾ ਵਿਆਹ ਹੁੰਦਾ ਹੈ ਤੇ ਮਹੀਨੇ ਬਾਅਦ ਲੜਕੀ ਆਪਣੇ ਘਰ ਆ ਜਾਂਦੀ ਹੈ। ਇਸ ਪਿੱਛੇ ਕਾਰਨ ਕੀ ਹੈ? ਲੜਕੀ ਨੂੰ ਤਾਹਨੇ ਮਿਲਦੇ ਹਨ ਕਿ ਤੇਰੀ ਦਰਾਣੀ ਇਹ ਕੁਝ ਲੈ ਕੇ ਆਈ ਸੀ, ਉਸ ਨੇ ਇਸ ਪੈਲੇਸ ਵਿੱਚ ਵਿਆਹ ਕੀਤਾ ਸੀ, ਇਸ ਹੋਟਲ ਵਿੱਚ ਵਿਆਹ ਕੀਤਾ ਸੀ ਤੇ ਤੇਰੇ ਪੇਕਿਆਂ ਨੇ ਕੁਝ ਨਹੀਂ ਕੀਤਾ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਪਰਿਵਾਰ ਟੁੱਟ ਰਹੇ ਹਨ, ਇਸ ਪਿੱਛੇ ਕਾਰਨ ਇਕੋ ਹੀ ਹੈ ਕਿ ਜਿਹੜਾ ਅਸੀਂ ਅਡੰਬਰ ਕਰਦੇ ਹਾਂ। ਅਸੀਂ ਸ਼ੁਰੂ ਕਰਦੇ ਹਾਂ ਵਿਆਹ ਦੀਆਂ ਪ੍ਰੰਪਰਾਵਾਂ ਤੋਂ, ਜਦੋਂ ਰਿਸ਼ਤਾ ਹੁੰਦਾ ਹੈ ਤਾਂ ਪਹਿਲਾਂ ਰੋਕਾ ਹੁੰਦਾ ਹੈ। ਇਸ ਵਿੱਚ ਕਿੰਨਾ ਖਰਚਾ ਹੁੰਦਾ ਹੈ, ਹੋਟਲਾਂ ਵਿੱਚ ਰੋਕਾ ਹੁੰਦਾ ਹੈ। ਅਸੀਂ ਆਪਣਾ ਪੁਰਾਣਾ ਸਮਾਂ ਯਾਦ ਕਰੀਏ ਅੱਜ ਤੋਂ 30-35 ਸਾਲ ਪਹਿਲਾਂ ਕਿ ਨਾਈ ਜਾਂਦਾ ਸੀ ਤੇ ਰਿਸ਼ਤਾ ਪੱਕਾ ਕਰਕੇ ਆ ਜਾਂਦਾ ਸੀ। ਅੱਜ ਪਹਿਲਾਂ ਦੇਖ-ਦਖੱਈਆ ਹੁੰਦਾ ਹੈ। ਫਿਰ ਲੱਖਾਂ ਰੁਪਏ ਰੋਕੇ ਤੇ ਲਗਦੇ ਹਨ। ਉਸ ਤੋਂ ਬਾਅਦ ਜਿਹੜੀ ਸ਼ਗਨ ਦੀ ਰਸਮ ਹੁੰਦੀ ਹੈ, ਉਸ ਵਿੱਚ ਪਰਿਵਾਰਕ ਮੈਂਬਰਾਂ ਨੂੰ ਮੁੰਦਰੀਆਂ, ਚੈਨੀਆਂ ਅਤੇ ਕੜੇ ਪਾਏ ਜਾਂਦੇ ਹਨ। ਮਹਿੰਗੀਆਂ

ਕਾਰਾਂ ਦਿੱਤੀਆਂ ਜਾਂਦੀਆਂ ਹਨ। ਇਹ ਹਰ ਪਰਿਵਾਰ ਪੰਜਾਬ ਵਿੱਚ ਨਹੀਂ ਦੇ ਸਕਦਾ। ਉਸ ਤੋਂ ਬਾਅਦ ਜਦੋਂ ਵਿਆਹ ਦੀ ਰਸਮ ਸ਼ੁਰੂ ਹੁੰਦੀ ਹੈ ਤਾਂ ਕਾਰਡ ਦੇਖ ਕੇ ਕਈ ਵਾਰ ਮਨ ਨੂੰ ਕ੍ਰੋਧ ਆਉਂਦਾ ਹੈ ਕਿ ਕਾਰਡ ਦੀ ਕੀਮਤ 500 ਰੁਪਿਆ, 1000 ਰੁਪਿਆ ਹੁੰਦੀ ਹੈ ਔਰ 6-6 ਫੰਕਸ਼ਨ ਉਸ ਵਿੱਚ ਲਿਖੇ ਹੁੰਦੇ ਹਨ। ਰਿੰਗ ਸੈਰੇਮਨੀ, ਜਾਗੋ, ਕੋਕਟੇਲ ਪਾਰਟੀ, ਉਸ ਤੋਂ ਬਾਅਦ ਮੈਰਿਜ, ਫਿਰ ਰਿਸੈਪਸ਼ਨ। ਇਨ੍ਹਾਂ ਚੀਜ਼ਾਂ ਦੇ ਨਾਲ ਜਿਹੜੀ ਵੇਸਟੇਜ ਹੁੰਦੀ ਹੈ, ਜਿੰਨੇ ਸਟਾਲ ਲੱਗਦੇ ਹਨ, ਕੋਈ ਸਟਾਲ ਦਿੱਲੀ ਤੋਂ ਆ ਰਿਹਾ ਹੈ, ਕੋਈ ਅੰਬਾਲੇ ਤੋਂ ਆ ਰਿਹਾ ਹੈ, ਕੋਈ ਚੀਜ਼ ਕਿਤੋਂ ਆ ਰਹੀ ਹੈ, ਕੋਈ ਜੈਪੁਰ ਤੋਂ ਆ ਰਹੀ ਹੈ, ਬ੍ਰਿੰਦਾਵਨ ਤੋਂ ਦੁੱਧ ਆ ਰਿਹਾ ਹੈ। ਲੇਕਿਨ ਆਮ ਜਿਹੜੇ ਪਰਿਵਾਰ ਹਨ, ਉਨ੍ਹਾਂ ਵਾਸਤੇ ਬਹੁਤ ਹੀ ਔਖੀ ਗੱਲ ਹੈ। ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਇਨ੍ਹਾਂ ਚੀਜ਼ਾਂ ਤੋਂ ਥੋੜ੍ਹਾ ਪਰਹੇਜ਼ ਕਰੀਏ। ਅਸੀਂ ਇਸ ਦੇ ਪਾਬੰਦ ਹੋਈਏ, ਜਿਵੇਂ ਅਸੀਂ ਵਿਧਾਨ ਸਭਾ ਦੇ ਵਿੱਚ 117 ਲੋਕ ਇੱਥੇ ਬੈਠੇ ਹਾਂ। ਅਸੀਂ ਇਹ ਪ੍ਰਣ ਕਰੀਏ ਕਿ ਅਸੀਂ ਆਪਣੇ ਪਰਿਵਾਰਾਂ ਦੇ ਵਿੱਚ ਜਿਹੜੇ ਵੀ ਸਮਾਗਮ ਕਰਨੇ ਹਨ, ਉਨ੍ਹਾਂ ਨੂੰ ਅਸੀਂ ਸਰਲ ਕਰੀਏ, ਛੋਟਾ ਕਰੀਏ ਤਾਂ ਜੋ ਲੋਕਾਂ ਵਿੱਚ ਇਕ ਮੈਸੇਜ ਜਾਵੇ ਕਿ ਸਾਡੀ ਜਿਹੜੀ ਉੱਚ ਸੰਸਥਾ ਹੈ, ਸਾਡੀ ਜਿਹੜੀ ਮਹਾਂ ਪੰਚਾਇਤ ਹੈ, ਉਸ ਦੇ ਲੋਕ ਸਾਨੂੰ ਇਕ ਸੰਦੇਸ਼ ਦੇ ਰਹੇ ਹਨ ਕਿ ਅਸੀਂ ਆਪਣੇ ਬੱਚਿਆਂ ਦੇ ਵਿਆਹ ਦੇ ਵਿੱਚ ਬਹੁਤ ਅਡੰਬਰ ਨਹੀਂ ਕਰਨੇ। ਅਸੀਂ ਸਾਦੇ ਵਿਆਹ ਕਰਨੇ ਹਨ ਤਾਂ ਜੋ ਸਾਡੇ ਪਰਿਵਾਰ ਹਨ ਉਹ ਇਕੱਠੇ ਰਹਿਣ। ਅੱਜ ਭਰੂਣ ਹੱਤਿਆ ਹੋ ਰਹੀ ਹੈ। ਉਸ ਦੇ ਪਿੱਛੇ ਕਾਰਣ ਇਕੋ ਹੀ ਹੈ, ਕਿ ਗਰੀਬ ਮਾਂ-ਬਾਪ ਨੂੰ ਚਿੰਤਾ ਲੱਗ ਜਾਂਦੀ ਹੈ ਕਿ ਮੇਰੇ ਘਰ ਕੁੜੀ ਹੋ ਗਈ ਹੈ। ਮੈਂ ਉਸ ਨੂੰ ਪੜ੍ਹਾਉਣਾ-ਲਿਖਾਉਣਾ ਹੈ। ਜਦੋਂ ਉਹ 20-21-22 ਸਾਲਾਂ ਦੀ ਹੋ ਜਾਏਗੀ ਤਾਂ ਮੈਂ ਇਸ ਦਾ ਵਿਆਹ ਕਰਨਾ ਹੈ। ਵਿਆਹ ਕਰਨ ਵੇਲੇ ਚਿੰਤਾ ਬਣਦੀ ਹੈ। ਗਰੀਬ ਮਾਂ-ਬਾਪ ਕਰਜ਼ਾ ਵੀ ਚੁੱਕ ਰਿਹਾ ਹੈ, ਸਿਰਫ ਆਪਣੀ ਬੇਟੀ ਨੂੰ ਖੁਸ਼ ਰੱਖਣ ਦੀ ਖਾਤਰ। ਲੇਕਿਨ ਉਹ ਕਿੰਨਾ ਚਿਰ ਚੱਲੇਗਾ। ਸਪੀਕਰ ਸਾਹਿਬ, ਅੱਜ ਇਹ ਜਿਹੜਾ ਮਤਾ ਸਰਦਾਰ ਹਰਪ੍ਰੀਤ ਸਿੰਘ ਜੀ ਨੇ ਹਾਊਸ ਦੇ ਵਿੱਚ ਲਿਆਂਦਾ ਹੈ, ਇਹ ਬਹੁਤ ਹੀ ਵਾਜਬ ਮਤਾ ਹੈ। ਮੈਂ ਇਹ ਵੀ ਗੱਲ ਕਹਿਣਾ ਚਾਹੁੰਦਾ ਹੈ ਕਿ ਅੱਜ ਵਿਆਹ ਤਾਂ ਹੋ ਜਾਂਦੇ ਹਨ ਲੇਕਿਨ ਅੱਜ 25ਵੀਂ ਵੈਡਿੰਗ ਐਨੀਵਰਸਿਰੀ ਵੀ ਜੈ ਮਾਲਾ ਪਾ ਕੇ ਮਨਾਉਂਦੇ ਹਨ। ਉਸ ਦੇ ਉੱਤੇ ਵੀ ਲੱਖਾਂ ਰੁਪਏ ਖਰਚ ਕਰਦੇ ਹਨ। ਸ਼ੋ-ਆਫ ਕਰਨ ਵਾਸਤੇ ਕਰ ਰਹੇ ਹਨ। ਇਸ ਨਾਲ ਅਸੀਂ ਮੈਸੇਜ ਕੀ ਦੇ ਰਹੇ ਹਾਂ? ਇਸ ਮਤੇ ਉਪਰ ਦੋ-ਚਾਰ ਗੱਲਾਂ ਜਾਂ ਮੇਰੇ ਸੁਝਾਅ ਹਨ। ਅਸੀਂ ਸਾਰੇ ਜਿੰਨੇ ਵੀ ਇਸ ਵਿਧਾਨ ਸਭਾ ਦੇ ਮੈਂਬਰ ਹਾਂ, ਅਸੀਂ ਸ਼ਗਨ ਲੈਣਾ ਤੇ ਦੇਣਾ ਬੰਦ ਕਰੀਏ ਕਿਉਂਕਿ ਸਾਨੂੰ ਲੋਕਾਂ ਨੂੰ ਬਹੁਤ ਸਮਾਗਮ ਆਉਂਦੇ ਹਨ। ਮੈਨੂੰ ਯਾਦ ਹੈ, 8 ਦਸੰਬਰ, 2009 ਨੂੰ ਮੈਨੂੰ ਰਾਤੀਂ 23 ਵਿਆਹ ਭੁਗਤਾਉਣੇ ਪਏ ਸਨ। ਉਸ ਦਿਨ ਰਿਕਾਰਡ ਸੀ ਅਤੇ ਮੈਂ 4 ਵਜੇ ਘਰ

[ਮੁੱਖ ਸੰਸਦੀ ਸਕੱਤਰ, ਸਹਿਕਾਰਤਾ]

ਆਇਆ ਸੀ। ਲਾਸਟ ਵਿਆਹ ਬੇਗੋਵਾਲ ਸੀ। ਚਾਰ ਵਜੇ ਮੁੰਡਾ ਲਾਵਾਂ ਤੇ ਬੈਠਾ ਸੀ ਤੇ ਮੈਂ ਉਸ ਦੇ ਨਾਲ ਫੋਟੋ ਖਿਚਵਾ ਕੇ ਆ ਰਿਹਾ ਸੀ। ਬਰਕਤ ਦਾ ਵਿਆਹ ਸੀ। ਕਹਿਣ ਦਾ ਭਾਵ ਇਹ ਹੈ ਕਿ ਅਸੀਂ ਇਨ੍ਹਾਂ ਚੀਜ਼ਾਂ ਤੇ ਜੇ ਆਪ ਪਹਿਲ ਕਰਾਂਗੇ ਤਾਂ ਲੋਕਾਂ ਵਿੱਚ ਮੈਸੇਜ ਜਾਏਗਾ। ਪੰਜ-ਪੰਜ ਸੌ ਅਤੇ ਹਜ਼ਾਰ-ਹਜ਼ਾਰ ਦਾ ਡੱਬਾ ਬਣਦਾ ਹੈ। ਅਸੀਂ ਪਾਬੰਦ ਹੋਈਏ ਕਿ ਅਸੀਂ ਕਿਸੇ ਤੋਂ ਡੱਬਾ ਨਹੀਂ ਲੈਣਾ। ਦੂਸਰੀ ਗੱਲ ਹੈ ਮਿਲਣੀ, ਜਿਹੜੀਆਂ ਮਿਲਣੀਆਂ ਹਨ ਉਹ ਹਾਰਾਂ ਨਾਲ ਹੋਣੀਆਂ ਚਾਹੀਦੀਆਂ ਹਨ, ਨਾ ਕਿ ਵੱਡੇ ਕੜ੍ਹੇ ਜਾਂ ਮੁੰਦਰੀਆਂ ਨਾਲ ਹੋਣੀਆਂ ਚਾਹੀਦੀਆਂ ਹਨ। ਸਾਡੇ ਲੋਕਾਂ ਨੂੰ ਵੀ ਕਈ ਵਾਰ ਮਿਲਣੀ ਕਰਨੀ ਪੈਂਦੀ ਹੈ। ਸਾਨੂੰ ਵੀ ਲੋਕ ਪੇਸ਼ ਕਰਦੇ ਹਨ ਲੇਕਿਨ ਅਸੀਂ ਹੱਥ ਜੋੜ ਦਿੰਦੇ ਹਾਂ ਅਤੇ ਕਹਿੰਦੇ ਹਾਂ ਕਿ ਅਸੀਂ ਮਿਲਣੀ ਸਿਰਫ ਹਾਰ ਨਾਲ ਕਰਨੀ ਹੈ। ਮੈਂ ਇਹ ਜਿਹੜਾ ਮਤਾ, ਹਰਪ੍ਰੀਤ ਜੀ ਲਿਆਏ ਹਨ, ਉਹ ਸਾਡੇ ਸਮਾਜ ਅਤੇ ਪਰਿਵਾਰਾਂ ਦੇ ਲਈ ਇਕ ਅਹਿਮ ਮਤਾ ਹੈ। ਮੈਂ ਚਾਹੁੰਦਾ ਹਾਂ ਕਿ ਇਹ ਮਤਾ ਯੂਨੈਨੀਮਸ ਪਾਸ ਹੋਵੇ ਔਰ ਅਸੀਂ ਪੰਜਾਬ ਦੇ ਵਿੱਚ ਇਕ ਮੈਸੇਜ ਛੱਡੀਏ ਕਿ ਜਿਹੜੀ ਇਹ ਫਜ਼ੂਲ-ਖਰਚੀ ਹੁੰਦੀ ਹੈ, ਧਨ ਅਤੇ ਖਾਣੇ ਦੀ ਬਰਬਾਦੀ ਹੁੰਦੀ ਹੈ, ਉਸ ਨੂੰ ਰੋਕੀਏ। ਬਰਾਤੀ ਤਾਂ ਖਾਣਾ ਖਾ ਕੇ ਚਲੇ ਜਾਂਦੇ ਹਨ ਲੇਕਿਨ ਜਿਹੜਾ ਉਸ ਪਰਿਵਾਰ ਦਾ ਖਰਚਾ ਹੁੰਦਾ ਹੈ। ਜਿਹੜੇ ਗਰੀਬ ਪਰਿਵਾਰ ਹਨ ਜਾਂ ਮੀਡੀਓਕਰ ਪਰਿਵਾਰ ਹਨ, ਜਿਹੜੇ ਆਪਣੀਆਂ ਲੜਕੀਆਂ ਨੂੰ ਜ਼ਿਆਦਾ ਦਹੇਜ ਨਹੀਂ ਦੇ ਸਕਦੇ, ਉਹ ਪਰਿਵਾਰ ਟੁੱਟ ਰਹੇ ਹਨ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ।

**ਮਾਨਯੋਗ ਡਿਪਟੀ ਸਪੀਕਰ** : ਸ਼੍ਰੀ ਦੀਪ ਮਲਹੋਤਰਾ ਜੀ।

**ਸ਼੍ਰੀ ਦੀਪ ਮਲਹੋਤਰਾ (ਫਰੀਦਕੋਟ)** : ਡਿਪਟੀ ਸਪੀਕਰ ਸਾਹਿਬ, ਜਿਹੜਾ ਇਹ ਮਤਾ ਹਰਪ੍ਰੀਤ ਜੀ ਨੇ ਲਿਆਂਦਾ ਹੈ, ਤੁਸੀਂ ਮੈਨੂੰ ਉਸ ਤੇ ਬੋਲਣ ਲਈ ਸਮਾਂ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਇਹ ਜਿਹੜੀ ਪ੍ਰਥਾ ਅੱਜ ਬਹੁਤ ਜ਼ਿਆਦਾ ਚੱਲ ਰਹੀ ਹੈ, ਇਸ ਨੂੰ ਇਕ ਸਮਾਜਿਕ ਤੌਰ ਤਰੀਕੇ ਨਾਲ ਅਸੀਂ ਸਾਰੇ ਸਮਾਜ ਵਿੱਚ ਜਾਗ੍ਰਿਤੀ ਲੈ ਕੇ ਆਈਏ ਤਾਂ ਹੀ ਇਹ ਰੋਕੀ ਜਾ ਸਕਦੀ ਹੈ। ਕਿਉਂਕਿ ਸਰਕਾਰ ਜਾਂ ਕੋਈ ਹਰ ਚੀਜ਼ ਦਾ ਕਾਨੂੰਨ ਬਣਾ ਕੇ, ਇਸ ਨੂੰ ਅਸੀਂ ਨਹੀਂ ਰੋਕ ਸਕਦੇ। ਇਸ ਦੇ ਵਿੱਚ ਥੋੜ੍ਹੀ ਜਿਹੀ ਸੁਜੈਸ਼ਨ ਜ਼ਰੂਰ ਹੈ। ਪੰਜਾਬ ਇੱਕ ਖੁਸ਼ੀਆਂ ਮਨਾਉਣ ਵਾਲਾ ਮੁਲਕ ਗਿਣਿਆ ਜਾਂਦਾ ਹੈ ਕਿ ਜਿਥੇ ਵਿਆਹ-ਸ਼ਾਦੀ ਤੇ ਖੁਸ਼ੀਆਂ ਨੂੰ ਬਹੁਤ ਚੰਗੇ ਢੰਗ ਨਾਲ ਮਨਾਇਆ ਜਾਂਦਾ ਹੈ। ਜੇ ਕੋਈ ਬੱਚਤ ਕਰਨ ਦਾ ਸੁਝਾਅ ਦਿੰਦੇ ਹਾਂ ਅਤੇ ਜੋ ਬੱਚਤ ਕਰੀਏ ਉਹ ਬੱਚਤ ਜਿਸ ਬੱਚੀ ਦਾ ਵਿਆਹ ਹੈ, ਉਸ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਜਾਣੀ ਚਾਹੀਦੀ ਹੈ। ਚਾਹੇ ਉਹ ਪਰਿਵਾਰ ਉਸ ਬੱਚੀ ਨੂੰ ਜੇ ਜਿਊਲਰੀ ਨੂੰ ਸੇਫ ਸਮਝਦੇ ਹਨ, ਜੇ ਕੋਈ ਐਫ.ਡੀ. ਦੇ ਰੂਪ ਵਿੱਚ ਸੇਫ

ਸਮਝਦੇ ਹਨ, ਉਸ ਬੱਚੀ ਨੂੰ ਦੇਈਏ ਤਾਂ ਠੀਕ ਹੈ। ਆਪਾਂ ਖਰਚਾ ਘਟਾ ਲਈਏ। ਬੱਚੀ ਨੂੰ ਫਾਈਨੈਂਸ਼ਿਅਲ ਸਟਰੈਂਥ ਦੇਣ ਵਾਸਤੇ ਕੋਈ ਨਾ ਕੋਈ ਚੀਜ਼ ਬੱਚੀ ਨੂੰ ਪਰਿਵਾਰ ਵੱਲੋਂ ਦਿੱਤੀ ਜਾਣੀ ਚਾਹੀਦੀ ਹੈ। ਇਹ ਵੀ ਇਕ ਮੈਸੇਜ ਜਾਣਾ ਚਾਹੀਦਾ ਹੈ ਤਾਂ ਕਿ ਉਹ ਬੱਚੀ ਦੂਜੇ ਘਰ ਜਾ ਕੇ ਹੀਣੀ ਨਾ ਮਹਿਸੂਸ ਕਰੇ ਕਿ ਉਹ ਪੈਸੇ ਕਿਸ ਦੇ ਕੋਲੋਂ ਮੰਗੇ।.... (ਵਿਘਨ)... ਜੇ ਆਪਾਂ 10 ਲੱਖ ਰੁਪਏ ਦੀ ਬੱਚਤ ਕਰਨ ਦੀ ਗੱਲ ਕਰੀਏ ਤਾਂ ਮਾੜੀ-ਮੋਟੀ ਬੱਚੀ ਨੂੰ ਜ਼ਰੂਰ ਜਾਣੀ ਚਾਹੀਦੀ ਹੈ। ....(ਵਿਘਨ).... ਚੱਲੋ, ਮੈਂ ਤਾਂ ਆਪਣੀ ਗੱਲ ਰੱਖਣੀ ਹੈ। ਸ਼ਰਾਬਬੰਦੀ ਦੇ ਤਾਂ ਮੈਂ ਵੀ ਖਿਲਾਫ ਹਾਂ। ਉਹ ਤਾਂ ਤੁਸੀਂ ਸਾਰੇ ਜੋ ਫੈਸਲਾ ਕਰੋਗੇ, ਅਸੀਂ ਮੰਨ ਲਵਾਂਗੇ। (ਹਾਸਾ) ਤੁਸੀਂ ਸਾਰੇ ਹਰ ਚੀਜ਼ ਨੂੰ ਰੋਕਣ ਦੀ ਗੱਲ ਕਰੀ ਜਾਂਦੇ ਹੋ। (ਹਾਸਾ) ਕਿਉਂਕਿ ਇਹੋ ਜਿਹੀ ਚੀਜ਼ ਨਾ ਕਰੋ ਕਿਉਂਕਿ ਸਾਡੀ ਤਾਂ ਇੰਡਸਟਰੀ ਅੱਗੇ ਹੀ ਘੱਟ ਹੈ, ਬਿਜ਼ਨਸ ਅੱਗੇ ਘੱਟ ਹੈ। ਤੁਸੀਂ ਕਹੋ ਕਿ ਸਾਰਾ ਕੁਝ ਹੀ ਬੰਦ ਕਰਨਾ ਹੈ, ਲੇਕਿਨ ਆਪਣੀ ਲਿਮਿਟ ਵਿੱਚ ਰਹਿ ਕੇ। ਸਾਨੂੰ ਕੋਈ ਲੋਕ ਦਿਖਾਵਾ ਨਹੀਂ ਕਰਨਾ ਚਾਹੀਦਾ। ਉਸ ਉਤੇ ਮੇਰੀ ਰਾਏ ਹੈ ਕਿ ਅਸੀਂ ਲੋਕ ਦਿਖਾਵੇ ਤੋਂ ਹਟ ਕੇ ਸਿੰਪਲੀਸਿਟੀ ਵਿੱਚ ਆਈਏ ਔਰ ਸਿੰਪਲੀਸਿਟੀ ਵਿੱਚ ਆ ਕੇ ਜੋ ਵੀ ਆਪਾਂ ਕਰੀਏ ਉਸ ਵਿੱਚ ਆਪਣੀ ਬੱਚੀ ਦਾ ਜ਼ਰੂਰ ਧਿਆਨ ਕਰੀਏ। ਮੇਰਾ ਇੰਨਾ ਹੀ ਸੁਝਾਅ ਹੈ ਅਤੇ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਕਿਉਂਕਿ ਸਮਾਜਿਕ ਲਹਿਰ ਨਾਲ ਔਰ ਇਕ ਪੂਰੇ ਸਮਾਜ ਦੇ ਵਰਗ ਦੇ ਲੋਕ ਜਦੋਂ ਇਸ ਪਾਸੇ ਲੱਗਣਗੇ ਤਾਂ ਉਸ ਦਾ ਅਸਰ ਇਕ ਸਾਲ, ਦੋ ਸਾਲ, ਤਿੰਨ ਸਾਲ ਵਿੱਚ ਹੌਲੀ-ਹੌਲੀ ਜ਼ਰੂਰ ਆਉਣਾ ਸ਼ੁਰੂ ਹੋਵੇਗਾ। ਅੱਜ ਦੇ ਇਸ ਮਹਿੰਗਾਈ ਦੇ ਯੁੱਗ ਵਿੱਚ ਜਦੋਂ ਕਿਸੇ ਗਰੀਬ ਪਰਿਵਾਰ ਨੂੰ ਸ਼ਾਦੀ ਕਰਨੀ ਪੈਂਦੀ ਹੈ ਤਾਂ ਉਹ ਜ਼ਿਆਦਾ ਫਾਇਨੈਂਸ਼ੀਅਲੀ ਦਬਾਅ ਮਹਿਸੂਸ ਕਰਨ ਲੱਗ ਜਾਂਦੇ ਹਨ ਕਿਉਂਕਿ ਸਮਾਜ ਦੇ ਇਕ ਸਿਸਟਮ ਅਨੁਸਾਰ ਉਸ ਨੂੰ ਸ਼ਾਦੀ ਕਰਨੀ ਪੈਂਦੀ ਹੈ। ਜੇ ਅਸੀਂ ਸਾਰੇ ਇਸ ਨੂੰ ਸੋਸ਼ਲੀ ਕਰਾਂਗੇ ਤਾਂ ਬਹੁਤ ਚੰਗਾ ਹੈ। ਮੈਂ ਬੜੀ ਨਿਮਰਤਾ ਨਾਲ ਇਹ ਕਹਿੰਦਾ ਹਾਂ ਕਿ ਇਸ ਨੂੰ ਸਮਾਜਿਕ ਲਹਿਰ ਦੇ ਤੌਰ ਤੇ ਕਰਨਾ ਚਾਹੀਦਾ ਹੈ। ਧੰਨਵਾਦ ਜੀ।

**ਮਾਨਯੋਗ ਡਿਪਟੀ ਸਪੀਕਰ** : ਸ਼੍ਰੀ ਮਨੋਰੰਜਨ ਕਾਲੀਆ ਜੀ।

**ਉਦਯੋਗ ਤੇ ਵਣਜ ਮੰਤਰੀ (ਸ਼੍ਰੀ ਅਨਿਲ ਜੋਸ਼ੀ)** : ਮਾਨਯੋਗ ਡਿਪਟੀ ਸਪੀਕਰ ਸਾਹਿਬ.... ਇਕ ਮਿੰਟ ਜੀ, ਬੱਸ ਅੱਧਾ ਮਿੰਟ। ਮੇਰਾ ਮਾਈਕ ਚਲਾ ਦਿੱਤਾ ਹੈ ਹੁਣ। ਬੱਸ ਇਕ ਮਿੰਟ ਜੀ।.....

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ)** : ਹੁਣ ਮਾਈਕ ਇੱਧਰ ਚਲਾ ਦਿੱਤਾ ਹੈ ਜੀ। ਮਾਨਯੋਗ ਡਿਪਟੀ ਸਪੀਕਰ ਸਾਹਿਬ.....

**ਮਾਨਯੋਗ ਡਿਪਟੀ ਸਪੀਕਰ** : ਕਾਲੀਆ ਜੀ, ਬੋਲੋ ਹੁਣ ·

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ)** : ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਮਾਨਯੋਗ ਵਿਧਾਇਕ ਹਰਪ੍ਰੀਤ ਸਿੰਘ ਲੈ ਕੇ ਆਏ ਹਨ, ਬਹੁਤ ਹੀ ਅਹਿਮ ਹੈ ਕਿ ਵਿਆਹ-ਸ਼ਾਦੀਆਂ ਤੇ ਜਿਹੜਾ ਖਰਚ ਕੀਤਾ ਜਾਂਦਾ ਹੈ, ਚਾਹੇ ਦਹੇਜ ਦੇ ਰੂਪ ਵਿੱਚ, ਚਾਹੇ ਦਿਖਾਵੇ ਦੇ ਰੂਪ ਵਿੱਚ, ਉਹ ਵਿਅਰਥ ਹੈ, ਉਸ ਤੇ ਰੋਕ ਲੱਗਣੀ ਚਾਹੀਦੀ ਹੈ। ਇਹ ਜੋ ਵਿਆਹ-ਸ਼ਾਦੀਆਂ ਤੇ ਖਰਚਾ ਹੁੰਦਾ ਹੈ, ਇਹ ਇਕ ਸਮਾਜਿਕ ਬੁਰਾਈ ਹੈ। It is a social evil. ਇਸ ਸੋਸ਼ਲ ਈਵਲ ਨੂੰ ਪਬਲਿਕਲੀ ਤਾਂ ਅਸੀਂ ਕੰਡੈਮ ਕਰਦੇ ਹਾਂ ਕਿ ਇਹ ਨਹੀਂ ਹੋਣਾ ਚਾਹੀਦਾ ਪਰ ਜਿਸ ਦਿਨ ਆਪਣੀ ਵਾਰੀ ਆਉਂਦੀ ਹੈ ਤੇ ਬੰਦਾ ਕਹਿੰਦਾ ਹੈ ਕਿ ਠੀਕ ਹੈ ਜੀ, ਚੁੱਪ ਕਰਕੇ ਕਰ ਲਉ। ਇਹ ਸਮਾਜਿਕ ਬੁਰਾਈ ਹੈ। ਚਾਹੇ ਕੋਈ ਵੀ ਸਮਾਜਿਕ ਬੁਰਾਈ ਹੋਵੇ, ਚਾਹੇ ਦਹੇਜ ਪ੍ਰਥਾ ਦੀ ਹੈ, ਚਾਹੇ ਵਿਖਾਵੇ ਦੀ ਹੈ, ਕੋਈ ਵੀ ਸਮਾਜਿਕ ਬੁਰਾਈ ਸਮਾਜ ਵਿੱਚੋਂ ਪੂਰੀ ਤਰ੍ਹਾਂ lock, stock and barrel ਖਤਮ ਨਹੀਂ ਹੋ ਸਕਦੀ। ਇਸ ਨੂੰ ਅਸੀਂ ਲਿਮਿਟ ਕਰ ਸਕਦੇ ਹਾਂ। ਸਵਾਲ ਇਹ ਹੈ ਕਿ ਜਿਹੜਾ ਸ਼ਾਦੀਆਂ ਤੇ ਖਰਚਾ ਹੁੰਦਾ ਹੈ, ਇਹ ਕਿਵੇਂ ਘੱਟ ਕੀਤਾ ਜਾਵੇ ? ਕਿਉਂਕਿ ਮੈਰਿਜ ਜਿਹੜੀ ਹੈ, ਇਹ ਇੰਸਟੀਚਿਊਸ਼ਨ ਹੈ। ਜਦੋਂ ਤੋਂ ਇਹ ਦੁਨੀਆਂ ਬਣੀ, ਸਾਡੇ ਰਿਸ਼ੀਆਂ-ਮੁਨੀਆਂ ਨੇ ਇਹ ਸਿਸਟਮ ਲਿਵਾਲਵ ਕੀਤਾ ਹੈ। ਭਾਰਤੀ ਸੰਸਕ੍ਰਿਤੀ ਵਿੱਚ, ਹਿੰਦੂ ਸੰਸਕ੍ਰਿਤੀ ਵਿੱਚ ਇਸ ਨੂੰ ਇਕ ਪਵਿੱਤਰ ਰਿਸ਼ਤਾ ਕਿਹਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ marriages are settled in heaven and solemnized on earth ਸੋ, ਉਸ ਨਾਤੇ ਇਹ ਪਵਿੱਤਰ ਸਬੰਧ ਹੈ। ਹੁਣ ਸਵਾਲ ਇਹ ਹੈ ਕਿ ਦਹੇਜ ਪ੍ਰਥਾ ਸ਼ੁਰੂ ਕਿਥੋਂ ਹੋਈ? ਕਹਿੰਦੇ ਹਨ ਕਿ ਲੜਕੀ ਬਾਰੇ ਸ਼ਾਸਤਰਾਂ ਵਿੱਚ ਲਿਖਿਆ ਹੈ ਕਿ ਲੜਕੀ ਦੇ ਦੋ ਜਨਮ ਹੁੰਦੇ ਹਨ। ਇਕ ਤਾਂ ਜਦੋਂ ਉਹ ਦੁਨੀਆਂ ਵਿੱਚ ਆਉਂਦੀ ਹੈ ਅਤੇ ਦੂਸਰਾ ਜਦੋਂ ਉਸ ਦੀ ਸ਼ਾਦੀ ਹੁੰਦੀ ਹੈ। ਲੜਕਾ ਔਰ ਲੜਕੀ ਜਦੋਂ ਘਰ ਵਸਾਉਂਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਦਹੇਜ ਸਿਸਟਮ ਉਦੋਂ ਸ਼ੁਰੂ ਹੋਇਆ। ਜਦੋਂ ਇਹ ਦੇਖਿਆ ਗਿਆ ਕਿ ਲੜਕਾ ਔਰ ਲੜਕੀ ਆਪਣਾ ਪਰਿਵਾਰ ਵਸਾ ਰਹੇ ਹਨ ਤਾਂ ਕਿਉਂ ਨਾ ਉਸ ਨੂੰ ਪਰਿਵਾਰ ਵਸਾਉਣ ਵਿੱਚ ਅਸਾਨੀ ਹੋਵੇ, ਕੁਝ ਨਾ ਕੁਝ ਉਸਦੀ ਮਾਇਕ ਸਹਾਇਤਾ ਲੜਕੀ ਪੱਖੋਂ ਹੋਵੇ ਸ਼ਾਇਦ ਲੜਕੇ ਪੱਖੋਂ ਵੀ ਹੁੰਦੀ ਹੋਵੇਗੀ ਔਰ ਉਹ ਆਪਣਾ ਗ੍ਰਹਿਸਥ ਜੀਵਨ ਸ਼ੁਰੂ ਕਰ ਸਕਣ। ਹੌਲੀ-ਹੌਲੀ ਇਹ ਦਹੇਜ ਪ੍ਰਥਾ ਕੁਰੀਤੀ ਦਾ ਰੂਪ ਹੋ ਗਈ। ਇਕ ਹੋੜ ਲੱਗ ਗਈ। ਕਿਹਾ ਜਾਂਦਾ ਹੈ ਕਿ ਮਕਾਨ ਔਰ ਸ਼ਾਦੀ ਦੇ ਵਿੱਚ ਕੋਈ ਕਿਸੇ ਨੂੰ ਨਹੀਂ ਜਿੱਤ ਸਕਿਆ। ਇਕ ਲੰਮੀ ਦੌੜ ਹੈ ਨਾ ਖਤਮ ਹੋਣ ਵਾਲੀ ਔਰ ਉਸ ਨਾਤੇ ਕਿ ਦਹੇਜ ਦੇ ਵਿੱਚ ਜਿਹੜਾ ਲੜਕੀ ਦਾ ਅਮੀਰ ਮਾਂ-ਬਾਪ ਹੈ, ਉਹ ਇਸ ਕਰਕੇ ਖਰਚ ਕਰਦਾ ਹੈ ਕਿਉਂਕਿ ਉਹ ਸੋਚਦਾ ਹੈ ਕਿ ਬਈ ਮੇਰੇ ਗੁਆਂਢੀ ਨੇ ਖਰਚ ਕੀਤਾ ਹੈ, ਮੈਂ ਕਿਉਂ ਨਾ ਖਰਚ ਕਰਾਂ। ਮੇਰੇ ਕੋਲ ਪੈਸਾ ਹੈ, ਉਹ ਫਿਰ ਹੌਲੀ-ਹੌਲੀ ਜਦੋਂ ਜ਼ਿਆਦਾ ਦੇਣਾ ਸ਼ੁਰੂ ਹੋਇਆ ਤਾਂ ਜਿਹੜਾ ਗਰੀਬ ਹੈ ਉਸ ਨੂੰ ਵੀ

ਇਹ ਹੋਣਾ ਹੈ ਕਿ ਬਈ ਮੇਰੀ ਲੜਕੀ ਚੰਗੇ ਘਰ ਜਾਵੇ। ਮੈਂ ਉਸ ਨੂੰ ਹੋਰ ਪੈਸਾਂ ਦੇਵਾਂ। ਇਕ ਦੌੜ ਲੜਕੀ ਦੇ ਮਾਂ ਬਾਪ ਦੇ ਪੱਖੋਂ ਲੱਗੀ, ਦੂਸਰੇ ਪਾਸੇ ਲੜਕੇ ਦੇ ਪੇਰੈਂਟਸ ਵੱਲੋਂ ਲੱਗੀ ਕਿ ਜੀ ਪੈਸਾ ਹੈ, ਕਿਉਂ ਨਾ ਇਸ ਪੈਸੇ ਦਾ ਦਿਖਾਵਾ ਕੀਤਾ ਜਾਵੇ। ਹਿਊਮੈਨ ਵੀਕਨੈਸ ਵੀ ਹੈ। ਮੈਂ ਤਾਂ ਕਹਿੰਦਾ ਹਾਂ ਕਿ ਇਕ ਸ਼ਾਦੀ ਤੋਂ ਇਲਾਵਾ ਜਦੋਂ ਵੀ ਕੋਈ ਸੋਸ਼ਲ ਫੰਕਸ਼ਨ ਹੁੰਦਾ ਹੈ ਤਾਂ ਲੋਕ ਉਥੇ ਆਪਣੇ ਪੈਸੇ ਦਾ ਵਿਖਾਵਾ ਕਰਦੇ ਹਨ। ਸਮਾਜ ਦੇ ਵਿੱਚ ਇਹ ਦੱਸਣ ਦੇ ਲਈ ਕਿ ਜੀ ਮੈਂ ਸਮਾਜ ਦੇ ਵਿੱਚ ਸੰਪਨ ਹਾਂ। ਮੈਂ ਖੁਸ਼ਹਾਲ ਹਾਂ, ਮੈਂ ਸਾਰਿਆਂ ਨੂੰ ਇਨਵਾਈਟ ਕਰਦਾ ਹਾਂ। ਤੁਸੀਂ ਮੇਰੇ ਫੰਕਸ਼ਨ ਤੇ ਆਓ, ਵਧੀਆ ਤੋਂ ਵਧੀਆ ਭੋਜਨ ਪਰੋਸੇ ਜਾਂਦੇ ਹਨ। ਸੋ, ਇਸ ਨਾਤੇ ਇਹ ਹੌਲੀ-ਹੌਲੀ ਇਕ ਦੌੜ ਬਣ ਗਈ। ਇਕ ਲੰਮੀ ਦੌੜ ਚੱਲ ਪਈ। ਇਸ ਦੇ ਨਾਲ ਇਕ ਹੋਰ ਕੁਰੀਤੀ ਸ਼ੁਰੂ ਹੋ ਗਈ ਕਿ ਲੜਕੇ ਵਾਲਿਆਂ ਵੱਲੋਂ ਇਕ ਮੰਗ ਸ਼ੁਰੂ ਹੋ ਗਈ ਜਾਂ ਕਹਿ ਲਓ ਕਿ ਜੇਕਰ ਲੜਕੀ ਵਾਲੇ ਅਮੀਰ ਹਨ ਤਾਂ ਉਹ ਪੁੱਛਦੇ ਹਨ ਕਿ ਤੁਹਾਨੂੰ ਕੀ ਚਾਹੀਦਾ ਹੈ ਜੀ। ਉਸ ਨਾਤੇ ਇਹ ਦਹੇਜ ਦੇਣਾ ਹੈਲਪ ਦੇਣ ਦੀ ਬਜਾਏ ਸਮਾਜ ਵਿੱਚ ਇਕ  ਕੁਰੀਤੀ ਬਣ ਗਈ। ਇਹੀ ਕੁਰੀਤੀ ਅੱਜ ਸਾਡੇ ਗਲੇ ਦੀ ਹੱਡੀ ਬਣ ਗਈ ਹੈ। ਜੇ ਅੱਜ ਲੜਕੀ ਵਾਲਾ ਗਰੀਬ ਹੈ ਤਾਂ ਉਸ ਨੂੰ ਇਹ ਹੁੰਦਾ ਹੈ ਕਿ ਦਹੇਜ ਦੇਣਾ ਹੈ। ਉਹ ਸਾਰੀ ਉਮਰ ਜੋੜਦਾ ਹੈ, ਫੇਰ ਇਹ ਹੈ ਕਿ ਜਿੰਨੀ ਉਸਦੀ ਸਮਰਥਾ ਹੈ, ਉਹ ਦੇ ਦਿੰਦਾ ਹੈ। ਫਿਰ ਲੜਕਾ ਪੱਖ ਉਸ ਦਹੇਜ ਤੋਂ ਸੰਤੁਸ਼ਟ ਨਹੀਂ ਹੁੰਦਾ। ਲੜਕੇ ਵਾਲੇ ਕਹਿੰਦੇ ਹਨ ਕਿ ਦਹੇਜ ਥੋੜ੍ਹਾ ਆਇਆ ਹੈ। ਇਸੇ ਤਰ੍ਹਾਂ ਕਿਉਂਕਿ ਸਮਾਜ ਦੇ ਵਿਚ ਜਿਸ ਤਰ੍ਹਾਂ ਮੂਲਯ ਦਾ ਨਿਘਾਰ ਆਉਂਦਾ ਹੈ, ਉਸੇ ਤਰ੍ਹਾਂ ਸਮਾਜ ਦੇ ਵਿੱਚ ਕੁਰੀਤੀਆਂ ਵਧਦੀਆਂ ਹਨ। Erosion of values in the Society ਨਾਲ ਜਿਸ ਤਰ੍ਹਾਂ ਸਾਡੀਆਂ ਕਦਰਾਂ-ਕੀਮਤਾਂ ਵਿੱਚ ਨਿਘਾਰ ਆਇਆ, ਉਹਦੇ ਨਾਲ ਕੁਰੀਤੀਆਂ ਵਧਣੀਆਂ ਸ਼ੁਰੂ ਹੋ ਗਈਆਂ। ਫਿਰ ਇਹ ਹੋਇਆ ਕਿ ਬਈ ਮੰਗ ਕਰਨੀ ਹੈ, ਉਹ ਚੀਜ਼ ਨਹੀਂ ਮਿਲੀ। ਫਿਰ ਲੜਕੀ ਨੂੰ ਤੰਗ ਕਰਨਾ ਸ਼ੁਰੂ ਹੋ ਜਾਂਦਾ ਹੈ। ਫਿਰ ਲੜਕੀ ਦੇ ਮਾਂ-ਬਾਪ ਸੋਚਦੇ ਹਨ ਕਿ ਬਈ ਇਹ ਜੰਮਣ ਤੋਂ ਪਹਿਲਾਂ ਹੀ ਮਰ ਜਾਂਦੀ ਤਾਂ ਚੰਗਾ ਸੀ। ਫਿਰ ਇਕ ਬੁਰਾਈ ਨੇ ਦੂਸਰੀ ਬੁਰਾਈ ਨੂੰ ਜਨਮ ਦਿੱਤਾ ਅਤੇ ਉਹ ਹੈ ਭਰੂਣ ਹੱਤਿਆ ਵਾਲੀ ਬੁਰਾਈ। ਭਰੂਣ ਹੱਤਿਆ ਬਾਰੇ ਜਦੋਂ ਗਰੀਬ ਸੋਚਦਾ ਹੈ ਕਿ ਬਈ ਮੇਰੇ ਘਰ ਲੜਕੀ ਨੇ ਜਨਮ ਲੈਣਾ ਹੈ ਤਾਂ ਮੈਂ ਕਿਉਂ ਨਾ ਉਸ ਤੋਂ ਪਹਿਲਾਂ ਹੀ ਛੁਟਕਾਰਾ ਲੈ ਲਵਾਂ। ਇਸ ਦਹੇਜ ਦੀ ਬਿਮਾਰੀ ਨੇ ਭਰੂਣ ਹੱਤਿਆ ਨੂੰ ਵੀ ਜਨਮ ਦਿੱਤਾ। ਨਾਰਦ ਪੁਰਾਣ ਵਿੱਚ ਨਾਰਦ ਜੀ ਨੇ ਲਿਖਿਆ ਹੈ ਕਿ ਭਰੂਣ ਹੱਤਿਆ ਮਹਾਂ ਪਾਪ ਹੈ। ਮੈਂ ਪੜ੍ਹ ਰਿਹਾ ਸੀ, ਮੈਂ ਸੋਚਿਆ ਜਦੋਂ ਇਹ  ਲਿਖਿਆ ਗਿਆ ਸੀ, ਇਸਦਾ ਮਤਲਬ ਹੈ ਕਿ ਉਦੋਂ ਵੀ ਭਰੂਣ ਹੱਤਿਆ ਹੁੰਦੀ ਹੋਵੇਗੀ। This is also a social evil ਇਹ ਪਤਾ ਨਹੀਂ ਕਦੋਂ ਦੀ ਚਲਦੀ ਹੋਵੇਗੀ। ਸੋ, ਇਸ ਨਾਤੇ ਇਕ ਬੁਰਾਈ ਨੇ ਦੂਸਰੀ ਬੁਰਾਈ ਨੂੰ ਜਨਮ ਦਿੱਤਾ ਕਿ ਲੜਕੀ ਨੂੰ ਪੈਦਾ ਹੋਣ ਤੇ ਹੀ ਮਾਰ ਦਿਉ।

[ਸ਼੍ਰੀ ਮਨੋਰੰਜਨ ਕਾਲੀਆ]

ਲੜਕੀ ਬਾਰੇ ਇਹ ਸੱਚ ਹੈ ਕਿ ਬਈ ਜੇ ਸਮਾਜ ਨੂੰ, ਦੇਸ਼ ਨੂੰ ਚਲਾਉਣਾ ਹੈ ਤਾਂ ਲੜਕੀ ਹੀ ਚਲਾ ਸਕਦੀ ਹੈ ਅਤੇ ਲੜਕੀ ਦਾ ਇਸ ਦੁਨੀਆਂ ਦੇ ਵਿੱਚ ਆਉਣਾ ਬਹੁਤ ਜ਼ਰੂਰੀ ਹੈ। ਉਸ ਨਾਤੇ ਇਹ ਜਿਹੜੀ ਬੁਰਾਈ ਹੈ, ਇਹ ਦਹੇਜ ਪ੍ਰਥਾ, ਇਹ ਦਿਖਾਵਾ, ਇਸ ਗੱਲ ਦੀ ਲਿਮਟ ਹੋਣੀ ਚਾਹੀਦੀ ਹੈ ਅਤੇ ਇਸ ਗੱਲ ਨੂੰ ਰੋਕ ਲੱਗਣੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਅੱਛਾਈ ਕਿਸੇ ਵੀ ਯੁੱਗ ਦੇ ਵਿੱਚ 100% ਅੱਛਾਈ ਨਹੀਂ ਰਹੀ ਹੈ। ਜੇਕਰ ਤੁਸੀਂ ਕਹੋ ਕਿ 100% ਸਮਾਜ ਵਿੱਚ ਅੱਛਾਈ ਆ ਗਈ ਹੈ ਤਾਂ ਉਹ ਵੀ ਠੀਕ ਨਹੀਂ ਕਿਉਂਕਿ ਕਿਸੇ ਵੀ ਯੁੱਗ ਦੇ ਵਿੱਚ ਸਾਰੀਆਂ ਬੁਰਾਈਆਂ ਕਦੇ ਵੀ ਖਤਮ ਨਹੀਂ ਹੋਈਆਂ। ਇਕ ਬੈਲੈਂਸ ਹੁੰਦਾ ਹੈ ਕਿ 60-70% ਸਮਾਜ ਵਿੱਚ ਅੱਛਾਈ ਰਹੇ। ਬੁਰਾਈ ਜਿੰਨੀ ਵੀ ਦਬੀ ਰਹੇ, ਉਨ੍ਹਾਂ ਹੀ ਅੱਛਾ ਹੈ। ਸੋ, ਇਸ ਨਾਤੇ ਇਸ ਨੂੰ ਲਿਮਟ ਕੀਤਾ ਜਾ ਸਕਦਾ ਹੈ। ਅੱਜ ਕੱਲ੍ਹ ਇਕ ਅੱਛਾਈ ਜਾਂ ਅੱਛਾ ਰੁਝਾਨ ਚੱਲਿਆ ਹੈ, ਕਮਿਊਨਿਟੀ ਮੈਰਿਜ ਦਾ। ਕੁਝ ਲੋਕ ਇਕੱਠੇ ਹੋ ਕੇ, ਜਿਹੜੇ ਲੋਕ ਗਰੀਬ ਹਨ ਅਤੇ ਆਪਣੀਆਂ ਲੜਕੀਆਂ ਨੂੰ ਦਹੇਜ ਨਹੀਂ ਦੇ ਸਕਦੇ, ਵਿਆਹ ਨਹੀਂ ਕਰ ਸਕਦੇ, ਉਨ੍ਹਾਂ ਦੀਆਂ ਬੱਚੀਆਂ ਦੇ ਸਮੂਹਿਕ ਵਿਆਹ ਕਰਦੇ ਹਨ। ਜਿਵੇਂ ਭਾਰਤੀ ਵਿਕਾਸ ਪ੍ਰੀਸ਼ਦ ਹੈ, ਰੋਟਰੀ ਕਲੱਬ ਹੈ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਹਨ ਜਿਹੜੀਆਂ ਸਮੂਹਿਕ ਵਿਆਹਾਂ ਵਿੱਚ ਹਿੱਸਾ ਲੈਂਦੀਆਂ ਹਨ ਅਤੇ ਉਨ੍ਹਾਂ ਨੂੰ ਜ਼ਰੂਰਤ ਦਾ ਸਮਾਨ ਵੀ ਦਿੰਦੀਆਂ ਹਨ। ਸਵਾਲ ਇਸ ਗੱਲ ਦਾ ਹੈ ਕਿ ਇਹ ਇਕ ਸਮਾਜਿਕ ਬੁਰਾਈ ਹੈ ਤੇ ਜਿਹੜੇ ਮੈਰਿਜ ਇੰਸਟੀਚਿਊਸ਼ਨ ਹਨ, ਜੇਕਰ ਅਸੀਂ ਮੁਸਲਿਮ ਭਾਈਚਾਰੇ ਵਿਚ ਵੇਖ ਲਈਏ ਤਾਂ ਉਥੇ ਮੈਰਿਜ ਨੂੰ ਕੰਟਰੈਕਟ ਕਿਹਾ ਜਾਂਦਾ ਹੈ। Marriage is a contract. ਉਨ੍ਹਾਂ ਵਿੱਚ ਦਹੇਜ ਨੂੰ ਮੇਹਰ ਕਿਹਾ ਜਾਂਦਾ ਹੈ। ਜਦੋਂ ਉਨ੍ਹਾਂ ਵਿੱਚ ਤਲਾਕ ਹੁੰਦਾ ਹੈ ਤਾਂ ਮੇਹਰ ਦੀ ਰਕਮ ਦਿੱਤੀ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਹਰੇਕ ਧਰਮ ਵਿੱਚ ਇਹ ਸਮਾਜਿਕ ਬੁਰਾਈ ਕਿਸੇ ਨਾ ਕਿਸੇ ਰੂਪ ਵਿੱਚ ਦਿਖਾਈ ਦਿੰਦੀ ਹੈ। ਸਾਨੂੰ ਇਸ ਦੇ ਨਾਤੇ ਮੈਰਿਜ ਇੰਸਟੀਚਿਊਸ਼ਨ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਇਹ ਭਾਵਨਾ ਕਿ ਇਕ ਲੜਕਾ ਤੇ ਲੜਕੀ ਗ੍ਰਹਿਸਥ ਜੀਵਨ ਵਿੱਚ ਜਾ ਰਹੇ ਹਨ, ਉਨ੍ਹਾਂ ਦੀ ਹੈਲਪ ਕਰਨੀ ਤਾਂ ਠੀਕ ਹੈ। ਪਰ ਮੰਗ ਪੇਸ਼ ਕਰਨੀ ਜਾਂ ਆਪਣੀ ਸਮਰੱਥਾ ਤੋਂ ਵੱਧ ਦਹੇਜ ਦੇਣਾ ਠੀਕ ਨਹੀਂ ਹੈ ਦਹੇਜ ਤਾਂ ਦੇ ਦਿੱਤਾ ਪ੍ਰੰਤੂ ਲੜਕੇ ਦੇ ਮਾਂ-ਪਿਉ ਇਸ ਨਾਲ ਸੈਟੀਸਫਾਈ ਨਹੀਂ ਹਨ। ਜੇਕਰ ਉਹ ਕਹਿਣ ਕਿ ਜਿੰਨਾ ਦੇ ਦਿੱਤਾ, ਉਹ ਠੀਕ ਹੈ ਅਤੇ ਮੰਗਣਾ ਨਹੀਂ ਹੈ, ਉਹ ਤਾਂ ਠੀਕ ਹੈ ਪ੍ਰੰਤੂ ਇਹ ਇਕ ਸਮਾਜਿਕ ਬੁਰਾਈ ਹੈ ਅਤੇ ਸਾਨੂੰ ਇਸ ਨੂੰ ਇਕ ਮੁਹਿੰਮ ਵਜੋਂ ਲੈਣਾ ਚਾਹੀਦਾ ਹੈ। ਭਾਸ਼ਣ ਦੇ ਦੇਣਾ, ਬੋਲ ਦੇਣਾ, ਇਕ ਪ੍ਰਚਾਰ ਹੁੰਦਾ ਹੈ। ਲੇਕਿਨ ਜਿੰਨੀ ਦੇਰ ਤੱਕ ਅਸੀਂ ਇੰਡੀਵਿਜ਼ੁਅਲੀ ਸੰਕਲਪ ਨਹੀਂ ਲਵਾਂਗੇ ਕਿ ਮੇਰੇ ਘਰ ਵਿੱਚ, ਮੇਰੇ ਪਰਿਵਾਰ ਵਿੱਚ ਕੋਈ ਵੀ ਸ਼ਾਦੀ ਹੋਣੀ ਹੈ, ਇਹ ਇੰਡੀਵਿਜ਼ੁਅਲੀ ਸੰਕਲਪ ਹੋ ਸਕਦਾ ਹੈ, ਕੰਪਲਸ਼ਨ ਨਹੀਂ ਹੋ ਸਕਦੀ ਕਿ ਮੈਂ ਦਹੇਜ ਨਹੀਂ

ਲਵਾਂਗਾ। ਆਪਣੇ ਵੱਲੋਂ ਭਾਵੇਂ ਜਿੰਨਾ ਮਰਜ਼ੀ ਖਰਚ ਕਰ ਲਵਾਂ। ਇਸ ਤਰ੍ਹਾਂ ਹੋ ਸਕਦਾ ਹੈ। ਦੂਸਰਾ, ਜੇਕਰ ਮੈਂ ਬੇਟੀ ਲੈ ਕੇ ਆ ਰਿਹਾ ਹਾਂ ਤਾਂ ਜੋ ਦਿੱਤਾ ਹੈ, ਉਹ ਠੀਕ ਹੈ। ਇਸ ਨਾਤੇ ਇਸ ਗੱਲ ਦਾ ਆਤਮ-ਚਿੰਤਨ introspection ਹੋਣਾ ਚਾਹੀਦਾ ਹੈ। ਜਦੋਂ ਵਿਅਕਤੀ ਇੰਡੀਵਿਜ਼ੂਅਲੀ ਸੰਕਲਪ ਕਰਦਾ ਹੈ ਤਾਂ ਹੀ ਇਸ ਤਰ੍ਹਾਂ ਦੀ ਸਮਾਜਿਕ ਬੁਰਾਈ ਖਤਮ ਹੋ ਸਕਦੀ ਹੈ। ਦਹੇਜ ਪ੍ਰਥਾ ਇਕ ਸੋਸ਼ਲ ਈਵਲ ਹੈ, ਇਹ ਵੱਡੀ ਬੁਰਾਈ ਦਾ ਰੂਪ ਧਾਰਨ ਨਾ ਕਰ ਲਵੇ, ਇਸ ਕਰਕੇ ਇਸ ਨੂੰ ਲਿਮਟ ਕੀਤਾ ਜਾਵੇ। ਸਾਨੂੰ ਸੋਸ਼ਲੀ ਵੀ ਕੰਡੈਮ ਕਰਨਾ ਚਾਹੀਦਾ ਹੈ ਅਤੇ ਇੰਡੀਵਿਜ਼ੂਅਲੀ ਵੀ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ-ਆਪਣੇ ਪਰਿਵਾਰਾਂ ਵਿੱਚ ਦਹੇਜ ਪ੍ਰਥਾ ਸ਼ੁਰੂ ਨਹੀਂ ਕਰਾਂਗੇ। ਜਦੋਂ ਅਸੀਂ ਕਿਸੇ ਵੱਲ ਇਕ ਉਂਗਲ ਕਰਦੇ ਹਾਂ ਤਾਂ ਤਿੰਨ ਉਂਗਲਾਂ ਸਾਡੇ ਵੱਲ ਉਠਣਗੀਆਂ। ਭਾਸ਼ਣ ਕਰਨਾ ਬਹੁਤ ਵਧੀਆ ਹੁੰਦਾ ਹੈ ਪਰ ਸਾਨੂੰ ਆਪਣੇ ਪਿਛੋਕੜ ਵੱਲ ਵੇਖਣਾ ਚਾਹੀਦਾ ਹੈ ਕਿ ਕੀ ਕਦੀ ਕਿਸੇ ਨੇ ਵਿਖਾਵਾ ਨਹੀਂ ਕੀਤਾ? ਇਹ ਸਾਰੇ ਪਰਿਵਾਰਾਂ ਵਿੱਚ ਹੋਇਆ ਹੈ। ਸੋ, ਇਸ ਨਾਤੇ ਅਸੀਂ ਇੰਡੀਵਿਜ਼ੂਅਲੀ ਸਾਰੇ ਸੰਕਲਪ ਲਈਏ ਕਿ ਅਸੀਂ ਇਸ ਬੁਰਾਈ ਦੇ ਖਿਲਾਫ ਲੜਾਂਗੇ ਤੇ ਇਸ ਬੁਰਾਈ ਨੂੰ ਖਤਮ ਕਰਾਂਗੇ। ਅਸੀਂ ਆਪਣੇ ਤੌਰ ਤੇ ਸੰਕਲਪ ਲਈਏ ਕਿ ਅਸੀਂ ਆਪਣੇ ਪਰਿਵਾਰਾਂ ਵਿੱਚ ਜਦੋਂ ਸ਼ਾਦੀ ਕਰਾਂਗੇ ਕੋਈ ਦਹੇਜ ਦੀ ਮੰਗ ਨਹੀਂ ਕਰਾਂਗੇ ਤੇ ਨਾ ਹੀ ਜਿਹੜੀ ਬੇਟੀ ਲਿਆਂਦੀ ਹੈ, ਉਸ ਕੋਲੋਂ ਕੋਈ ਮੰਗ ਕਰਾਂਗੇ। ਫਿਰ ਅੱਗੇ ਨੂੰਹਾਂ ਨੂੰ ਜਲਾਉਣ ਦੀ ਗੱਲ ਆਉਂਦੀ ਹੈ। ਹਮੇਸ਼ਾ ਨੂੰਹਾਂ ਹੀ ਜਲਾਈਆਂ ਜਾਂਦੀਆਂ ਹਨ, ਸੱਸਾਂ ਨਹੀਂ ਜਲਾਈਆਂ ਜਾਂਦੀਆਂ। ਕਦੀ ਕਿਸੇ ਨੇ ਸੁਣਿਆ ਹੈ ਕਿ ਸੱਸ ਵੀ ਜਲਦੀ ਹੈ। ਨੂੰਹ ਜਲਦੀ ਹੈ ਤਾਂ ਉਹ ਕੇਵਲ ਦਹੇਜ ਦੇ ਕਾਰਨ ਹੀ ਜਲਦੀ ਹੈ। ਇਸ ਗੱਲ ਲਈ ਅਸੀਂ ਇਸ ਚੀਜ਼ ਨੂੰ, ਇਸ ਬੁਰਾਈ ਨੂੰ ਇਕ ਮੁਹਿੰਮ ਤੇ ਤੌਰ ਦੇ ਲਵਾਂਗੇ ਕਿਉਂਕਿ ਇਕ ਬੁਰਾਈ ਦੂਸਰੀ ਬੁਰਾਈ ਨੂੰ ਜਨਮ ਦਿੰਦੀ ਹੈ। ਦੂਸਰੀ, ਫਿਰ ਤੀਸਰੀ ਬੁਰਾਈ ਨੂੰ ਜਨਮ ਦਿੰਦੀ ਹੈ। ਇਸ ਦਾ ਇਕ ਹੋਰ ਪਹਿਲੂ ਵੀ ਹੈ ਕਿ ਜਦੋਂ ਆਦਮੀ-ਤੀਵੀਂ ਦੀ ਨਹੀਂ ਬਣਦੀ ਤਾਂ ਉਦੋਂ ਇਕ ਇਲਜ਼ਾਮ ਹੁੰਦਾ ਹੈ ਕਿ ਇਸ ਨੇ ਦਹੇਜ ਮੰਗਿਆ ਹੈ ਤੇ ਇਸ ਤੇ ਕੇਸ ਰਜਿਸਟਰਡ ਕਰਵਾ ਦਿਉ। ਇਹ ਵੀ ਇਕ ਪੱਖ ਹੈ ਕਿ ਇਸ ਤਰ੍ਹਾਂ ਦੇ ਕ੍ਰਿਮੀਨਲ ਕੇਸ ਰਜਿਸਟਰਡ ਹੁੰਦੇ ਹਨ। ਸੌਖੀ ਗੱਲ ਹੈ ਕਿ ਜਿੱਥੇ ਆਦਮੀ-ਤੀਵੀਂ ਦੀ ਨਹੀਂ ਬਣੀ, ਲੜਕੀ ਵਾਲਿਆਂ ਨੇ ਕੰਪਲੇਂਟ ਕਰ ਦੇਣੀ ਹੈ ਕਿ ਦਹੇਜ ਮੰਗਦੇ ਹਨ। ਮੈਂ ਜਲੰਧਰ ਦੀ ਇਕ ਉਦਾਹਰਣ ਦਿੰਦਾ ਹਾਂ। ਉਥੇ ਇਕ ਬਹੁਤ ਹੀ ਸੰਪੰਨ ਪਰਿਵਾਰਾਂ ਦੀ ਸ਼ਾਦੀ ਹੋਈ। ਮੈਂ ਨਾਂ ਨਹੀਂ ਲੈਣਾ ਚਾਹੁੰਦਾ। ਦੋਵੇਂ ਹੀ ਸੰਪੰਨ ਹਨ। ਲੜਕੀ ਪਕਸ਼ ਵੀ ਸੰਪੰਨ ਹੈ ਔਰ ਲੜਕਾ ਪਕਸ਼ ਵੀ ਸੰਪੰਨ ਹੈ। ਲੜਕੇ ਲੜਕੀ ਦੀ ਨਹੀਂ ਬਣੀ ਤੇ ਲੜਕੀ ਵਾਲਿਆਂ ਨੇ ਕੰਪਲੇਂਟ ਕਰ ਦਿੱਤੀ ਕਿ ਦਹੇਜ ਮੰਗਦੇ ਹਨ। ਲੜਕੇ ਦਾ ਜੋ ਬਾਪ ਸੀ, ਉਹ ਕਹਿੰਦਾ ਹੈ ਕਿ ਮੇਰੇ ਕੋਲ ਇੰਨਾ ਕੁਝ ਹੈ, ਇੰਨਾ ਪੈਸਾ ਹੈ। ਮੈਂ ਕਿਉਂ ਦਹੇਜ ਮੰਗਾਂਗਾ। ਕਹਿਣ ਲੱਗਾ ਕਿ ਤੂੰ ਮੰਦਰ ਕਸਮ ਚੁੱਕ

**[ਸ਼੍ਰੀ ਮਨੋਰੰਜਨ ਕਾਲੀਆ]**

ਲੈ ਕਿ ਮੈਂ ਤੇਰੇ ਕੋਲੋਂ ਦਹੇਜ ਮੰਗਿਆ ਵੀ ਹੋਵੇ। ਇਹ ਝੂਠੀ ਕੰਪਲੇਂਟ ਕਿਉਂ ? ਲੜਕੀ-ਲੜਕੇ ਦੀ ਨਹੀਂ ਬਣੀ ਤੇ ਝੂਠੀ ਕੰਪਲੇਂਟ ਕਰ ਦਿੱਤੀ ਪਰ ਅੱਜ ਇਕ ਸਿਸਟਮ ਇਨਵਾਲਵ ਹੋਇਆ ਹੈ। ਪੁਲਿਸ ਵੱਲੋਂ ਵੀ ਹੈ ਕਿ ਕੇਸ ਰਜਿਸਟਰ ਹੁੰਦਾ ਹੈ ਤੇ ਉਸ ਤੋਂ ਬਾਅਦ ਇਨਕੁਆਰੀ ਹੁੰਦੀ ਹੈ ਕਿ ਕੀ ਜੋ ਇਹ ਮੰਗ ਕੀਤੀ ਗਈ ਹੈ, ਕੀ ਉਹ ਠੀਕ ਹੈ? ਇਸ ਦੀ ਅਸਲੀਅਤ ਅਤੇ ਤਹਿ ਵਿੱਚ ਜਾਣ ਤੋਂ ਬਾਅਦ ਹੀ ਕਾਰਵਾਈ ਹੁੰਦੀ ਹੈ। ਇਸ ਨਾਤੇ ਅੱਜ ਪੁਲਿਸ ਵੀ ਇਸ ਗੱਲ ਨੂੰ ਸਮਝਦੀ ਹੈ ਕਿ ਝੂਠੀਆਂ ਕੰਪਲੇਂਟਾਂ ਆਉਂਦੀਆਂ ਹਨ ਤੇ ਉਸ ਵਿੱਚ ਵੀ ਪੁਲਿਸ ਕਈ ਕੇਸਾਂ ਵਿੱਚ ਠੀਕ ਕੰਮ ਕਰਦੀ ਹੈ ਕਿ ਇਨਕੁਆਰੀ ਤੋਂ ਬਾਅਦ ਹੀ ਕਾਰਵਾਈ ਕੀਤੀ ਜਾਂਦੀ ਹੈ। ਇਹ ਜਿਹੜਾ ਸਿਸਟਮ ਹੈ, ਇਹ ਇਨਵਾਲਵ ਹੋਇਆ ਹੈ। ਇਹ ਜੋ ਰੈਜ਼ੋਲਿਊਸ਼ਨ ਸਾਡੇ ਮੈਂਬਰ ਸਾਹਿਬ ਲੈ ਕੇ ਆਏ ਹਨ, ਇਹ ਬਹੁਤ ਹੀ ਅਹਿਮ ਹੈ। ਅਸੀਂ ਸੋਸ਼ਲ ਮੁਹਿੰਮ, ਸਮਾਜਿਕ ਮੁਹਿੰਮ ਇਸ ਬੁਰਾਈ ਦੇ ਖਿਲਾਫ ਲੜਨ ਲਈ ਬਣਾਈਏ। ਅਸੀਂ ਇੰਡਵਿਜੁਅਲੀ ਸੰਕਲਪ ਕਰੀਏ ਕਿ ਆਪਣੇ ਪਰਿਵਾਰਾਂ ਵਿੱਚ ਨਾ ਦਹੇਜ ਮੰਗਾਂਗੇ, ਨਾ ਲਵਾਂਗੇ ਜਾਂ ਫਿਰ ਆਪਣੇ ਅਨੁਸਾਰ ਲਿਮਟ ਕਰਾਂਗੇ। ਕੋਈ ਕਿਸੇ ਦੇ ਕਿਹਾਂ ਬੰਦਸ਼ ਵਿੱਚ ਨਹੀਂ ਹੁੰਦਾ ਲੇਕਿਨ ਆਪਣੇ ਤੌਰ ਤੇ ਸੰਕਲਪ ਲਿਆ ਜਾਵੇ ਤਾਂ ਹੀ ਅਸੀਂ ਇਸ ਬੁਰਾਈ ਦੇ ਖਿਲਾਫ ਲੜ ਸਕਦੇ ਹਾਂ ਅਤੇ ਇਸ ਨੂੰ ਘਟਾ ਸਕਦੇ ਹਾਂ। ਸੋ, ਇੰਨੇ ਸ਼ਬਦਾਂ ਵਿੱਚ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

**ਉਦਯੋਗ ਤੇ ਵਣਜ ਮੰਤਰੀ (ਸ਼੍ਰੀ ਅਨਿਲ ਜੋਸ਼ੀ)** : ਡਿਪਟੀ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਮੈਂ ਤਾਂ ਅੱਧਾ ਮਿੰਟ ਹੀ ਲੈਣਾ ਸੀ। ਇਹੀ ਗੱਲ ਜਿਹੜੀ ਕਾਲੀਆ ਸਾਹਿਬ ਨੇ ਕੀਤੀ ਹੈ, ਮੈਂ ਤਾਂ ਸੰਕਲਪ ਪਹਿਲਾਂ ਲੈਣ ਲੱਗਾ ਸੀ ਕਿ ਮੈਂ ਪਵਿੱਤਰ ਸਦਨ ਵਿੱਚ ਸੰਕਲਪ ਲੈਂਦਾ ਹਾਂ। ਮੇਰੇ ਦੋ ਬੇਟੇ ਹਨ। ਨਾ ਕੋਈ ਦਹੇਜ ਲਿਆ ਜਾਵੇਗਾ ਅਤੇ ਨਾ ਹੀ ਕੋਈ ਹੋਰ ਗੱਲ ਹੋਵੇਗੀ। (ਥੰਪਿੰਗ) ਸੈਕਿੰਡ ਗੱਲ ਜਿਹੜੀ ਹੈ, ਉਹ ਇਹ ਹੈ ਕਿ ਨਾ ਸ਼ਗਨ ਲਿਆ ਜਾਵੇਗਾ ਅਤੇ ਨਾ ਦਿੱਤਾ ਜਾਵੇਗਾ। ਨਾ ਡੱਬਾ ਲਿਆ ਜਾਵੇਗਾ ਅਤੇ ਨਾ ਹੀ ਦਿੱਤਾ ਜਾਵੇਗਾ। ਇਹ ਦੋ ਸਭ ਤੋਂ ਔਖੀਆਂ ਗੱਲਾਂ ਹਨ। (ਥੰਪਿੰਗ) ਮੈਂ ਤਾਂ ਸਮਝਦਾ ਹਾਂ ਕਿ ਦਹੇਜ ਨਾ ਲੈਣਾ ਸੌਖੀ ਗੱਲ ਹੈ ਪਰ ਸ਼ਗਨ ਨਾ ਲੈਣਾ, ਨਾ ਦੇਣਾ ਉਸ ਤੋਂ ਔਖੀ ਗੱਲ ਹੈ। ਡੱਬਾ ਨਾ ਲੈਣਾ, ਇਸ ਤੇ ਲੋਕੀਂ ਲੜਨ ਤੱਕ ਜਾਂਦੇ ਹਨ। ਘਸੁੰਨ-ਮੁੱਕੀ ਤੱਕ ਜਾਂਦੇ ਹਨ ਕਿ ਮੈਂ ਰੱਖ ਕੇ ਜਾਣਾ ਹੈ। ਇਸ ਤੋਂ ਪਹਿਲਾਂ ਇਕ ਪਾਰਟੀ ਦਾ ਡਿਸੀਜ਼ਨ ਹੋਇਆ ਸੀ, ਜ਼ਿਲ੍ਹਾ ਪੱਧਰ ਤੇ ਕਿ ਲੜਕੀ ਦੀ ਸ਼ਾਦੀ ਦਾ ਡੱਬਾ ਨਹੀਂ ਲੈਣਾ। ਮੇਰਾ ਖਿਆਲ ਹੈ ਕਿ 99% ਕੋਸ਼ਿਸ਼ ਕੀਤੀ ਹੈ ਕਿ ਅਜਿਹਾ ਨਾ ਹੋਵੇ। ਕੋਈ ਧੱਕੇ ਨਾਲ ਰੱਖ ਕੇ ਗਾਇਬ ਹੋ ਗਿਆ ਹੋਵੇ, ਕਹਿ ਨਹੀਂ ਸਕਦਾ। ਮੈਂ ਲੜਕੀ ਦਾ ਡੱਬਾ

ਨਹੀਂ ਸੀ ਲੈਂਦਾ। ਇਹ ਮਤਾ ਬਹੁਤ ਵਧੀਆ ਹੈ। ਅਸੀਂ ਇੱਥੇ ਬੈਠਦੇ ਹਾਂ ਤੇ ਸਮਾਜਿਕ ਤੌਰ ਤੇ ਕੋਈ ਮੈਸੇਜ ਸਾਡੇ ਵੱਲੋਂ ਇਥੋਂ ਜਾਵੇ। ਇਸ ਕਰਕੇ ਮੈਂ ਅੱਧਾ ਮਿੰਟ ਹੀ ਲੈਣਾ ਸੀ। ਉਦੋਂ ਤਾਂ ਮੈਂ ਇੰਨਾ ਹੀ ਕਹਿਣਾ ਸੀ। ਕਾਲੀਆ ਸਾਹਿਬ ਦਾ ਭਾਸ਼ਣ ਹੁਣ ਸਮਾਪਤ ਹੋ ਗਿਆ ਹੈ ਤੇ ਇਕ ਮਿੰਟ ਵੱਧ ਲੈ ਰਿਹਾ ਹਾਂ। ਇਹੀ ਗੱਲ ਮੈਂ ਕਰਨੀ ਸੀ ਕਿ ਇਕ ਮੈਸੇਜ ਇੱਥੋਂ ਜਾਣਾ ਚਾਹੀਦਾ ਹੈ ਕਿ ਅਸੀਂ ਕੀ ਕਰਦੇ ਹਾਂ। ਅਸੀਂ ਭਾਸ਼ਣ ਕਰਦੇ ਹਾਂ, ਅਸੀਂ ਬੋਲਦੇ ਹਾਂ। ਪਰ ਕੀ ਅਸੀਂ ਆਪਣੇ ਤੇ ਇਹ ਗੱਲ ਲਾਗੂ ਕਰਦੇ ਹਾਂ? ਡਿਪਟੀ ਸਪੀਕਰ ਸਾਹਿਬ, ਭੰਡਾਰੀ ਜੀ ਨੂੰ ਵੀ ਮੈਂ ਇਹ ਗੱਲ ਕਹੀ ਸੀ ਕਿ ਤੁਸੀਂ ਹੱਥ ਖੜ੍ਹੇ ਕਰਵਾ ਕੇ ਪ੍ਰਣ ਕਰਵਾ ਦਿਉ ਕਿ ਸਭ ਵੱਲੋਂ ਮੈਸੇਜ ਜਾਵੇ। ਬਾਕੀ ਇਹ ਇੰਡੀਵਿਜ਼ੁਅਲੀ ਗੱਲ ਹੈ। ਆਪਣੀ-ਆਪਣੀ ਗੱਲ ਹੈ। ਖ਼ੁਸ਼ੀ ਮਨਾਓ। ਲੜਕੇ ਤੇ ਲੜਕੀ ਦੀ ਸ਼ਾਦੀ ਕਰੋ। ਇਸ ਨਾਲ ਇਕ ਵੱਡੀ ਗੱਲ ਇਹ ਹੈ ਕਿ ਰੁਜ਼ਗਾਰ ਵੀ ਜੁੜਿਆ ਹੋਇਆ ਹੈ। ਬਿਲਕੁਲ ਹੀ ਆਪਣੇ ਬੱਚੇ ਦੀ ਸ਼ਾਦੀ ਤੇ ਖਰਚਾ ਨਹੀਂ ਕਰੇਗਾ ਤੇ ਬਹੁਤ ਸਾਰੇ ਲੋਕਾਂ ਦਾ ਰੁਜ਼ਗਾਰ ਵੀ ਖ਼ੁਸ ਜਾਣਾ ਹੈ। ਵੇਟਰ ਹੁੰਦੇ ਹਨ, ਹਲਵਾਈ ਹੁੰਦੇ ਹਨ। ਜਿੰਨੀ ਕਿਸੇ ਦੀ ਸਮਰੱਥਾ ਹੈ, ਉਹ ਆਪਣੇ ਘਰ ਵਿੱਚ ਉਨੀ ਖ਼ੁਸ਼ੀ ਮਨਾ ਲਵੇ ਪਰ ਦਹੇਜ ਲੈਣਾ-ਦੇਣਾ, ਇਸ ਬਾਰੇ ਆਪਣੇ ਮਨ ਵਿੱਚ ਸਟਰਿਕਟਲੀ ਸੰਕਲਪ ਕਰਨਾ ਚਾਹੀਦਾ ਹੈ ਕਿ ਨਾ ਲਿਆ ਜਾਵੇਗਾ ਅਤੇ ਨਾ ਦਿੱਤਾ ਜਾਵੇਗਾ। ਦੂਜੀ ਗੱਲ, ਸ਼ਗਨ ਬਾਰੇ ਤਾਂ ਸਾਰਿਆਂ ਨੂੰ ਪ੍ਰਣ ਕਰ ਹੀ ਲੈਣਾ ਚਾਹੀਦਾ ਹੈ ਕਿ ਸ਼ਗਨ ਬਾਰੇ ਲੈਣ-ਦੇਣ ਸੰਬੰਧੀ ਆਪਣੇ ਅੰਦਰ ਪ੍ਰਣ ਕਰ ਲਈਏ ਕਿ ਸ਼ਗਨ ਨਾ ਦੇਵਾਂਗੇ, ਨਾ ਲਵਾਂਗੇ। ਮੈਂ ਇਸ ਗੱਲ ਦਾ ਆਪ ਪ੍ਰਣ ਕਰਦਾ ਹਾਂ ਕਿ ਸ਼ਗਨ ਨਾ ਲਵਾਂਗੇ, ਨਾ ਦੇਵਾਂਗੇ। ਨਾ ਡੱਬਾ ਦਿਆਂਗਾ, ਨਾ ਡੱਬਾ ਲਵਾਂਗਾ। ਉਸ ਤਰ੍ਹਾਂ ਰਿਕੁਐਸਟ ਕਰਕੇ ਆਪਣੇ ਘਰ ਬੁਲਾ ਲਵਾਂਗੇ ਕਿ ਬੱਚਿਆਂ ਦੀ ਸ਼ਾਦੀ ਹੋਣੀ ਹੈ। ਬਾਕੀ ਇਹ ਹੈ ਕਿ ਇਸ ਪਵਿੱਤਰ ਸਦਨ ਤੋਂ ਉਪਰ ਸਾਡੇ ਵਾਸਤੇ ਕੋਈ ਨਹੀਂ। ਇਸ ਪਵਿੱਤਰ ਸਦਨ ਵਿੱਚ ਮੈਂ ਪ੍ਰਣ ਲੈਂਦਾ ਹਾਂ। ਬਹੁਤ ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ** : ਬਹੁਤ ਧੰਨਵਾਦ ਜੀ। ਪਵਨ ਕੁਮਾਰ ਟੀਨੂੰ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਜੋ ਮਤਾ ਸਰਦਾਰ ਹਰਪ੍ਰੀਤ ਸਿੰਘ ਜੀ ਵੱਲੋਂ ਵਿਆਹ-ਸ਼ਾਦੀਆਂ ਵਿੱਚ ਹੋ ਰਹੇ ਬੇਤਹਾਸ਼ਾ ਖਰਚਿਆਂ ਸਬੰਧੀ ਲਿਆਂਦਾ ਗਿਆ ਹੈ, ਮੈਂ ਉਸ ਦੇ ਪੱਖ ਵਿੱਚ ਬੋਲਣ ਲਈ ਖੜ੍ਹਾ ਹੋਇਆਂ ਹਾਂ। ਬਹੁਤ ਸਾਰੇ ਚੰਗੇ ਵਿਚਾਰ ਪੇਸ਼ ਕੀਤੇ ਗਏ ਹਨ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਾਲੀਆ ਸਾਹਿਬ ਨੇ ਬਹੁਤ ਚੰਗੇ ਵਿਚਾਰ ਦਿੱਤੇ ਹਨ। ਮੈਨੂੰ ਲਗਦਾ ਹੈ ਕਿ ਕਿਤੇ ਨਾ ਕਿਤੇ ਆਪਾਂ ਸਾਰੇ ਹੀ ਢੌਂਗੀ ਸਮਾਜ ਵਿੱਚ ਰਹਿ ਰਹੇ ਹਾਂ। ਹਿਪੋਕਰੇਟ ਸੁਸਾਇਟੀ ਵਿੱਚ

[ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ]

ਰਹਿ ਰਹੇ ਹਾਂ। ਅਸੀਂ ਕਹਿੰਦੇ ਸਾਰੇ ਹੀ ਬਹੁਤ ਚੰਗਾ ਹਾਂ। ਦਾਜ ਨਹੀਂ ਲੈਣਾ ਚਾਹੀਦਾ, ਫਾਲਤੂ ਖਰਚੇ ਨਹੀਂ ਕਰਨੇ ਚਾਹੀਦੇ, ਵੱਡੀਆਂ ਗੱਡੀਆਂ, ਹੋਰ ਦਿਖਾਵੇਬਾਜ਼ੀ ਨਹੀਂ ਕਰਨੀ ਚਾਹੀਦੀ ਲੇਕਿਨ ਫਿਰ ਵੀ ਕਿਤੇ ਨਾ ਕਿਤੇ ਆਪਾਂ ਸਾਰੇ ਟਰੈਪ ਵਿੱਚ ਆ ਜਾਂਦੇ ਹਾਂ। ਲੋੜ ਹੈ ਆਪਣੀ ਵਿੱਲ ਨੂੰ ਸਟਰੌਂਗ ਕਰਨ ਦੀ। ਕਿੰਨੀ ਵੱਡੀ ਬਿਮਾਰੀ ਹੋਵੇ, ਪ੍ਰਥਾ ਹੋਵੇ ਉਸ ਨੂੰ ਖਤਮ ਕੀਤਾ ਜਾ ਸਕਦਾ ਹੈ, ਇਕ ਪਲ ਵਿੱਚ ਖਤਮ ਕੀਤਾ ਜਾ ਸਕਦਾ ਹੈ। ਉਹ ਬੰਦੇ ਦੀ ਵਿੱਲ ਹੈ, ਉਸ ਦਾ ਆਪਣਾ ਸੰਕਲਪ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਹੁਣੇ ਹੀ ਕਾਲੀਆ ਸਾਹਿਬ ਨੇ ਕਿਹਾ ਹੈ ਕਿ ਪੁਰਾਣੇ ਸਮੇਂ ਵਿੱਚ ਔਰਤਾਂ ਨੂੰ ਮਦਦ ਦੇ ਰੂਪ ਵਿੱਚ ਦਹੇਜ ਦਿੱਤਾ ਜਾਂਦਾ ਸੀ। ਮਦਦ ਕਿਉਂ ਦਿੱਤੀ ਜਾਂਦੀ ਸੀ ? ਪੁਰਾਣੇ ਸਮਿਆਂ ਵਿੱਚ ਔਰਤ ਦੀ ਹਾਲਤ ਕਿਹੋ ਜਿਹੀ ਸੀ? ਉਹ ਕਮਜ਼ੋਰ ਸੀ। ਔਰਤ ਦੇ ਕੋਲ ਕੋਈ ਅਧਿਕਾਰ ਨਹੀਂ ਸੀ। ਕੋਈ ਐਜੂਕੇਸ਼ਨ ਨਹੀਂ ਸੀ। ਕੋਈ ਅਥਾਰਿਟੀ ਨਹੀਂ ਸੀ। ਉਹ ਫੈਸਲਾ ਹੀ ਨਹੀਂ ਲੈ ਸਕਦੀ ਸੀ। ਉਹ ਤਰਸ ਦੀ ਪਾਤਰ ਬਣਾ ਕੇ ਰੱਖੀ ਸੀ। ਇਸ ਕਰਕੇ ਉਸ ਨੂੰ ਆਰਥਿਕ ਮਦਦ ਦੀ ਲੋੜ ਪੈਂਦੀ ਸੀ। ਉਹ ਆਰਥਿਕ ਮਦਦ ਜਾਂਦੇ-ਜਾਂਦੇ ਦਹੇਜ ਦੀ ਬਹੁਤ ਵੱਡੀ ਕੁਰੀਤੀ ਅਤੇ ਬਿਮਾਰੀ ਦਾ ਰੂਪ ਧਾਰਨ ਕਰ ਗਈ। ਇਹ ਗੱਲ ਉਹ ਮਦਦ ਦੇਣ ਵਾਲੇ ਸਿਆਣੇ ਇਨਸਾਨਾਂ ਨੂੰ ਸੋਚ ਲੈਣੀ ਚਾਹੀਦੀ ਸੀ। ਡਿਪਟੀ ਸਪੀਕਰ ਸਾਹਿਬ, ਅੱਜ ਕਮਰਸ਼ੀਅਲ ਯੁੱਗ ਹੈ। ਆਪਾਂ ਕਮਰਸ਼ੀਅਲ ਯੁੱਗ ਵਿੱਚ ਰਹਿ ਰਹੇ ਹਾਂ। ਅੱਜ ਕਦਰਾਂ-ਕੀਮਤਾਂ ਨਾਲ ਇਨਸਾਨ ਦੀ ਪਹਿਚਾਣ ਘੱਟ ਹੁੰਦੀ ਹੈ।ਅੱਜ ਇਮਾਨਦਾਰੀ, ਚੰਗੇ ਗੁਣਾਂ ਨਾਲ ਇਨਸਾਨ ਨੂੰ ਘੱਟ ਦੇਖਿਆ ਜਾਂਦਾ ਹੈ। ਅੱਜ ਮੈਟੀਰੀਅਲਿਸਟਿਕ ਯੁੱਗ ਹੈ। ਅੱਜ ਆਪਾਂ ਘਰਾਂ ਵਿੱਚ ਬੱਚਿਆਂ ਨੂੰ ਸਿੰਪਲ ਲਿਵਿੰਗ ਅਤੇ ਹਾਈ ਥਿੰਕਿੰਗ ਦੀ ਗੱਲ ਨਹੀਂ ਕਰਦੇ ਬਲਕਿ ਘਰਾਂ ਦੇ ਵਿੱਚ ਉਨ੍ਹਾਂ ਕੋਲ ਵੱਡੀਆਂ ਗੱਡੀਆਂ ਦੀ ਅਤੇ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਾਂ। ਇਸੇ ਕਰਕੇ ਉਨ੍ਹਾਂ ਦੇ ਦਿਮਾਗ ਵੀ ਵੱਡੇ ਹੋ ਗਏ ਹਨ। ਅਗਲੀ ਜਨਰੇਸ਼ਨ ਅੱਗੇ ਤੋਂ ਅੱਗੇ ਕੁਰੀਤੀਆਂ ਦਾ, ਬਿਮਾਰੀਆਂ ਦਾ ਸ਼ਿਕਾਰ ਹੋਣ ਲੱਗੀ ਹੈ। ਡਿਪਟੀ ਸਪੀਕਰ ਸਾਹਿਬ, ਵਿਆਹ-ਸ਼ਾਦੀਆਂ ਜ਼ਿੰਦਗੀ ਵਿੱਚ ਇਕ ਬਹੁਤ ਜ਼ਰੂਰੀ ਘਟਨਾ ਹੁੰਦੀ ਹੈ। ਜਿਵੇਂ ਹੁਣੇ ਸਰਦਾਰ ਹਰਪ੍ਰੀਤ ਸਿੰਘ ਜੀ ਦੱਸ ਕੇ ਗਏ ਹਨ ਕਿ ਪਹਿਲਾਂ-ਪਹਿਲ ਧਾਰਮਿਕ ਸਥਾਨਾਂ ਤੇ ਸ਼ਾਦੀ ਹੁੰਦੀ ਸੀ। ਗੁਰਦੁਆਰੇ-ਮੰਦਰ ਵਿੱਚ ਹੀ ਖਾਣਾ ਹੁੰਦਾ ਸੀ ਅਤੇ ਆਪਣੇ-ਆਪਣੇ ਰਿਸ਼ਤੇਦਾਰ ਇਕ ਦੂਜੇ ਨੂੰ ਮਿਲਦੇ ਸੀ, ਹਾਲ-ਚਾਲ ਪੁੱਛਦੇ ਸੀ। ਸਾਰਿਆਂ ਬੱਚਿਆਂ ਦੀਆਂ, ਬਜ਼ੁਰਗਾਂ ਦੀਆਂ ਗੱਲਾਂ ਹੁੰਦੀਆਂ ਸੀ। ਬਜ਼ੁਰਗਾਂ ਕੋਲੋਂ ਚੰਗੇ ਗੁਣ ਗ੍ਰਹਿਣ ਹੁੰਦੇ ਸੀ। ਬੱਚਿਆਂ ਨੂੰ ਰਿਸ਼ਤੇਦਾਰਾਂ ਨਾਲ ਮਿਲਾਇਆ ਜਾਂਦਾ ਸੀ। ਅੱਜ ਦੀਆਂ ਸ਼ਾਦੀਆਂ ਪੈਲੇਸਾਂ ਵਿੱਚ ਹੋ ਰਹੀਆਂ ਹਨ। ਵੱਡੇ-ਵੱਡੇ ਕਿਲੇ ਹੁੰਦੇ ਹਨ, ਜਿਥੇ ਸਾਡੇ ਕੀਮਤੀ ਅੰਨ ਦੀ ਬੇਇਜ਼ਤੀ ਹੁੰਦੀ ਹੈ। ਅੱਧਾ ਖਾਣਾ, ਅੱਧਾ ਅੰਨ ਪੈਲੇਸਾਂ ਵਿੱਚ ਬਰਬਾਦ ਕੀਤਾ ਜਾਂਦਾ ਹੈ ਕਿਉਂਕਿ ਵਰਤਾਉਣ ਵਾਲੇ, ਪਰੋਸਣ ਵਾਲੇ ਵੀ

ਕੋਈ ਖਾਸ ਐਕਸਪੀਰੀਐਂਸਡ ਅਤੇ ਕੁਆਲੀਫਾਈਡ ਨਹੀਂ ਹੁੰਦੇ ਔਰ ਕੋਈ ਹਾਈਜੈਨਿਕ ਨਹੀਂ ਹੁੰਦਾ, ਕੋਈ ਸਾਫ-ਸੁਥਰਾ ਖਾਣਾ ਨਹੀਂ ਹੁੰਦਾ। ਦੂਜੀ ਗੱਲ, ਇਹ ਬਿਲਕੁਲ ਠੀਕ ਹੈ ਕਿ ਵਿਖਾਵੇ ਵਾਸਤੇ ਵੱਡੇ ਤੋਂ ਵੱਡਾ ਪੈਲੇਸ ਜਿਹੜਾ ਨਵਾਂ ਬਣ ਰਿਹਾ ਹੋਵੇ, ਉਸ ਨੂੰ ਆਪਾਂ ਬੁੱਕ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਕਿ ਸਾਡੀ ਸਮਾਜ ਦੇ ਵਿੱਚ ਸਰਦਾਰੀ ਹੋ ਸਕੇ। ਮਿਊਜ਼ਿਕ ਹਾਲ ਵਿੱਚ ਮਿਊਜ਼ਿਕ ਇੰਨਾ ਉੱਚਾ ਹੁੰਦਾ ਹੈ ਕਿ ਤੁਸੀਂ ਕਿਸੇ ਨਾਲ ਗੱਲ ਨਹੀਂ ਕਰ ਸਕਦੇ, ਕਿਸੇ ਦਾ ਹਾਲ-ਚਾਲ ਨਹੀਂ ਪੁੱਛ ਸਕਦੇ, ਕਿਸੇ ਰਿਸ਼ਤੇਦਾਰ ਨਾਲ ਦੁੱਖ-ਸੁੱਖ ਸਾਂਝਾ ਨਹੀਂ ਕਰ ਸਕਦੇ। ਪਿਛਲੇ ਦਿਨੀਂ ਜਲੰਧਰ ਵਿੱਚ ਹਾਈ-ਪਿੱਚ ਮਿਊਜ਼ਿਕ ਕਾਰਨ ਇਕ ਔਰਤ ਨੂੰ ਮੌਕੇ ਤੇ ਹਾਰਟ ਅਟੈਕ ਹੋ ਗਿਆ ਤੇ ਉਹ ਮਰ ਗਈ। ਬਹੁਤ ਸਾਰੇ ਬਜ਼ੁਰਗ ਤਾਂ ਡਰਦੇ ਜਾਂ ਜਿਨ੍ਹਾਂ ਨੂੰ ਕੋਈ ਹਾਰਟ ਦੀ ਪ੍ਰਾਬਲਮ ਹੈ, ਉਹ ਉਸ ਸਟੇਜ ਜਾਂ ਉਸ ਹਾਲ ਦੇ ਵਿੱਚ ਜਾਂਦੇ ਹੀ ਨਹੀਂ। ਉਹ ਵਿਆਹ ਬਾਹਰੋਂ ਹੀ ਵੇਖ ਕੇ, ਆਪਣੇ ਬੱਚਿਆਂ ਨੂੰ ਕਹਿੰਦੇ ਹਨ ਕਿ ਬਾਹਰ ਹੀ ਦਾਲ-ਫੁਲਕਾ ਲਿਆ ਦੇ ਤੇ ਮੈਂ ਇੱਥੇ ਹੀ ਖਾ ਲੈਂਦਾ ਹਾਂ, ਮੈਂ ਅੰਦਰ ਨਹੀਂ ਜਾ ਸਕਦਾ। ਅੱਜ ਸਾਡੀਆਂ ਸ਼ਾਦੀਆਂ ਦੀ ਇਹ ਹਾਲਤ ਹੈ। ਫਿਰ ਗਾਣੇ ਚਲਦੇ ਹਨ, ਮਹਿੰਗੇ ਗੀਤ ਸੰਗੀਤ, ਬੰਬੇ ਤੋਂ, ਦਿੱਲੀ ਤੋਂ ਆਰਟਿਸਟ ਆਉਂਦੇ ਹਨ ਅਤੇ ਲੁੱਟ ਕੇ ਚਲੇ ਜਾਂਦੇ ਹਨ। ਅਸੀਂ ਆਪਣੀ ਬੜੀ ਮਿਹਨਤ ਨਾਲ ਕੀਤੀ ਕਮਾਈ ਦਾ ਉਜਾੜਾ ਕਰਦੇ ਹਾਂ। ਨਾਲ-ਨਾਲ ਗੀਤ ਵੀ ਵੱਜਦੇ ਹਨ, ਫਿਰ ਹਥਿਆਰ ਵੀ ਚਲਦੇ ਹਨ। ਡਿਪਟੀ ਸਪੀਕਰ ਸਾਹਿਬ, ਗੋਲੀਆਂ ਵੀ ਚਲਦੀਆਂ ਹਨ। ਵਿਆਹਾਂ ਦੇ ਵਿੱਚ ਬਹੁਤ ਸਾਰੀਆਂ ਘਟਨਾਵਾਂ ਵੀ ਹੋ ਚੁੱਕੀਆਂ ਹਨ। ਅਸੀਂ ਵੱਡੇ-ਵੱਡੇ ਲੋਕਾਂ ਨੂੰ, ਵੱਡੇ-ਵੱਡੇ ਆਰਟਿਸਟਾਂ ਨੂੰ ਵੀ ਵਿਆਹਾਂ-ਸ਼ਾਦੀਆਂ ਵਿੱਚ ਗਵਾ ਚੁੱਕੇ ਹਾਂ। ਇਸ ਦੇ ਨਾਲ ਸਾਡੇ ਪੰਜਾਬ ਦੀ, ਸਾਡੇ ਸੱਭਿਆਚਾਰ ਦੀ, ਸਾਡੀ ਗੁਰੂਆਂ ਦੀ ਧਰਤੀ ਹੈ, ਜਿਥੇ ਸਰਬੱਤ ਦੇ ਭਲੇ ਦੀ ਗੱਲ ਹੋਈ, ਜਿਥੇ ਵੰਡ ਕੇ ਛੱਕਣ ਦੀ ਗੱਲ ਹੋਈ, ਜਿੱਥੇ ਕੋਈ ਭੁੱਖਾ ਨਾ ਸੌਂਵੇਂ, ਕੋਈ ਪਿਆਸਾ ਨਾ ਹੋਵੇ, ਜਿਥੇ ਕੋਈ ਗਰੀਬ ਨਾ ਹੋਵੇ, ਕੋਈ ਨਿਆਸਰਾ ਨਾ ਹੋਵੇ, ਇਹ ਉਹ ਧਰਤੀ ਹੈ। ਉਸ ਧਰਤੀ ਉੱਤੇ ਅੱਜ ਇਹ ਵਿਆਹਾਂ ਦਾ ਜਿਹੜਾ ਭਾਰ ਪਿਆ ਹੋਇਆ ਹੈ ਉਸ ਉੱਤੇ ਅੱਜ ਬਹੁਤ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਪਰ ਡਿਪਟੀ ਸਪੀਕਰ ਸਾਹਿਬ, ਜਿਹੜੇ ਗਾਣੇ ਵੱਜਦੇ ਹਨ ਕਿਉਂਕਿ ਇਸ ਦੇ ਨਾਲ ਬਹੁਤ ਸਾਰੀਆਂ ਚੀਜ਼ਾਂ ਜੁੜੀਆਂ ਹੋਈਆਂ ਹਨ, ਗਾਣੇ ਜਿਹੜੇ ਵੱਜਦੇ ਹਨ, ਉਹ ਵੀ ਬੜੇ ਅਸ਼ਲੀਲ ਹੁੰਦੇ ਹਨ, ਅਸ਼ਲੀਲ ਡਾਂਸ ਤੇ ਗਾਣੇ ਵੀ ਅਸ਼ਲੀਲ ਵੱਜਦੇ ਹਨ ਜਿਸ ਦੇ ਨਾਲ ਸਮਾਜ ਵਿੱਚ ਬੱਚਿਆਂ ਦੇ ਉੱਤੇ ਬੁਰਾ ਅਸਰ ਹੁੰਦਾ ਹੈ। ਅਸੀਂ ਬੱਚਿਆਂ ਬਾਰੇ ਚਾਹੁੰਦੇ ਹਾਂ ਕਿ ਸਾਡੇ ਬੱਚੇ ਚੰਗੇ ਹੋਣ, ਲਾਇਕ ਬਣਨ, ਪੜ੍ਹਨ ਲਿਖਣ ਤੇ ਅਫਸਰ ਬਣਨ ਲੇਕਿਨ ਜਦੋਂ ਉਥੇ ਇਸ ਤਰ੍ਹਾਂ ਦਾ ਪ੍ਰਬੰਧ ਹੁੰਦਾ ਹੈ ਕਿ ਉਥੇ ਕੁੜੀਆਂ ਨੂੰ

**[ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ]**

ਨਚਾਇਆ ਜਾਂਦਾ ਹੈ, ਉਨ੍ਹਾਂ ਕੋਲੋਂ ਖਾਣਾ ਪਰੋਸਿਆ ਜਾਂਦਾ ਹੈ, ਉਨ੍ਹਾਂ ਦੀ ਡਰੈਸ ਦਾ ਵੀ ਧਿਆਨ ਕਰੋ ਤਾਂ ਉਥੇ ਅਸੀਂ ਆਪਣੇ ਬੱਚਿਆਂ ਨੂੰ ਅਸੀਂ ਆਪਣੀ ਸੁਸਾਇਟੀ ਨੂੰ, ਆਪਾਂ ਆਪਣੇ ਇਲਾਕੇ ਨੂੰ, ਆਪਣੀ ਕਾਂਨਸੀਅਸ਼ ਨੂੰ ਕੀ ਜਵਾਬ ਦੇਈਏ। ਇਸ ਕਰਕੇ ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਜ਼ਰੂਰੀ ਅਤੇ ਬਹੁਤ ਗੰਭੀਰ ਮਤਾ ਐਮ.ਐਲ.ਏ. ਸਾਹਿਬ ਨੇ ਲਿਆਂਦਾ ਹੈ। ਕੋਈ ਜਿਸ ਤਰ੍ਹਾਂ ਕਹਿ ਰਹੇ ਸੀ ਕਿ ਇਹ ਕਰਨਾ ਬੜਾ ਮੁਸ਼ਕਲ ਹੈ ਪਰ ਕੰਮ ਕੋਈ ਮੁਸ਼ਕਲ ਨਹੀਂ ਹੁੰਦਾ। ਜੇ ਉਪਰੋਂ ਸ਼ੁਰੂ ਕਰੀਏ ਤਾਂ ਕੰਮ ਹੋਰ ਵੀ ਸੌਖਾ ਹੋ ਜਾਂਦਾ ਹੈ। ਆਮ ਲੋਕ ਜਿਹੜੇ ਹਨ, ਗਰੀਬ ਹਨ ਜਾਂ ਮਿਡਓਕਰ ਵਰਗ ਹੈ, ਉਹ ਉਪਰਲੇ ਲੋਕਾਂ ਨੂੰ ਭਾਵ ਪਾਲੇਟੀਸ਼ਨਾਂ ਨੂੰ, ਵੱਡੇ ਬਿਜਨੈਸਮੈਨਾਂ ਨੂੰ ਜਾਂ ਅਫਸਰਾਂ ਨੂੰ ਫਾਲੋ ਕਰਦਾ ਹੈ। ਜੇਕਰ ਤਿੰਨੋਂ ਹੀ ਕਲਾਸਾਂ ਡਿਟਰਮਿਨਡ ਹੋ ਜਾਣ, ਸੰਕਲਪ ਕਰ ਲੈਣ ਕਿ ਅਸੀਂ ਸਿੰਪਲ ਰਹਿਣਾ ਹੈ, ਅਸੀਂ ਆਪਣੇ ਬੱਚਿਆਂ ਨੂੰ ਚੰਗੀਆਂ ਕਦਰਾਂ-ਕੀਮਤਾਂ ਸਿਖਾਉਣੀਆਂ ਹਨ ਤਾਂ ਇਹ ਕੰਮ ਬਹੁਤ ਸੌਖਾ ਹੈ। ਅੱਜ ਵੱਡੇ ਬੰਦਿਆਂ ਨੂੰ, ਵੱਡੇ ਪਰਿਵਾਰਾਂ ਨੂੰ ਲੋਕਾਂ ਨੂੰ ਵੇਖ ਕੇ ਹੀ ਜਿਹੜੇ ਆਮ ਲੋਕ ਕਰਜ਼ਾ ਚੁੱਕ ਕੇ ਮਹਿੰਗੇ ਪੈਲੇਸ ਕਰਦੇ ਹਨ, ਮਹਿੰਗੇ ਖਾਣੇ ਖਿਲਾਉਂਦੇ ਹਨ, ਮਹਿੰਗੇ ਕਲਾਕਾਰ ਸੱਦਦੇ ਹਨ ਤਾਂ ਉਸ ਤੋਂ ਛੁਟਕਾਰਾ ਹੋ ਜਾਵੇਗਾ ਅਤੇ ਪੰਜਾਬ ਸਾਡਾ ਬਹੁਤ ਅੱਗੇ ਵੱਧ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਬਹੁਤ ਜ਼ਰੂਰੀ, ਗੰਭੀਰ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਥੋਂ ਤੱਕ ਸ਼ਰਾਬ ਪਰੋਸਣ ਦੀ ਗੱਲ ਹੈ, ਮਿਊਜ਼ਿਕ ਦੀ ਗੱਲ ਹੈ ਇਹ ਸਾਰੀਆਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਬਿਮਾਰੀਆਂ ਹਨ। ਇਹ ਇਕ ਦੂਜੀ ਨੂੰ ਜਨਮ ਦਿੰਦੀਆਂ ਹਨ। ਇਸ ਕਰਕੇ ਜਿਹੜੀ ਜੋਸ਼ੀ ਸਾਹਿਬ ਨੇ ਪਹਿਲਕਦਮੀ ਕੀਤੀ ਹੈ ਕਿ ਡੱਬਾ ਨਹੀਂ ਲੈਣਾ, ਆਪਣੇ ਬੱਚਿਆਂ ਦੀ ਸ਼ਾਦੀ ਸਿੰਪਲ ਕਰਨੀ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡਾ ਕਦਮ ਹੈ, ਉਨ੍ਹਾਂ ਨੇ ਪਹਿਲਕਦਮੀ ਕੀਤੀ ਹੈ ਕਿਉਂਕਿ ਹਾਊਸ ਵਿੱਚ ਕਹਿਣਾ ਕੋਈ ਸੌਖੀ ਗੱਲ ਨਹੀਂ ਹੁੰਦੀ, ਇਹ ਸਾਰੀ ਦੁਨੀਆਂ ਦੇ ਵਿੱਚ ਮੈਸੇਜ ਜਾਵੇਗਾ ਤੇ ਆਪਾਂ ਸਭ ਨੂੰ ਅੰਦਰੋਂ ਹੀ ਬਦਲ ਜਾਣਾ ਚਾਹੀਦਾ ਹੈ, ਦਿਖਾਵੇ ਦੀ ਲੋੜ ਨਹੀਂ। ਸਾਨੂੰ ਇਹ ਫੈਸਲਾ ਲੈ ਲੈਣਾ ਚਾਹੀਦਾ ਹੈ ਕਿ ਸ਼ਗਨ ਤੇ ਦਿਖਾਵਾ ਤੇ ਡੱਬੇ ਤੇ ਮੇਰਾ ਖਿਆਲ ਹੈ ਕਿ ਜੇ ਸ਼ਗਨ ਦੀ ਰਸਮ ਨਾ ਹੋਵੇ ਤਾਂ ਅਸੀਂ ਪਾਲੀਟੀਸ਼ੀਅਨ ਜ਼ਿਆਦਾ ਵਿਆਹ ਅਟੈਂਡ ਕਰ ਸਕਦੇ ਹਾਂ ਕਿਉਂਕਿ ਘੰਟਾ-ਘੰਟਾ ਇਹ ਉਡੀਕ ਕਰਨੀ ਪੈਂਦੀ ਹੈ ਕਿ ਕੁੜੀ ਮੁੰਡਾ ਹਾਲੇ ਤੱਕ ਆਏ ਨਹੀਂ। ਜੇ ਆਪਾਂ ਉਸੇ ਤਰ੍ਹਾਂ ਹੀ ਜਾ ਕੇ ਵਧਾਈਆਂ ਦੇ ਆਈਏ ਤਾਂ ਆਪਾਂ ਜ਼ਿਆਦਾ ਜਗ੍ਹਾ ਤੇ ਵੀ ਪਹੁੰਚ ਸਕਦੇ ਹਾਂ। ਵਿਆਹ ਵਾਲਿਆਂ ਨੂੰ ਹੁੰਦਾ ਹੈ ਕਿ ਮੰਤਰੀ ਤੇ ਵੱਡੇ ਅਫਸਰ ਆਏ ਨਹੀਂ। ਮੈਂ ਸਮਝਦਾ ਹਾਂ ਕਿ ਇਹ ਬਹੁਤ ਵਧੀਆ ਰੈਜ਼ੋਲਿਊਸ਼ਨ ਹੈ। ਇਹ ਬਹੁਤ ਵਧੀਆ ਪਹਿਲਕਦਮੀ ਹੋਈ ਹੈ। ਮੈਂ ਸਮਝਦਾ ਸੀ ਕਿ ਕਾਲੀਆ ਸਾਹਿਬ ਨੇ ਤਾਂ ਪਹਿਲਾਂ ਹੀ ਕੁਰਬਾਨੀ ਦਿੱਤੀ ਹੈ।

**ਮਾਨਯੋਗ ਡਿਪਟੀ ਸਪੀਕਰ :** ਟੀਨੂੰ ਜੀ, ਬੈਠੋ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ :** ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਤੇ ਦੇ ਹੱਕ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਸ ਵਿੱਚ ਆਪਾਂ ਨੂੰ ਜ਼ਰੂਰ ਫੈਸਲਾ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਇਕ ਸੁਨੇਹਾ ਜਾਵੇ। ਇਹ ਆਪਣੀ ਜਿਹੜੀ ਧਰਤੀ ਹੈ, ਇਹ ਹੋਰ ਵੀ ਪਵਿੱਤਰ ਹੋਵੇ ਅਤੇ ਵਧੀਆ ਸੁਨੇਹਾ ਭਾਈਚਾਰਕ ਪ੍ਰਪੱਕਤਾ ਵਾਲਾ ਚੰਗਾ ਮੈਸੇਜ ਇਸ ਪੰਜਾਬ ਦੀ ਧਰਤੀ ਤੋਂ ਜਾਵੇ ਕਿਉਂਕਿ ਪੰਜਾਬ ਨੇ ਹਮੇਸ਼ਾ ਇਸ ਦੇਸ਼ ਨੂੰ ਲੀਡ ਕੀਤਾ ਹੈ। ਪੰਜਾਬ ਇਸ ਦੇਸ਼ ਦਾ ਮੂੰਹ-ਮੱਥਾ ਹੈ ਤੇ ਜਿਹੜੀ ਚੀਜ਼ ਪੰਜਾਬ ਤੋਂ ਸ਼ੁਰੂ ਹੋਵੇਗੀ, ਉਸ ਨੂੰ ਪੂਰਾ ਦੇਸ਼ ਐਕਸੈਪਟ ਕਰਦਾ ਹੈ। ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ :** ਜਸਟਿਸ ਨਿਰਮਲ ਸਿੰਘ। ਸਮੇਂ ਦਾ ਥੋੜ੍ਹਾ ਖਿਆਲ ਰੱਖੋ। ਪੰਜ ਮਿੰਟ ਸਿਰਫ। ਹਾਂ ਜੀ, ਰਣੀਕੇ ਸਾਹਿਬ, ਪਹਿਲਾਂ ਤੁਸੀਂ ਬੋਲੋ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) :** ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ਼ ਇੱਕ ਮਿੰਟ ਹੀ ਲੈਣਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਜਿਹੜਾ ਸਰਦਾਰ ਹਰਪ੍ਰੀਤ ਸਿੰਘ ਨੇ ਮਤਾ ਲਿਆਂਦਾ ਹੈ, ਇਹ ਬਹੁਤ ਵਧੀਆ ਹੈ। ਇਹ ਸਮਾਜ ਦੀ ਆਰਥਿਕਤਾ ਨਾਲ, ਇਨਸਾਨੀਅਤ ਨਾਲ ਅਤੇ ਮਨੁੱਖਤਾ ਨਾਲ ਜੁੜਿਆ ਹੋਇਆ ਹੈ। ਮੇਰੇ ਤੋਂ ਪਹਿਲਾਂ ਬੁਲਾਰਿਆਂ ਨੇ ਗੱਲਾਂ ਕਹੀਆਂ ਹਨ। ਮੈਂ ਜੋਸ਼ੀ ਸਾਹਿਬ ਨੂੰ ਵੀ ਵਧਾਈ ਦਿੰਦਾ ਹਾਂ। ਮੇਰੀ ਆਪਣੀ ਮੈਰਿਜ਼ 1981 ਵਿੱਚ ਹੋਈ ਸੀ ਅਤੇ ਮੈਂ ਪ੍ਰਣ ਕੀਤਾ ਸੀ। ਮੈਂ ਵੀ ਖ਼ੁਦ ਹੀ ਆਨੰਦਪੁਰ ਸਾਹਿਬ ਜਾ ਕੇ ਲਾਵਾਂ ਲੈ ਲਈਆਂ ਸਨ ਅਤੇ ਦਾਜ ਵਜੋਂ ਲਿਆ ਕੁਝ ਨਹੀਂ ਸੀ। ਆਨੰਦਪੁਰ ਸਾਹਿਬ 1981 ਵਿੱਚ ਜਾ ਕੇ ਇਕੱਲਿਆਂ ਹੀ ਸਭ ਕੀਤਾ ਸੀ, ਇਹ ਗੱਲਾਂ ਤਾਂ ਅੱਜ ਹੋ ਰਹੀਆਂ ਹਨ। ਕੋਈ ਦਾਜ ਨਹੀਂ ਲਿਆ ਸਗੋਂ ਆਪਣੀ ਵਾਈਫ ਦੇ ਕੱਪੜੇ ਵੀ ਮੈਂ ਆਪਣੇ ਕੋਲੋਂ ਖਰੀਦੇ। ਅੱਜ ਦੋ ਬੱਚੇ ਹਨ, ਦੋਵੇਂ ਲੜਕਿਆਂ ਦਾ ਵਿਆਹ ਬਿਨਾਂ ਦਾਜ-ਦਹੇਜ ਤੋਂ ਕੀਤਾ ਹੈ। ਪ੍ਰਣ ਕੀਤਾ ਸੀ ਕਿ ਕੋਈ ਦਾਜ-ਦਹੇਜ ਲੈਣਾ ਨਹੀਂ ਹੈ। ਬਿਨਾਂ ਕਿਸੇ ਦਾਜ-ਦਹੇਜ ਅਤੇ ਲੈਣ-ਦੇਣ ਤੋਂ ਉਨ੍ਹਾਂ ਦੇ ਵਿਆਹ ਹੋਏ ਹਨ। ਇਹ ਸਾਰੇ ਐਮ.ਐਲ.ਏ. ਸਾਹਿਬ ਅਤੇ ਵਜ਼ੀਰ ਸਾਹਿਬ ਬੈਠੇ ਹਨ। ਮੈਂ ਕਿਸੇ ਨੂੰ ਨਹੀਂ ਸੱਦਿਆ ਸੀ ਕਿ ਤੁਸੀਂ ਬੱਚਿਆਂ ਦੇ ਵਿਆਹਾਂ ਤੇ ਆਇਉ। ਕੋਈ ਸੱਦਾ ਨਹੀਂ ਦਿੱਤਾ ਸੀ। ਪਿਛਲੀ ਸਰਕਾਰ ਵੇਲੇ ਇਹ ਮੈਰਿਜਾਂ ਕੀਤੀਆਂ ਸਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਸਾਨੂੰ ਸਭ ਤੋਂ ਪਹਿਲਾਂ ਆਪਣੇ ਤੇ ਲਾਗੂ ਕਰਨਾ ਚਾਹੀਦਾ ਹੈ ਕਿਉਂਕਿ ਜੈਸਾ ਰਾਜਾ ਤੈਸੀ ਪਰਜਾ। ਸਾਡੇ ਵੋਟਰ ਸਾਡੇ ਵੱਲ ਦੇਖਦੇ ਹਨ ਕਿ ਇਸ ਦਾ ਚਾਲ-ਚਲਣ ਕੀ ਹੈ ਅਤੇ

**[ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]**

ਇਹ ਕਹਿੰਦਾ ਕੀ ਹੈ। 'ਅਵਰ ਉਪਦੇਸੈ ਆਪਿ ਨ ਕਰੈ' ਇਹ ਗੁਰਬਾਣੀ ਕਹਿੰਦੀ ਹੈ। ਗੁਰਬਾਣੀ ਕਹਿੰਦੀ ਹੈ ਕਿ ਜਦੋਂ ਅਸੀਂ ਕਿਸੇ ਨੂੰ ਉਪਦੇਸ਼ ਦੇਈਏ ਤਾਂ ਉਸ ਤੇ ਪਹਿਲਾਂ ਆਪ ਅਮਲ ਕਰੀਏ ਅਤੇ ਅਗਲੇ ਤੋਂ ਫਿਰ ਗੱਲ ਸ਼ੁਰੂ ਹੁੰਦੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਜਿਹੜੀ ਜੋਸ਼ੀ ਸਾਹਿਬ ਨੇ ਗੱਲ ਕਹੀ ਹੈ, ਬਾਕੀ ਐਮ.ਐਲ.ਏ. ਸਾਹਿਬ ਜਾਂ ਹੋਰ ਐਮ.ਐਲ.ਏ. ਸਾਹਿਬਾਨਾਂ ਨੂੰ ਵੀ ਇਸ ਤੇ ਅਮਲ ਕਰਨਾ ਚਾਹੀਦਾ ਹੈ।

**ਉਦਯੋਗ ਤੇ ਵਣਜ ਮੰਤਰੀ (ਬੈਠੇ-ਬੈਠੇ)** : ਮੇਰਾ ਆਪਣਾ ਵਿਆਹ ਵੀ ਬਿਨਾਂ ਦਾਜ-ਦਹੇਜ ਤੋਂ ਹੋਇਆ ਹੈ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ** : ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੀ ਵਧੀਆ ਅਤੇ ਚੰਗੀ ਪਰੰਪਰਾ ਹੈ। ਇਸ ਤੇ ਸਾਰਿਆਂ ਨੂੰ ਅਮਲ ਕਰਨਾ ਚਾਹੀਦਾ ਹੈ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜਿਹੜਾ ਮਤਾ ਹਰਪ੍ਰੀਤ ਸਿੰਘ ਜੀ ਲੈ ਕੇ ਆਏ ਹਨ ਇਸ ਨੂੰ ਅਮਲ ਵਿੱਚ ਲਿਆਂਦਾ ਜਾਵੇ ਅਤੇ ਇਸ ਮਤੇ ਨੂੰ ਪਾਸ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਤੇ ਦੋ ਮਿੰਟ ਲਈ ਬੋਲਣ ਦਾ ਸਮਾਂ ਦਿੱਤਾ ਹੈ।

**ਜਸਟਿਸ ਨਿਰਮਲ ਸਿੰਘ (ਬਸੀ ਪਠਾਣਾਂ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸਰਦਾਰ ਹਰਪ੍ਰੀਤ ਸਿੰਘ, ਐਮ.ਐਲ.ਏ. ਨੇ ਜੋ ਰੈਜ਼ੋਲਿਊਸ਼ਨ ਇਸ ਹਾਊਸ ਵਿੱਚ ਲਿਆਂਦਾ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਜਿਹੜਾ ਰੈਜ਼ੋਲਿਊਸ਼ਨ ਹੈ, ਇਹ ਸਮਾਜ ਸੁਧਾਰ ਦਾ ਰੈਜ਼ੋਲਿਊਸ਼ਨ ਹੈ ਕਿ ਵਿਆਹ-ਸ਼ਾਦੀਆਂ ਜੋ ਹੋ ਰਹੀਆਂ ਹਨ, ਉਨ੍ਹਾਂ ਉੱਪਰ ਹੋ ਰਹੇ ਖਰਚੇ ਨੂੰ ਕਿਸੇ ਤਰ੍ਹਾਂ ਘਟਾ ਸਕੀਏ। ਮੈਨੂੰ ਸ਼ਾਦੀਆਂ ਅਟੈਂਡ ਕਰਨ ਦਾ ਜੰਮੂ-ਕਸ਼ਮੀਰ, ਕੇਰਲਾ, ਬਿਹਾਰ ਅਤੇ ਯੂ.ਪੀ. ਵਿੱਚ ਮੌਕਾ ਮਿਲਿਆ ਹੈ। ਮੈਂ ਦੇਖਿਆ ਹੈ ਕਿ ਸਭ ਤੋਂ ਜ਼ਿਆਦਾ ਖਰਚਾ ਜਿਹੜਾ ਹੈ, ਉਹ ਪੰਜਾਬੀ ਲੋਕ ਆਪਣੇ ਮੁੰਡਿਆਂ ਤੇ ਕੁੜੀਆਂ ਦੀ ਸ਼ਾਦੀ ਤੇ ਕਰਦੇ ਹਨ। ਮੈਂ ਸੋਚਿਆ ਕਿ ਸਾਡੀ ਇਹ ਫਿਤਰਤ ਹੈ। ਇਹ ਸਾਡੀ ਸਾਈਕੀ ਹੈ, ਇਹ ਹੁਣ ਦੀ ਹੀ ਨਹੀਂ ਸਗੋਂ ਹਿਸਟੌਰੀਕਲ ਹੈ। ਸਾਡਾ ਸੁਭਾਅ ਬਣਿਆ ਹੋਇਆ ਹੈ ਕਿ ਖਾਓ ਤੇ ਪੀਓ। ਇੱਕ ਮੁਹਾਵਰਾ ਵੀ ਹੈ, 'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦਸ਼ਾਹੇ ਦਾ'। ਉਸ ਸਮੇਂ ਤੋਂ ਸਾਡੀ ਇਹ ਫਿਤਰਤ ਬਣ ਗਈ ਹੈ ਕਿ ਅਸੀਂ ਵੱਧ ਤੋਂ ਵੱਧ ਖਰਚਾ ਵਿਆਹਾਂ ਅਤੇ ਕੱਪੜਿਆਂ ਤੇ ਕਰਨਾ ਹੈ। ਪਰ ਅੱਜ ਜਿਹੜੀ ਗੱਲ ਸਾਹਮਣੇ ਆਈ ਹੈ, ਮੈਂ ਪਿੱਛੇ ਜਿਹੇ ਦਿੱਲੀ ਵਿੱਚ ਇਕ ਵਿਆਹ ਅਟੈਂਡ ਕੀਤਾ। ਪਰਿਵਾਰ ਦਾ ਪਿਛੋਕੜ ਮਾਨਸਾ ਦਾ ਸੀ। ਦੋਵੇਂ ਮੁੰਡਾ ਤੇ ਕੁੜੀ ਵਾਲੇ ਵੀ ਦਿੱਲੀ ਦੇ ਸੀ ਅਤੇ ਉਹ ਰਾਜਸਥਾਨ ਵਿੱਚ ਜੈਪੁਰ ਵਿਖੇ

ਮੈਰਿਜ ਕਰ ਰਹੇ ਸਨ। ਮੈਨੂੰ ਵੀ ਸੱਦਿਆ ਗਿਆ। ਮੈਰਿਜ ਕਿੰਨੇ ਦਿਨਾਂ ਦੀ ਸੀ ? ਸੱਤਾਂ ਦਿਨਾਂ ਦੀ ਮੈਰਿਜ ਸੀ। ਸਾਰਿਆਂ ਵਾਸਤੇ ਸੱਤ ਦਿਨਾਂ ਲਈ ਫਾਈਵ ਸਟਾਰ ਹੋਟਲ ਬੁੱਕ ਕਰਵਾਏ ਗਏ ਪਰ ਮੇਰੇ ਕੋਲੋਂ ਜਾਇਆ ਨਹੀਂ ਗਿਆ। ਬਾਅਦ ਵਿੱਚ ਪਤਾ ਲੱਗਿਆ ਕਿ ਜਿੰਨੇ ਬਰਾਤੀ ਸੀ, ਉਨ੍ਹਾਂ ਸਾਰਿਆਂ ਨੂੰ ਭਾਵੇਂ ਹਸਬੈਂਡ ਵਾਈਫ ਦੋਵੇਂ ਸੀ, ਦੋਵਾਂ ਨੂੰ ਹੀ ਇਕ ਇਕ ਪਰਲ ਦੀ ਲੜੀ ਦਿੱਤੀ ਗਈ। ਇਹ ਦਿਖਾਵਾ ਅਸੀਂ ਕਿਉਂ ਕਰਦੇ ਹਾਂ ? ਸੋਚਣ ਵਾਲੀ ਗੱਲ ਇਹ ਹੈ ਕਿ ਅਸੀਂ ਅਜਿਹਾ ਕਿਉਂ ਕਰਦੇ ਹਾਂ? ਮੈਨੂੰ ਖਿਆਲ ਹੈ ਜਿਹੜੇ ਮੇਰੇ ਭਰਾ ਇਸ ਹਾਊਸ ਵਿੱਚ ਬੈਠੇ ਹਨ, ਉਨ੍ਹਾਂ ਨੇ ਵੀ ਪਿਛੇ ਜਿਹੇ ਚੰਡੀਗੜ੍ਹ ਵਿੱਚ ਇਕ ਮੈਰਿਜ ਅਟੈਂਡ ਕੀਤੀ ਸੀ। ਅਜੇ ਮਹੀਨਾ ਵੀ ਨਹੀਂ ਹੋਇਆ। ਉਥੇ ਕਮ-ਜ਼-ਕਮ ਤਿੰਨ ਹਜ਼ਾਰ ਵਿਅਕਤੀਆਂ ਨੇ ਮੈਰਿਜ ਅਟੈਂਡ ਕੀਤੀ। ਉਥੋਂ ਦੇ ਜਿਹੜੇ ਪ੍ਰਬੰਧਕ ਸੀ, ਮੈਂ ਉਨ੍ਹਾਂ ਤੋਂ ਵੈਸੇ ਹੀ ਪੁੱਛ ਲਿਆ ਕਿ ਜਿਹੜੀ ਇਨ੍ਹਾਂ ਦੀ ਪਰ ਪਲੇਟ ਕੀਮਤ ਹੈ, ਉਹ ਕਿੰਨੀ ਹੈ। ਕੇਟਰਿੰਗ ਵਾਲਿਆਂ ਨੇ ਦੱਸਿਆ ਕਿ ਦੋ ਹਜ਼ਾਰ ਰੁਪਿਆ ਪਰ ਪਲੇਟ ਖਾਣੇ ਦੀ ਕੀਮਤ ਹੈ। ਜੇ ਤਿੰਨ ਹਜ਼ਾਰ ਵਿਅਕਤੀ ਸੀ ਅਤੇ ਇੱਕ ਪਲੇਟ ਤੇ ਦੋ ਹਜ਼ਾਰ ਰੁਪਿਆ ਲਗਦਾ ਹੈ ਤਾਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿੰਨਾ ਖਰਚਾ ਖਾਣੇ ਤੇ ਹੋਇਆ ਹੋਵੇਗਾ। ਪਾਕਿਸਤਾਨ ਤੋਂ ਇਕ ਚਿਮਟਾ ਵਜਾਉਣ ਵਾਲਾ ਵੀ ਸੱਦਿਆ ਹੋਇਆ ਸੀ। ਉਹ ਇੱਕਲਾ ਚਿਮਟਾ ਹੀ ਵਜਾਉਂਦਾ ਹੈ ਤੇ ਚਿਮਟਾ ਵਜਾਉਣ ਦੇ ਨਾਲ ਗਾਉਂਦਾ ਹੈ। ਉਸ ਨੇ 12 ਲੱਖ ਰੁਪਿਆ ਚਿਮਟਾ ਵਜਾਉਣ ਤੇ ਲਿਆ ਤੇ ਉਹ ਵੀ ਯੂ.ਐਸ. ਡਾਲਰ ਦੇ ਵਿੱਚ। ਸਵਾਲ ਇਹ ਹੈ ਕਿ ਅਸੀਂ ਇੰਨਾ ਖਰਚਾ ਕਰਦੇ ਹਾਂ ਤਾਂ ਕੀ ਇਹ ਸਾਰੀ ਦੀ ਸਾਰੀ ਕਮਾਈ ਵਾਈਟ ਮਨੀ ਵਿੱਚ ਹੈ ਅਸੀਂ ਰੋਕ ਸਕਦੇ ਹਾਂ ਜੇਕਰ ਸਾਡੀ ਵਿੱਲ ਹੋਵੇ। ਅੱਜ ਮੈਰਿਜਜ ਕਰਦੇ ਹਨ, ਮੈਂ ਨਹੀਂ ਕਹਿੰਦਾ ਕਿ ਨਾ ਕਰਨ ਦਿਉ। ਮੈਨੂੰ ਜੰਮੂ ਕਸ਼ਮੀਰ ਵਿੱਚ ਗੈਸਟ ਕੰਟਰੋਲ ਐਗਜ਼ਾਮਿਨ ਕਰਨ ਦਾ ਮੌਕਾ ਮਿਲਿਆ। ਮੈ ਉਨ੍ਹਾਂ ਦਾ ਗੈਸਟ ਕੰਟਰੋਲ ਆਰਡਰ ਤਾਂ ਕੁਐਸ਼ ਕਰ ਦਿੱਤਾ ਸੀ। ਕਿਉਂਕਿ ਜਦੋਂ ਅਸੀਂ ਮੈਰਿਜ ਕਰਦੇ ਹਾਂ, ਕਿਸੇ ਦੀ ਪ੍ਰਾਈਵੇਟ ਲਾਈਫ ਵਿੱਚ ਅਸੀਂ ਪੁਲਿਸ ਖੜ੍ਹੀ ਕਰ ਦੇਈਏ ਤਾਂ ਉਸ ਦੀ ਪ੍ਰਾਈਵੇਟ ਲਾਈਫ ਵਿੱਚ ਅਜਿਹਾ ਕਰਨਾ ਇੰਟਰਫੀਅਰੈਂਸ ਹੈ ਕਿ ਪੁਲਿਸ ਵਾਲੇ ਗਿਣਤੀ ਕਰਨ ਕਿ ਕਿੰਨੇ ਮਹਿਮਾਨ ਆਏ ਹਨ ਤੇ ਕਿੰਨੇ ਗਏ ਹਨ। ਕਿਉਂਕਿ ਕਈ ਸ਼ਗਨ ਦਿੰਦੇ ਹਨ ਤੇ ਚਲੇ ਜਾਂਦੇ ਹਨ। ਉਨ੍ਹਾਂ ਨੇ ਕਿਹਾ ਸੀ ਕਿ 200 ਜਾਂ 100 ਗੈਸਟ ਹੋਵੇਗਾ, ਮੈਨੂੰ ਹੁਣ ਪੂਰਾ ਯਾਦ ਨਹੀਂ ਹੈ ਕਿ ਤੁਸੀਂ ਇੰਨੇ ਖਾਣੇ ਬਣਾ ਸਕਦੇ ਹੋ। ਉਨ੍ਹਾਂ ਦਾ ਸਾਰੇ ਦਾ ਸਾਰਾ ਸਿਸਟਮ ਜੋ ਸੀ, ਮੈਂ ਉਹ ਕੁਐਸ਼ ਕਰ ਦਿੱਤਾ। ਪਰੰਤੂ ਮੇਰਾ ਉਸ ਜਜਮੈਂਟ ਵਿੱਚ ਇਕ ਸੁਜੈਸ਼ਨ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਜਿਹੜੇ ਇਸ ਤਰ੍ਹਾਂ ਮੈਰਿਜ ਕਰਦੇ ਹਨ, ਉਥੇ ਕੋਈ ਇਹੋ ਜਿਹਾ ਸਿਸਟਮ ਅਡਾਪਟ ਕੀਤਾ ਜਾਵੇ ਕਿ ਇਹ ਪੈਸਾ ਆਇਆ ਕਿਥੋਂ ? ਜਦੋਂ ਤੁਸੀਂ ਉਸ ਪੈਸੇ

[ਜਸਟਿਸ ਨਿਰਮਲ ਸਿੰਘ]

ਤੇ ਕੰਟਰੋਲ ਕਰ ਲਵੋਗੇ, ਅੱਜ ਦੇ ਦਿਨ ਵਿੱਚ ਇਹ ਕਹਿਣਾ ਬੜਾ ਅਸਾਨ ਹੈ ਅਤੇ ਅਸੀਂ ਇੱਥੇ ਹਾਊਸ ਵਿੱਚ ਵੀ ਇੰਨੇ ਭਾਸ਼ਣ ਕਰੀਏ ਕਿ ਸਮਾਜ ਵਿੱਚ ਸੁਧਾਰ ਕਰ ਲਈਏ। ਇਹ ਭਾਸ਼ਣ ਕਰਨਾ ਹੋਰ ਗੱਲ ਹੈ। ਅਸਲੀਅਤ ਵਿੱਚ ਹੋਰ ਗੱਲ ਹੈ। ** ** ਮੇਰਾ ਮਤਲਬ ਕਹਿਣ ਦਾ ਇਹ ਹੈ ਕਿ ਜਿਹੜੀ ਅਸੀਂ ਇਹ ਗੱਲ ਕਹਿੰਦੇ ਹਾਂ ਕਿ ਇਹ ਖਰਚਾ ਘਟਾਇਆ ਜਾਵੇ, ਖਰਚਾ ਘਟਾਉਣਾ ਬੜਾ ਅਸਾਨ ਹੈ। ਮੈਂ ਸੁਜੈਸ਼ਨਜ਼ ਦੇਣ ਵਾਸਤੇ ਹੀ ਖੜ੍ਹਿਆ ਸੀ ਕਿ ਅੱਜ ਜਿੰਨੇ ਵੀ ਮੈਰਿਜ ਪੈਲੇਸ ਹਨ ਇਨ੍ਹਾਂ ਤੇ ਸੀ.ਸੀ.ਟੀ.ਵੀ. ਕੈਮਰੇ ਫਿੱਟ ਕਰਵਾਏ ਜਾਣ ਤਾਂ ਜੋ ਪਤਾ ਲੱਗੇ ਕਿ ਕਿੰਨੀ ਗੈਦਰਿੰਗ ਹੈ, ਕਿੰਨੀਆਂ ਪਲੇਟਾਂ ਲੱਗੀਆਂ, ਖਾਸ ਕਰਕੇ ਉਥੇ ਫੋਕਸ ਕਰੋ ਤੇ ਨਾਲੇ ਇਹ ਐਗਜ਼ਾਮਿਨ ਕਰੋ ਕਿ ਜਿਹੜਾ ਆਦਮੀ ਫੂਡ ਦੀ ਵੇਸਟੇਜ ਕਰਦਾ ਹੈ ਉਸ ਤੇ ਜੁਰਮਾਨਾ ਲਗਾਇਆ ਜਾਵੇ। ਇਕ ਤੇ ਜਿਹੜਾ ਸਟੇਟ ਦਾ ਐਕਸਚੈਕਰ ਹੈ, ਉਹ ਵਾਧੂ ਹੋਵੇਗਾ। ਮਤਾ ਬੜਾ ਠੀਕ ਹੈ ਕਿਉਂਕਿ ਜਿਹੜੇ ਇਹ ਫਜ਼ੂਲ ਖਰਚੀ ਹੈ, ਇਹ ਗਰੀਬ ਵਰਗ ਕੋਈ ਨਹੀਂ ਕਰਦਾ। ਗਰੀਬ ਵਰਗ ਨੂੰ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸ਼ਗਨ ਸਕੀਮ ਦਿੱਤੀ ਹੈ। ਉਹ ਸ਼ਗਨ ਸਕੀਮ ਦੇਣ ਦੀ ਲੋੜ ਕਿਉਂ ਹੈ? ਉਹ ਇਸ ਲਈ ਕਿ ਗਰੀਬ ਜਿਹੜਾ ਹੈ, ਉਹ ਆਪਣੀ ਧੀ ਦੀ ਮੈਰਿਜ ਨਹੀਂ ਕਰ ਸਕਦਾ। ਮੈਰਿਜ ਪੈਲੇਸਾਂ ਵਿੱਚ ਇੰਨਾ ਖਰਚਾ ਹੁੰਦਾ ਹੈ, ਜਿੰਨੀ ਉਥੇ ਵੇਸਟੇਜ ਹੈ, ਉਸ ਵਿੱਚ ਤਾਂ 30-30 ਵਿਆਹ ਹੋ ਸਕਦੇ ਹਨ। ਉਥੇ ਐਨੇ ਪਕਵਾਨ ਹੁੰਦੇ ਹਨ ਕਿ ਪਲੇਟ ਲੈ ਕੇ ਚੱਕਰ ਲਾਓ ਤਾਂ ਪਤਾ ਹੀ ਨਹੀਂ ਲਗਦਾ ਕਿ ਇਹ ਖਾਣਾ ਇਟਾਲੀਅਨ ਹੈ, ਇੰਡੀਅਨ ਹੈ, ਸਾਊਥ ਇੰਡੀਅਨ ਹੈ ਜਾਂ ਪੰਜਾਬੀ ਹੈ। ਕੁਝ ਪਤਾ ਨਹੀਂ ਲਗਦਾ ਕਿ ਖਾਣਾ ਕੀ ਹੈ । ਉਹ ਸਾਰਾ ਕੁਝ ਖਾਂਦਾ ਕੋਈ ਨਹੀਂ, ਇਹ ਸਾਰੀ ਵੇਸਟੇਜ ਹੈ । ਇਸ ਵੇਸਟੇਜ ਨੂੰ, ਨੈਸ਼ਨਲ ਵੇਸਟੇਜ ਨੂੰ ਰੋਕਣ ਦਾ ਇਕੋ ਸਾਧਨ ਹੈ ਕਿ ਕੋਈ ਸਖਤ ਕਾਨੂੰਨ ਬਣਾਓ। ਗੈਸਟ ਕੰਟਰੋਲਰ ਆਰਡਰ ਨੂੰ ਇੰਪਲੀਮੈਂਟ ਕਰੋ ਤਾਂ ਹੀ ਅਸੀਂ ਇਹ ਜਿਹੜਾ ਵਿਆਹ-ਸ਼ਾਦੀਆਂ ਵਿੱਚ ਫਜ਼ੂਲ ਖਰਚੀ ਹੈ, ਉਸ ਨੂੰ ਘਟਾ ਸਕਦੇ ਹਾਂ। ਮੈਂ ਇੰਨਾ ਹੀ ਸੁਜੇਸ਼ਨ ਦੇਣਾ ਸੀ। ਮੈਂ ਅਖੀਰ ਵਿੱਚ ਸਰਦਾਰ ਹਰਪ੍ਰੀਤ ਸਿੰਘ ਜੀ ਦੇ ਮਤੇ ਦੀ ਤਾਈਦ ਕਰਦਾ ਹਾਂ ਤੇ ਨਾਲ ਹੀ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਇਹ ਸਮਾਜਿਕ ਇਸ਼ੂ ਚੁੱਕਿਆ ਹੈ। ਇਹ ਬਹੁਤ ਵਧੀਆ ਮਤਾ ਹੈ। ਸਾਨੂੰ ਸਾਰਿਆਂ ਨੂੰ ਰੋਲ ਮਾਡਲ ਬਣਨਾ ਚਾਹੀਦਾ ਹੈ। ਜੇ ਅਸੀਂ ਇਥੇ ਕਹਿ ਦੇਈਏ ਕਿ ਅਸੀਂ ਵਿਆਹਾਂ ਤੇ ਨਹੀਂ ਜਾਣਾ ਤੇ ਅਸੀਂ ਉਥੇ ਸ਼ਗਨ ਨਹੀਂ ਦੇਣਾ ਪਰ ਸਾਰੇ ਅਸੀਂ ਸ਼ਗਨ ਦੇ ਕੇ ਆਉਂਦੇ ਹਾਂ ਕਿਉਂਕਿ ਸਾਡੀ ਮਜਬੂਰੀ ਹੈ, ਸ਼ਗਨ ਦੇਣਾ ਪੈਂਦਾ ਹੈ। ਕਹਿਣਾ ਬੜਾ ਸੌਖਾ ਹੈ ਤੇ ਕਰਨਾ ਬੜਾ ਔਖਾ ਹੈ। ਇਸ ਲਈ ਰੋਲ ਮਾਡਲ ਬਣੋ, ਜੇ ਅਸੀਂ ਆਪਣੇ ਤੇ ਲਾਗੂ ਕਰਾਂਗੇ ਤਾਂ ਹੀ ਗੱਲ ਬਣੇਗੀ। ਕੇਰਲ ਵਿੱਚ ਤਾਂ ਪੱਤਲਾਂ ਤੇ ਬਰਾਤ ਨੂੰ ਰੋਟੀ ਖਵਾ ਦਿੰਦੇ ਹਨ। ਜਦੋਂ ਮੈਂ

**Expunged as per the ruling by the Chair dated 13.3.2013.

ਜੱਜ ਸੀ, ਉਦੋਂ ਮੈਂ ਕੇਰਲ ਵਿੱਚ ਕਿਸੇ ਨੂੰ ਪੁੱਛਿਆ ਕਿ ਤੁਹਾਡੇ ਵਿਆਹ ਤੇ ਕਿੰਨਾ ਕੁ ਖਰਚ ਆਉਂਦਾ ਹੈ। ਉਹ ਕਹਿੰਦੇ ਕਿ ਟੋਟਲ ਦੋ-ਢਾਈ ਲੱਖ ਤੋਂ ਜ਼ਿਆਦਾ ਕੋਈ ਖਰਚ ਨਹੀਂ ਕਰਦਾ। ਇਸ ਕਰਕੇ ਪਹਿਲਾਂ ਆਪਾਂ ਖਰਚ ਘਟਾਈਏ। ਖਰਚ ਘਟਾਉਣ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਗੈਸਟ ਕੰਟਰੋਲ ਲਿਆਏ। ਇਸ ਵਿੱਚ ਜਿਥੇ ਸਟੇਟ ਦਾ ਰੈਵੇਨਿਊ ਵਧੇਗਾ, ਸਟੇਟ ਐਕਸਚੈਕਰ ਨੂੰ ਪੈਸਾ ਆਏਗਾ, ਉਥੇ ਜਿਹੜੀ ਫਜ਼ੂਲ ਖਰਚੀ ਹੈ, ਉਸ ਤੇ ਵੀ ਪਾਬੰਦੀ ਲੱਗੇਗੀ। ਇਨ੍ਹਾਂ ਸ਼ਬਦਾਂ ਨਾਲ ਮੈ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਧੰਨਵਾਦ ਜੀ।

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਮਨਪ੍ਰੀਤ ਸਿੰਘ ਜੀ ਇਯਾਲੀ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ (ਦਾਖਾ)** : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਇਸ ਮਤੇ ਤੇ ਜਿਹੜਾ ਕਿ ਸਰਦਾਰ ਹਰਪ੍ਰੀਤ ਸਿੰਘ ਜੀ ਵੱਲੋਂ ਵਿਆਹਾਂ ਉਪਰ ਹੋ ਰਹੀ ਫਜ਼ੂਲ ਖਰਚੀ ਬਾਰੇ ਲਿਆਂਦਾ ਗਿਆ, ਉਪਰ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਮਤੇ ਦੇ ਹੱਕ ਦੇ ਵਿੱਚ ਆਪਣੇ ਵਿਚਾਰ ਪੇਸ਼ ਕਰਾਂਗਾ। ਜੇਕਰ ਪਿਛੋਕੜ ਵੱਲ ਨਿਗਾਹ ਮਾਰੀਏ, ਸਾਡੇ ਲੋਕਾਂ ਦਾ ਜਿਹੜਾ ਜੀਵਨ ਸੀ, ਰਹਿਣ-ਸਹਿਣ ਦਾ ਢੰਗ ਬੜਾ ਸਾਦਾ ਸੀ। ਉਸ ਸਮੇਂ ਵਿਆਹ ਵੀ ਬੜੇ ਸਾਦੇ ਢੰਗ ਨਾਲ ਹੁੰਦੇ ਸੀ। ਪਿੰਡਾਂ ਦੇ ਵਿੱਚ, ਸ਼ਹਿਰਾਂ ਦੇ ਵਿੱਚ ਅਸੀਂ ਦੇਖੀਏ ਕਿ ਜਦੋਂ ਵਿਆਹ ਹੁੰਦਾ ਸੀ ਆਂਢ-ਗੁਆਂਢ ਦੇ ਲੋਕ ਉਸ ਪਰਿਵਾਰ ਦੀ ਮਦਦ ਕਰਦੇ ਸੀ। ਕੜਾਹੀ ਚੜ੍ਹਦੀ ਸੀ, ਚਾਹੇ ਅਸੀਂ ਲੱਡੂ ਵੰਡਦੇ ਸੀ, ਚਾਹੇ ਜਦੋਂ ਰਿਸ਼ਤੇਦਾਰ ਆਉਂਦੇ ਸੀ, ਉਨ੍ਹਾਂ ਦੇ ਰਹਿਣ ਦੇ ਲਈ ਮੰਜੇ ਪਿੰਡਾਂ ਵਿਚੋਂ ਇੱਕਠੇ ਕੀਤੇ ਜਾਂਦੇ ਸੀ। ਜਿਹੜਾ ਟੈਂਟ ਸੀ, ਉਹ ਵੀ ਪਿੰਡ ਦਾ ਸਾਂਝਾ ਹੁੰਦਾ ਸੀ, ਯਾਨੀ ਕਿ ਉਨ੍ਹਾਂ ਪ੍ਰੋਗਰਾਮਾਂ ਦੇ ਨਾਲ ਉਨ੍ਹਾਂ ਦੀ ਆਪਸੀ ਭਾਈਚਾਰਕ ਸਾਂਝ ਵਧਦੀ ਸੀ ਅਤੇ ਘੱਟ ਤੋਂ ਘੱਟ ਖਰਚੇ ਹੁੰਦੇ ਸੀ। ਜਿਹੜਾ ਬਰਾਤ ਲਿਜਾਣ ਦਾ ਰਿਵਾਜ ਸ਼ੁਰੂ ਹੋਇਆ, ਮੈਂ ਸਮਝਦਾ ਹਾਂ ਕਿ ਪੁਰਾਣੇ ਸਮਿਆਂ ਦੇ ਵਿੱਚ ਦੂਰ-ਦੁਰਾਡੇ ਜੰਗਲਾਂ ਦੇ ਵਿੱਚੋਂ ਲੋਕਾਂ ਨੂੰ ਬਰਾਤ ਲੈ ਕੇ ਜਾਂ ਲਾੜੇ ਨੂੰ ਲੜਕੀ ਵਿਆਹ ਕੇ ਲਿਆਉਣ ਲਈ ਜਾਣਾ ਪੈਂਦਾ ਸੀ। ਉਸ ਸਮੇਂ ਸੁਰੱਖਿਆ ਦੇ ਲਈ ਲੋਕਾਂ ਨੂੰ ਬਰਾਤ ਵਿੱਚ ਨਾਲ ਲੈ ਕੇ ਜਾਂਦੇ ਸਨ। ਲੇਕਿਨ ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਅੱਜ ਜਿਹੜੇ ਵਿਆਹ ਹਨ, ਇਹ ਫਾਈਵ ਸਟਾਰ ਹੋਟਲਾਂ ਦੇ ਵਿੱਚ ਹੁੰਦੇ ਹਨ, ਮਹਿੰਗੇ ਮੈਰਿਜ ਪੈਲੇਸਾਂ ਦੇ ਵਿੱਚ ਹੁੰਦੇ ਹਨ। ਇਸ ਦਾ ਜਿਹੜਾ ਖਰਚਾ ਵਿਆਹ ਦੇ ਕਾਰਡ ਤੋਂ ਸ਼ੁਰੂ ਹੋ ਜਾਂਦਾ ਹੈ। ਮਹਿੰਗੇ-ਮਹਿੰਗੇ ਕਾਰਡ ਛਪਾਏ ਜਾਂਦੇ ਹਨ। ਮਹਿੰਗੇ-ਮਹਿੰਗੇ ਡੱਬੇ

[ਸਰਦਾਰ ਮਨਪ੍ਰੀਤ ਸਿੰਘ ਇਯਾਲੀ]

ਨਾਲ ਦਿੱਤੇ ਜਾਂਦੇ ਹਨ। ਉਸ ਦੇ ਨਾਲ ਹੀ ਲਾੜਾ ਜਿਹੜਾ ਬਰਾਤ ਲੈ ਕੇ ਜਾਂਦਾ ਹੈ, ਉਹ ਮਹਿੰਗੀ ਕਾਰ ਦੇ ਵਿੱਚ ਜਾਂਦਾ ਹੈ। ਜਿਸ ਦਾ ਮੈਂ ਸਮਝਦਾ ਹਾਂ ਕਿ ਇਕ ਦਿਨ ਦਾ ਖਰਚਾ ਹੀ 70-80 ਹਜ਼ਾਰ ਰੁਪਿਆ ਹੁੰਦਾ ਹੈ। ਉਸ ਤੋਂ ਬਾਅਦ ਮੈਰਿਜ ਦਾ ਜਿਹੜਾ ਮੈਰਿਜ ਪੈਲੇਸ ਹੈ, ਮੇਰੇ ਹਲਕੇ ਦੇ ਵਿੱਚ ਕਾਫੀ ਵੱਡੇ ਮੈਰਿਜ ਪੈਲੇਸ ਬਣੇ ਹੋਏ ਹਨ। ਮੇਰਾ ਖਿਆਲ ਹੈ ਕਿ 5 ਲੱਖ ਰੁਪਏ ਤੋਂ ਲੈ ਕੇ 10 ਲੱਖ ਰੁਪਏ ਤੱਕ ਉਨ੍ਹਾਂ ਮੈਰਿਜ ਪੈਲੇਸ ਦਾ ਕਿਰਾਇਆ ਹੈ। ਫਿਰ ਡੈਕੋਰੇਸ਼ਨ ਦੇ ਉਪਰ ਖਰਚਾ, ਫੇਰ ਸ਼ਰਾਬਾਂ ਦੇ ਉਪਰ ਖਰਚਾ, ਫੇਰ ਉਥੇ ਮੁਰਗੇ, ਬੱਕਰੇ ਕਿੰਨੇ ਤਰ੍ਹਾਂ ਦੇ ਜਿਹੜੇ ਪਕਵਾਨ ਹਨ, ਉਨ੍ਹਾਂ ਦੇ ਉਪਰ ਖਰਚਾ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਮੇਰੇ ਸਾਥੀ ਵਿਧਾਇਕਾਂ ਨੇ ਬਹੁਤ ਸਾਰੀਆਂ ਗੱਲਾਂ ਬੜੇ ਵਿਸਥਾਰ ਦੇ ਨਾਲ ਕੀਤੀਆਂ ਹਨ। ਜਿਹੜੀ ਸਾਊਂਡ ਹੈ, ਉਹ ਪੈਲੇਸਾਂ ਦੇ ਅੰਦਰ ਕਿੰਨੀ ਉੱਚੀ ਵਜਾਈ ਜਾਂਦੀ ਹੈ। ਆਪਾਂ ਵਿਆਹਾਂ ਤੇ ਜਾ ਕੇ ਕਿਸੇ ਨਾਲ ਕੋਈ ਗੱਲ ਨਹੀਂ ਕਰ ਸਕਦੇ। ਜਿਹੜੇ ਆਰਕੈਸਟਰਾਂ ਗਰੁੱਪ ਬੁਲਾਏ ਜਾਂਦੇ ਹਨ, ਲੜਕੀਆਂ ਸਟੇਜਾਂ ਦੇ ਉੱਪਰ ਡਾਂਸ ਕਰਦੀਆਂ ਹਨ। ਕਈ ਨੌਜਵਾਨ ਲੜਕੇ ਅਤੇ ਸਿਆਣੀ ਉਮਰ ਦੇ ਵਿਅਕਤੀ ਵੀ ਸ਼ਰਾਬ ਪੀ ਕੇ ਸਟੇਜਾਂ ਉਪਰ ਚੜ੍ਹਦੇ ਹਨ। ਉਨ੍ਹਾਂ ਡਾਂਸ ਵਾਲੀਆਂ ਲੜਕੀਆਂ ਦੇ ਉੱਪਰ ਪੈਸੇ ਸੁੱਟਦੇ ਹਨ। ਉਹ ਸਭ ਦੇਖ ਕੇ ਬੜਾ ਮਨ ਨੂੰ ਦੁੱਖ ਲਗਦਾ ਹੈ ਅਤੇ ਹੈਰਾਨੀ ਵੀ ਹੁੰਦੀ ਹੈ। ਸੋ, ਇਸੇ ਤਰ੍ਹਾਂ ਜਿਹੜੇ ਰਾਤ ਸਮੇਂ ਵਿਆਹ ਹੁੰਦੇ ਹਨ, ਉਨ੍ਹਾਂ ਵਿੱਚ ਆਤਿਸ਼ਬਾਜੀ ਕੀਤੀ ਜਾਂਦੀ ਹੈ। ਪਿੱਛੇ ਮੇਰੇ ਇਲਾਕੇ ਦੇ ਵਿੱਚ ਆਤਿਸ਼ਬਾਜੀ ਦੇ ਨਾਲ 60-70 ਏਕੜ ਕਣਕ ਦੀ ਪੱਕੀ ਫਸਲ ਹੀ ਸੜ ਗਈ। ਉਸ ਤੋਂ ਬਾਅਦ ਕਿਸਾਨਾਂ ਨੇ ਪ੍ਰੋਟੈਸਟ ਕੀਤਾ ਅਤੇ ਅਸੀਂ ਬੈਠ ਕੇ ਬਰਾਤੀ ਅਤੇ ਪੈਲੇਸ ਵਾਲਿਆਂ ਤੋਂ ਮੁਆਵਜ਼ਾ ਲੈ ਕੇ ਦਿੱਤਾ। ਇਸੇ ਤਰ੍ਹਾਂ ਜਿਹੜਾ ਪਹਿਲਾਂ ਵੀ ਜ਼ਿਕਰ ਹੋਇਆ ਹੈ ਕਿ ਹਵਾਈ ਫਾਇਰਿੰਗ ਦੇ ਵਿੱਚ ਕਿੰਨੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਸੋ, ਇਸ ਲਈ ਜਿਹੜੇ ਵਿਅਕਤੀਆਂ ਕੋਲ ਤਾਂ ਗੁੰਜਾਇਸ਼ ਹੈ, ਆਰਥਿਕ ਤੌਰ ਤੇ ਮਜ਼ਬੂਤ ਹਨ, ਉਹ ਤਾਂ ਖਰਚਾ ਕਰ ਸਕਦੇ ਹਨ। ਲੇਕਿਨ ਉਨ੍ਹਾਂ ਨੂੰ ਦੇਖ ਕੇ ਮਿਡਲ ਫੈਮਲੀਜ਼ ਦੇ ਲੋਕ ਜਿਹੜੇ ਹਨ, ਨਜਾਇਜ਼ ਖਰਚਾ ਕਰਦੇ ਹਨ, ਜਿਸ ਦੇ ਨਾਲ ਉਨ੍ਹਾਂ ਦਾ ਬਜਟ ਹਿਲ ਜਾਂਦਾ ਹੈ ਤੇ ਉਹ ਸਾਲਾਂਬੱਧੀ ਮੁੜ ਕੇ ਠੀਕ ਨਹੀਂ ਹੁੰਦਾ। ਇਸ ਲਈ ਮੈਂ ਇਹ ਗੱਲ ਕਰਨੀ ਚਾਹਾਂਗਾ ਕਿ ਜਿਨ੍ਹਾਂ ਕੋਲ ਜ਼ਿਆਦਾ ਪੈਸਾ ਹੈ ਔਰ ਜਿਹੜੇ ਆਰਥਿਕ ਤੌਰ ਤੇ ਮਜ਼ਬੂਤ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਜਿਹੜਾ ਪੈਸਾ ਉਹ ਵਿਆਹਾਂ ਦੇ ਉਪਰ ਨਜਾਇਜ਼ ਫਜ਼ੂਲ ਖਰਚੀ ਕਰਦੇ ਹਨ, ਉਹ ਕਦੇ ਜਾ ਕੇ ਹਸਪਤਾਲਾਂ ਦੇ ਵਿੱਚ ਦੇਖਣ ਕਿ ਲੋਕ ਇਲਾਜ ਵਾਸਤੇ ਤਰਸ ਰਹੇ ਹਨ। ਗਰੀਬ ਬੱਚਿਆਂ ਨੂੰ ਦੇਖਣ, ਜਿਨ੍ਹਾਂ ਦੇ ਕੋਲ ਪੜ੍ਹਾਈ ਲਈ ਪੈਸੇ ਨਹੀਂ ਹਨ। ਉਹ ਲੋਕ ਪਿੰਡਾਂ ਦੇ ਵਿੱਚ ਜਾ ਕੇ ਕੈਂਪ ਲਗਵਾਉਣ ਅਤੇ ਇਹੀ ਪੈਸਾ ਚੰਗੇ ਪਾਸੇ ਸਮਾਜ ਭਲਾਈ ਦੇ ਵਿੱਚ ਲਗਾਉਣ। ਚਾਹੇ ਉਹ ਆਪਣੇ ਬੱਚੇ ਜਾਂ ਬੱਚੀ ਦੇ ਵਿਆਹ ਦੀ ਖੁਸ਼ੀ ਵਿੱਚ ਉਸ ਪਾਸੇ ਖਰਚ ਸਕਣ। ਮੈਂ

ਸਮਝਦਾ ਹਾਂ ਕਿ ਇਸ ਤਰ੍ਹਾਂ ਸਮਾਜ ਦੀ ਬਹੁਤ ਵੱਡੀ ਭਲਾਈ ਹੋ ਸਕਦੀ ਹੈ। ਸੋ, ਮੈਂ ਇਕ ਵਾਰ ਫਿਰ ਆਪਣੇ ਵੱਲੋਂ, ਜੋ ਸਾਡੇ ਸਾਥੀ ਵਿਧਾਇਕ ਹਰਪ੍ਰੀਤ ਸਿੰਘ ਜੀ ਨੇ ਇਹ ਮਤਾ ਲਿਆਂਦਾ ਹੈ, ਉਸ ਦੀ ਪ੍ਰੋੜਤਾ ਕਰਦਾ ਹਾਂ ਅਤੇ ਉਸ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਇਕ ਸਮਾਜਿਕ ਲਹਿਰ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਕਾਨੂੰਨ ਬਣਨਾ ਚਾਹੀਦਾ ਹੈ। ਜਿੰਨੇ ਵੀ ਅਸੀਂ ਚੁਣੇ ਹੋਏ ਲੋਕਾਂ ਦੇ ਨੁਮਾਇੰਦੇ ਹਾਂ, ਚਾਹੇ ਸਾਡੇ ਅਫਸਰ ਸਾਹਿਬਾਨ ਹਨ, ਬਿਊਰੋਕਰੇਟਸ ਹਨ, ਚੰਗੇ ਘਰਾਣੇ ਵਾਲੇ ਹਨ, ਸਾਨੂੰ ਇਕ ਰੋਲ ਮਾਡਲ ਬਣਨਾ ਚਾਹੀਦਾ ਹੈ। ਸੋ, ਤੁਹਾਡਾ ਬਹੁਤ-ਬਹੁਤ ਧੰਨਵਾਦ, ਜੋ ਤੁਸੀਂ ਮੈਨੂੰ ਇਸ ਮੌਕੇ ਤੇ ਬੋਲਣ ਦਾ ਮੌਕਾ ਦਿੱਤਾ ਹੈ।

**ਮਾਨਯੋਗ ਡਿਪਟੀ ਸਪੀਕਰ** : ਹਾਂ ਜੀ, ਮਿੱਤਲ ਸਾਹਿਬ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ)** : ਇਹ ਜੋ ਮਤਾ ਸਰਦਾਰ ਹਰਪ੍ਰੀਤ ਸਿੰਘ ਐਮ.ਐਲ.ਏ ਸਾਹਿਬ ਨੇ ਲਿਆਂਦਾ ਹੈ, ਇਹ ਬੜਾ ਅੱਛਾ ਸਮਾਜਿਕ ਜਾਗਰਣ ਦਾ ਮਤਾ ਹੈ ਅਤੇ ਸਮਾਜ ਦੇ ਵਿੱਚ ਇਕ ਨਵੀਂ ਲਹਿਰ ਪੈਦਾ ਕਰਨ ਵਾਲਾ ਮਤਾ ਹੈ। ਦੇਖਾ-ਦੇਖੀ ਇਹ ਸਭ ਕੁਝ ਹੈ, ਕੋਈ ਨਹੀਂ ਚਾਹੁੰਦਾ ਕਿ ਮੈਂ ਖਰਚਾ ਕਰਾਂ, ਮੁੰਡਾ ਵੀ ਚਾਹੁੰਦਾ ਹੈ ਕਿ ਵਿਆਹ ਘੱਟ ਖਰਚੇ ਨਾਲ ਹੋ ਜਾਵੇ, ਲੜਕੀ ਵੀ ਇਹੀ ਚਾਹੁੰਦੀ ਹੈ। ਪਰ ਸਮਾਜ ਦੀਆਂ ਰੀਤੀਆਂ-ਕੁਰੀਤੀਆਂ ਨੂੰ ਦੇਖ ਕੇ ਦੋਨੋਂ ਪਾਸੇ ਖਰਚੇ ਦੀ ਲਹਿਰ ਚਲ ਪੈਂਦੀ ਹੈ। ਕਾਨੂੰਨ ਅਤੇ Prohibition of Dowry Act ਵੀ ਬਣਿਆ ਹੋਇਆ ਹੈ। ਹੋਰ ਬਹੁਤ ਸਾਰੇ ਕਾਨੂੰਨ ਬਣੇ ਹੋਏ ਹਨ। ਜੱਜ ਸਾਹਿਬ ਨੇ ਜੋ ਗੱਲ ਰੱਖੀ ਹੈ ਕਿ Guest Control Order ਵੀ ਬਣਿਆ ਹੋਇਆ ਹੈ, ਹੋਰ ਵੀ ਬਹੁਤ ਸਾਰੇ ਕਾਨੂੰਨ ਬਣੇ ਹੋਏ ਹਨ। ਲੇਕਿਨ ਇਕ ਦੂਸਰੇ ਨੂੰ ਦੇਖ ਕੇ ਲੋਕ ਖਰਚਾ ਕਰਦੇ ਹਨ ਅਤੇ wasteful expenditure ਕਰਦੇ ਹਨ। ਇਸ ਦੇ ਵਿੱਚ ਕੋਈ ਦੋ ਮੱਤ ਨਹੀਂ ਹੈ ਕਿ ਜਿਹੜੇ ਟੇਬਲ ਲੱਗੇ ਹੁੰਦੇ ਹਨ ਉਸ ਦੇ ਉੱਤੇ ਇੰਨਾ ਸਮਾਨ ਪਿਆ ਹੁੰਦਾ ਹੈ ਕਿ ਜਿੰਨੀ ਬਰਾਤ ਅਤੇ ਗੈਸਟ ਆਏ ਹੁੰਦੇ ਹਨ, ਉਨ੍ਹਾਂ ਦੇ ਖਾਣ ਦੇ ਬਾਵਜੂਦ ਵੀ ਬਹੁਤ ਕੁਝ ਬਚ ਜਾਂਦਾ ਹੈ। ਬਹੁਤ ਸਾਰੀਆਂ ਆਈਟਮਾਂ ਨੂੰ ਤਾਂ ਗੈਸਟ ਟੱਚ ਵੀ ਨਹੀਂ ਕਰਦੇ। ਇਸ ਕਰਕੇ ਸਭ ਦਾ ਮੱਤ ਆ ਚੁੱਕਿਆ ਹੈ ਅਤੇ ਸਭ ਦਾ ਮੱਤ ਇਹੀ ਹੈ ਕਿ ਇਸ ਲਹਿਰ ਨੂੰ ਚਲਾਉਣ ਵਾਸਤੇ ਸਰਕਾਰ ਨੂੰ ਰਿਕੁਮੈਂਡ ਕੀਤਾ ਜਾਵੇ। This House recommends to the State Government to launch a social movement to awaken the masses with an aim to check the reckless and worthless spending on marriages and other such functions being solemnized in the State. ਇਹ ਬੜਾ ਅੱਛਾ ਮਤਾ ਹੈ। ਮੈਂ ਚਹਾਂਗਾ ਕਿ ਸਭ ਦਾ ਮੱਤ

**[ਸੰਸਦੀ ਮਾਮਲੇ ਮੰਤਰੀ]**
ਆ ਚੁੱਕਿਆ ਹੈ, ਬਹਿਸ ਦੀ ਬਜਾਏ ਦੂਜੇ ਮਤੇ ਵੀ ਬੜੇ ਇੰਪਾਰਟੈਂਟ ਹਨ। ਕੁਝ ਮੈਂਬਰ ਹਾਜ਼ਰ ਨਹੀਂ ਹਨ। 7 ਨੰਬਰ ਤੇ ਜੋ ਮਤਾ ਹੈ, ਇਹ ਵੀ ਬਹੁਤ ਅੱਛਾ ਹੈ। ਮੈਂ ਚਾਹੁੰਦਾ ਹਾਂ ਕਿ ਸਾਡੇ ਮੰਤਰੀ ਜੀ ਇਸ ਬਹਿਸ ਨੂੰ ਬੰਦ ਕਰਕੇ ਪਾਸ ਕਰਨ ਵਾਸਤੇ ਮੂਵ ਕਰਨ। ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ।

**ਬੀਬੀ ਜਗੀਰ ਕੌਰ** : ਡਿਪਟੀ ਸਪੀਕਰ ਸਾਹਿਬ ਮੈਨੂੰ ਵੀ ਬੋਲ ਲੈਣ ਦਿਉ।

**ਮਾਨਯੋਗ ਡਿਪਟੀ ਸਪੀਕਰ** : ਬੀਬੀ ਜਗੀਰ ਕੌਰ ਜੀ।

**ਬੀਬੀ ਜਗੀਰ ਕੌਰ (ਭੁੱਲਥ)** : ਡਿਪਟੀ ਸਪੀਕਰ ਸਾਹਿਬ, ਇਕ ਬੜੇ ਅਹਿਮ ਅਤੇ ਚਿੰਤਾਜਨਕ ਮਤੇ ਨੂੰ, ਜੋ ਅੱਜ ਸਮਾਜ ਵਿੱਚ ਕੁਰੀਤੀਆਂ, ਲਾਹਨਤਾਂ ਪੈਦਾ ਹੋ ਰਹੀਆਂ ਹਨ, ਉਸ ਦੇ ਸਬੰਧ ਵਿੱਚ ਸਰਦਾਰ ਹਰਪ੍ਰੀਤ ਸਿੰਘ, ਐਮ.ਐਲ.ਏ. ਸਾਹਿਬ ਮੇਰੇ ਸਾਥੀ ਵੀਰ ਨੇ ਲਿਆਂਦਾ ਹੈ ਤੇ ਸੂਝਵਾਨ ਮੈਂਬਰਾਂ ਨੇ ਉਸ ਤੇ ਆਪਣੇ ਵਿਚਾਰ ਦਿੱਤੇ ਹਨ। ਆਪ ਜੀ ਨੇ ਮੌਕਾ ਦਿੱਤਾ ਹੈ ਕਿ ਕੁਝ ਸ਼ਬਦ ਮੈਂ ਉਸ ਬਾਰੇ ਕਹਾਂ। ਸਭ ਤੋਂ ਪਹਿਲਾਂ ਆਪ ਜੀ ਦਾ ਧੰਨਵਾਦ। ਗੱਲ ਚੱਲ ਰਹੀ ਹੈ ਕਿ ਸਮਾਜ ਵਿੱਚ ਅੱਜ ਬਹੁਤ ਵੱਡੀਆਂ ਕੁਰੀਤੀਆਂ ਪੈਦਾ ਹੋ ਰਹੀਆਂ ਹਨ। ਅੱਜ ਲਾਹਨਤਾਂ ਪੈਦਾ ਹੋ ਰਹੀਆਂ ਹਨ, ਕਿਤੇ ਨਸ਼ਿਆਂ ਦੀ ਲਾਹਨਤ, ਕਿਤੇ ਦਾਜ-ਦਹੇਜ ਦੀ ਲਾਹਨਤ, ਕਿਤੇ ਭਰੂਣ ਹੱਤਿਆ ਦੀ ਲਾਹਨਤ। ਇਹ ਪੈਦਾ ਕਿੱਥੋਂ ਹੋ ਰਹੀ ਹੈ, ਫਜ਼ੂਲਖਰਚੀਆਂ ਵਿੱਚੋਂ। ਭਾਵੇਂ ਉਹ ਵਿਆਹ ਦੀ ਗੱਲ ਹੋਵੇ, ਭਾਵੇਂ ਰਿਸੈਪਸ਼ਨ ਦੀ ਹੋਵੇ ਭਾਵੇਂ ਪਾਰਟੀ ਦੀ ਹੋਵੇ, ਭਾਵੇਂ ਵੱਡੇ-ਵੱਡੇ ਪੈਲੇਸਾਂ ਵਿੱਚ ਕੀਤੇ ਜਾਂਦੇ ਖਰਚਿਆਂ ਦੀ ਗੱਲ ਹੋਵੇ, ਕਿਉਂਕਿ ਮੇਰਾ ਮਨ ਤਾਂ ਕਰਦਾ ਸੀ ਕਿ ਲੰਬੇ ਸਮੇਂ ਵਿੱਚ ਮੈਂ ਆਪਣੇ ਵਿਚਾਰ ਰੱਖਾਂ ਪਰ ਸਮੇਂ ਨੂੰ ਦੇਖਦਿਆਂ ਹੋਇਆਂ ਮੈਂ ਥੋੜ੍ਹੇ ਸ਼ਬਦਾਂ ਵਿੱਚ ਹੀ ਆਪਣੀ ਗੱਲ ਸਮਾਪਤ ਕਰਨੀ ਹੈ। ਮੈਂ ਸਮਝਦੀ ਹਾਂ ਕਿ ਗੁਰਬਾਣੀ ਦਾ ਇੱਕ ਕਥਨ ਹੈ :-

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।।

ਇਹ ਜਿਹੜੇ ਸਾਨੂੰ ਰੋਗ ਲੱਗ ਗਏ ਹਨ, ਸਮਾਜਿਕ ਕੁਰੀਤੀਆਂ ਦੇ, ਸਮਾਜਿਕ ਲਾਹਨਤਾਂ ਦੇ, ਇਹ ਤਾਂ ਲੱਗ ਰਹੇ ਹਨ ਕਿ ਅਸੀਂ ਆਪਣੇ ਸਿਧਾਂਤ ਤੋਂ ਉਖੜ ਗਏ ਹਾਂ। ਜੇ ਸਿਧਾਂਤ ਨੂੰ ਅਸੀਂ ਦੇਖੀਏ ਤਾਂ 15ਵੀਂ ਸਦੀ ਦੀ ਗੱਲ ਕਰ ਲੈਂਦੇ ਹਾਂ। ਇਹ ਸਿਧਾਂਤ ਤਾਂ ਸਾਨੂੰ ਗੁਰੂ ਨਾਨਕ ਸਾਹਿਬ ਨੇ ਉਦੋਂ ਦਾ ਦਿੱਤਾ ਹੋਇਆ ਹੈ ਕਿ ਜਿਹੜੇ ਵਿਆਹ-ਸ਼ਾਦੀਆਂ ਹਨ, ਇਨ੍ਹਾਂ ਨੂੰ ਫਜ਼ੂਲਖਰਚੀਆਂ ਤੋਂ ਬਚਾਅ ਕੇ ਕੀਤਾ ਜਾਵੇ। ਜੇ ਗੁਰੂ ਨਾਨਕ ਸਾਹਿਬ ਦੀ ਗੱਲ ਮੈਂ ਕਹਾਂ, ਉਨ੍ਹਾਂ ਨੇ ਤਾਂ ਉਸ ਵੇਲੇ ਇਹ ਦੇਖਿਆ ਕਿ ਜੋ ਲਾਹਨਤਾਂ ਹੋ ਰਹੀਆਂ ਹਨ, ਜਿਹੜੀ ਅਸੀਂ ਪੰਡਿਤ ਨੂੰ ਵੀ ਕੋਈ ਸੇਵਾ ਦਿੰਦੇ ਹਾਂ, ਕੋਈ ਸਤਿਕਾਰ ਭੇਟਾ

ਦਿੰਦੇ ਹਾਂ, ਗੁਰੂ ਨਾਨਕ ਸਾਹਿਬ ਨੇ ਤਾਂ ਉਸ ਦਾ ਵੀ ਖੰਡਨ ਕਰ ਦਿੱਤਾ ਹੈ। ਗੁਰੂ ਨਾਨਕ ਸਾਹਿਬ ਨੇ ਉਸ ਦਾ ਵੀ ਖੰਡਨ ਕੀਤਾ ਹੈ ਜਦੋਂ ਲੜਕੀਆਂ ਦੇ ਪੈਸੇ ਲੈ ਕੇ ਵਿਆਹ ਕੀਤੇ ਜਾਂਦੇ ਸਨ ਤੇ ਮੇਰੇ ਪਾਤਸ਼ਾਹ ਨੇ ਕੀ ਕਿਹਾ ਹੈ :-

ਲੈ ਭਾੜਿ ਕਰੇ ਵੀਆਹੁ ॥
ਕਢਿ ਕਾਗਲੁ ਦਸੇ ਰਾਹੁ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥
ਮਨ ਅੰਧਾ ਨਾਉ ਸੁਜਾਣੁ॥

ਕਹਿੰਦੇ ਕਿ ਭਾੜਾ ਲੈ ਕੇ ਵਿਆਹ ਕਰਾਉਂਦੇ ਹੋ, ਇਸ ਦਾ ਵੀ ਉਨ੍ਹਾਂ ਨੇ ਖੰਡਨ ਕੀਤਾ ਹੈ। ਜੋ ਸਾਡਾ ਮੂਲ ਮੰਤਰ ਸੀ, ਉਸ ਦੁਆਰਾ ਉਨ੍ਹਾਂ ਨੇ ਆਪਣੀਆਂ ਲਾਵਾਂ ਕਰਵਾਈਆਂ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅੱਜ ਦੀ ਗੱਲ ਨਹੀਂ, ਇਹ 15ਵੀਂ ਸਦੀ ਤੋਂ ਲੈ ਕੇ ਗੁਰੂ ਨਾਨਕ ਸਾਹਿਬ ਚਿੰਤਤ ਹੋਏ ਕਿ ਇਹ ਫਜ਼ੂਲ ਖਰਚੀਆਂ ਜਿਹੜੀਆਂ ਹਨ, ਇਹ ਨਹੀਂ ਹੋਣੀਆਂ ਚਾਹੀਦੀਆਂ। ਉਸ ਤੋਂ ਅੱਗੇ ਚੱਲ ਪਈਏ, ਬੜੇ-ਬੜੇ ਸਮੇਂ ਆਏ। ਭਾਵੇਂ ਉਹ ਕੋਈ ਵੀ ਧਰਮ ਹੈ, ਕੋਈ ਵੀ ਫਜ਼ੂਲ ਖਰਚੀ ਨੂੰ ਅਲਾਉ ਨਹੀਂ ਕਰਦਾ। ਮੈਂ ਕਹਿੰਦੀ ਹਾਂ ਕਿ ਇਸਲਾਮ ਧਰਮ ਲੈ ਲਉ, ਨਿਕਾਹ ਦੀ ਗੱਲ ਕਰ ਲਉ, ਭਾਵੇਂ ਹਿੰਦੂ ਧਰਮ ਦੀ ਗੱਲ ਕਰ ਲਉ, ਸਿੱਖ ਧਰਮ ਦੀ ਗੱਲ ਕਰ ਲਉ। ਕਿਸੇ ਵੀ ਧਰਮ ਵਿੱਚ ਵਿਆਹਾਂ ਵਿੱਚ ਫਜ਼ੂਲਖਰਚੀ ਨੂੰ ਕੋਈ ਥਾਂ ਨਹੀਂ, ਕੋਈ ਅਹਿਮੀਅਤ ਨਹੀਂ, ਕੋਈ ਪ੍ਰਵਾਨਗੀ ਨਹੀਂ। ਇਸ ਕਰਕੇ ਹੀ ਸਾਡੇ ਰੀਤੀ-ਰਿਵਾਜ ਸੁਖਾਲੇ ਹੋਏ। ਜਿਥੇ ਮੈਂ ਬਾਕੀ ਧਰਮਾਂ ਦੀ ਗੱਲ ਕੀਤੀ ਹੈ, ਉਥੇ ਮੈਂ ਇਕ ਗੱਲ ਹੋਰ ਕਰਨੀ ਚਾਹੁੰਦੀ ਹਾਂ ਕਿ ਆਨੰਦ ਕਾਰਜ ਦੀ ਰੀਤੀ ਕਿਉਂ ਸ਼ੁਰੂ ਹੋਈ? ਗੁਰੂ ਰਾਮਦਾਸ ਜੀ ਨੇ ਜਿਹੜੀਆਂ 4 ਲਾਵਾਂ ਦੇ ਪਾਠ ਦਿੱਤੇ ਹਨ ਉਨ੍ਹਾਂ ਦੇ ਅਰਥ ਹਨ ਕਿ ਜਿੱਥੇ ਸਰੀਰ ਦਾ ਸਬੰਧ ਹੈ, ਵਿਆਹ ਦੀ ਡੈਫੀਨਿਸ਼ਨ ਕੀ ਹੈ? ਜਿੱਥੇ ਸਰੀਰ ਦਾ ਸਬੰਧ ਹੈ ਉਥੇ ਆਤਮਕ ਮਿਲਾਪ ਹੈ ਅਤੇ ਜੋ ਉਨ੍ਹਾਂ ਨੇ ਬਾਣੀ ਵਿੱਚ ਕਿਹਾ ਹੈ :-

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥

ਅਤੇ ਗੁਰਮੁਖ ਦਾ ਮੂੰਹ ਤਾਂ ਗੁਰੂ ਵੱਲ ਹੈ ਤੇ ਜੇ ਗੁਰੂ ਵੱਲੋਂ ਮੂੰਹ ਹਟਿਆ ਤਾਂ ਹੀ ਅਸੀਂ ਉਨ੍ਹਾਂ ਪਦਾਰਥਾਂ ਵਿੱਚ ਗਏ ਅਤੇ ਮਨਮੁੱਖ ਨੇ ਜਦੋਂ ਇਹ ਸਭ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਮਨਮੁੱਖ ਬਾਰੇ ਵੀ ਮੇਰੇ ਪਾਤਸ਼ਾਹ ਨੇ ਕਿਹਾ ਹੈ ਕਿ :-

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰ ਕਚੁ ਪਾਜੋ॥

[ਬੀਬੀ ਜਗੀਰ ਕੌਰ]

ਜਿਹੜਾ ਮਨਮੁੱਖ ਦੂਜੀਆਂ ਵਸਤਾਂ, ਦੂਜੇ ਪਦਾਰਥ ਪਰੋਸ ਕੇ ਰੱਖਦਾ ਹੈ ਜਾਂ ਚੀਜ਼ਾਂ ਗਹਿਣੇ-ਗੱਟੇ, ਭਾਂਡੇ, ਬਿਸਤਰੇ ਤਿਆਰ ਕਰਕੇ ਰੱਖਦਾ ਹੈ, ਉਹ ਕਹਿੰਦੇ ਹਨ ਕਿ ਇਹ ਸਾਰੇ ਪਾਖੰਡ ਹਨ। ਹੰਕਾਰ ਵਿੱਚ ਆ ਕੇ ਉਹ ਸਾਰਾ ਕੁਝ ਕਰਦਾ ਹੈ। ਇਹ ਤਾਂ ਗੁਰੂ ਨਾਨਕ ਸਾਹਿਬ ਨੇ ਉਦੋਂ ਤੋਂ ਲੈ ਕੇ ਸਾਨੂੰ ਰੀਤੀ ਦਿੱਤੀ ਹੈ ਕਿ ਵਿਆਹ-ਸ਼ਾਦੀਆਂ ਸੁਖਾਲੇ ਅਤੇ ਬੜੇ ਸਿੱਧੇ-ਸਾਦੇ ਢੰਗ ਨਾਲ ਫਜ਼ੂਲਖਰਚੀ ਤੋਂ ਬਿਨਾਂ ਕੀਤੀਆਂ ਜਾਣ। ਮੈਂ, ਡਿਪਟੀ ਸਪੀਕਰ ਸਾਹਿਬ, ਇਕ ਗੱਲ ਹੋਰ ਪੜ੍ਹ ਰਹੀ ਸੀ ਕਿ ਕਿੰਨੇ ਦੂਰਅੰਦੇਸ਼ੀ ਵਾਲੇ ਵਿਅਕਤੀ ਹੋਣਗੇ, ਜਿਹੜੇ ਸਾਡੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪਹਿਲੇ ਪ੍ਰਧਾਨ ਰਹੇ ਸਨ, ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਸਾਹਿਬ। ਸਾਨੂੰ ਬੜੀ ਖੁਸ਼ੀ ਹੈ ਕਿ ਉਨ੍ਹਾਂ ਦੇ ਹੋਣਹਾਰ ਪੜਪੋਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਇਥੇ ਬੈਠੇ ਹਨ ਜਿਹੜੇ ਕਿ ਸਾਡੇ ਬਹੁਤ ਹੀ ਯੋਗ ਮੰਤਰੀ ਹਨ। ਉਸ ਪਰਿਵਾਰ ਦੇ ਪਿਛੋਕੜ ਵਿੱਚੋਂ ਮੈਂ ਕੱਲ੍ਹ ਇਕ ਗੱਲ ਪੜ੍ਹੀ ਕਿ ਸਰਦਾਰ ਸੁੰਦਰ ਸਿੰਘ ਮਜੀਠੀਆ ਸਾਹਿਬ ਨੇ 27 ਅਗਸਤ, 1909 ਨੂੰ ਵਾਇਸ ਰਾਏ ਮਿਸਟਰ ਮੈਂਟੋ ਦੀ ਪ੍ਰਧਾਨਗੀ ਹੇਠ ਹੋ ਰਹੀ ਇਕ ਮੀਟਿੰਗ ਵਿੱਚ ਇੰਪੀਰੀਅਲ ਲੈਜਿਸਲੇਟਿਵ ਕੌਂਸਿਲ ਦੇ ਵਿੱਚ ਆਪਣੀ ਗੱਲ ਕਹੀ ਸੀ। ਉਨ੍ਹਾਂ ਨੇ ਇਕ ਬਹੁਤ ਵੱਡਾ ਭਾਸ਼ਣ ਦਿੱਤਾ। ਬੜੇ ਲੰਮੇ ਵਿਚਾਰ ਦਿੱਤੇ। ਉਨ੍ਹਾਂ ਨੇ ਆਨੰਦ ਕਾਰਜ ਮੈਰਿਜ ਐਕਟ ਨੂੰ ਪ੍ਰਵਾਨਗੀ ਦਿਵਾਉਣ ਲਈ ਕਿਹਾ ਕਿ ਇਹ ਇਕ ਐਕਟ ਹੈ ਜਿਹੜਾ ਕਿ ਸਿੱਖਾਂ ਦੇ ਵਿੱਚ ਬਹੁਤ ਪ੍ਰਚਲਤ ਹੋਵੇਗਾ। ਇਹ ਸਾਡਾ ਧਰਮ ਹੈ ਕਿ ਸਿੱਖ ਬਿਨਾਂ ਖਰਚੇ ਤੋਂ ਬਿਲਕੁਲ ਸਾਦੇ ਢੰਗ ਦੇ ਨਾਲ ਵਿਆਹ-ਸ਼ਾਦੀਆਂ ਕਰ ਸਕਿਆ ਕਰਨਗੇ। ਇਸ ਕਰਕੇ ਇਸ ਨੂੰ ਪਾਸ ਕਰਨਾ ਬਹੁਤ ਜ਼ਰੂਰੀ ਹੈ। ਮੈਂ ਸਮਝਦੀ ਹਾਂ ਕਿ ਕਿੰਨੇ ਵੱਡੇ ਦੂਰਅੰਦੇਸ਼ ਸਨ, ਜਿਹੜੇ ਕਿ ਸਾਡੇ ਇਤਿਹਾਸ ਵਿੱਚ, ਸਾਡੀ ਕੌਮ ਵਿੱਚ ਔਰ ਸਾਡੇ ਪੰਜਾਬ ਦੇ ਵਿੱਚ, ਸਾਡੀ ਇਸ ਧਰਤੀ ਤੇ ਹੋਏ ਹਨ, ਜਿਨ੍ਹਾਂ ਨੇ ਦੇਸ਼ ਦੀ ਪਾਰਟੀਸ਼ਨ ਤੋਂ ਪਹਿਲਾਂ ਹੀ ਆਪਣੇ ਇਹ ਵਿਚਾਰ ਰੱਖੇ ਸਨ। ਮੈਂ ਸਮਝਦੀ ਹਾਂ ਕਿ ਅਸੀਂ ਆਪਣੇ ਸਿਧਾਂਤਾਂ ਤੋਂ ਉਖੜ ਗਏ ਹਾਂ, ਅਸੀਂ ਆਪਣੇ ਇਤਿਹਾਸ ਤੋਂ ਉਖੜ ਗਏ ਹਾਂ। ਅੱਜ ਸਾਡੀ ਵਿਆਹ ਦੀ ਰਸਮ ਜਿਹੜੀ ਹੈ ਉਹ ਗੁਰਮਤਿ ਵਿੱਚ ਨਹੀਂ ਰਹਿ ਗਈ। ਸਾਡਾ ਅੱਜ ਸਟੇਟੱਸ ਸਿੰਬਲ ਕੀ ਬਣ ਗਿਆ ਹੈ ਕਿ ਇਕ ਵੱਡਾ ਸਾਰਾ ਮੈਰਿਜ ਪੈਲੇਸ ਹੋਵੇ, ਇਕ ਵੱਡੀ ਸਾਰੀ ਕਾਰ ਹੋਵੇ, ਬਹੁਤ ਵੱਡੇ ਸਾਡੇ ਖਰਚੇ ਹੋਣ, ਉਥੇ ਬਹੁਤ ਮਹਿੰਗੀ ਸ਼ਰਾਬ ਵੱਖ ਵੱਖ ਤਰ੍ਹਾਂ ਦੀ ਹੋਵੇ। ਕਈ ਵਾਰ ਤਾਂ ਸਾਨੂੰ ਵੀ ਸ਼ਰਮ ਆਉਂਦੀ ਹੈ। ਤੁਸੀਂ ਸੱਚ ਜਾਣਿਓ ਕਿ ਕਈ ਵਾਰ ਤਾਂ ਸਾਡਾ ਵੀ ਦਿਲ ਕਰਦਾ ਹੁੰਦਾ ਹੈ ਕਿ ਕਿਸੇ ਨੂੰ ਮਿਲ ਕੇ ਆਈਏ ਪਰ ਅਫਸੋਸ ਉਥੇ ਜਾ ਕੇ ਜਦੋਂ ਟੇਬਲਾਂ ਤੇ ਸਜ ਕੇ ਲੋਕ ਬੈਠੇ ਹੁੰਦੇ ਹਨ, ਉਸ ਵੇਲੇ ਸਾਡਾ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਮੈਂ ਇਕ ਗੱਲ ਹੋਰ ਦੱਸਣਾ ਚਾਹੁੰਦੀ ਹਾਂ ਕਿ ਸਾਡੀ ਇਕ ਸਿੱਖ ਰਹਿਤ ਮਰਯਾਦਾ ਬਣੀ ਹੈ। ਅੱਜ ਗੱਲ ਚੱਲੀ ਹੈ ਕਿ ਸਮਾਜਿਕ ਤੌਰ ਤੇ ਇਕ ਲਹਿਰ ਬਣਾਈ

ਜਾਵੇ । ਮੈਂ ਸਮਝਦੀ ਹਾਂ ਕਿ ਅਸੀਂ ਭੁੱਲੇ ਹੋਏ ਹਾਂ । ਅਸੀਂ ਵਿਸਰੇ ਹੋਏ ਹਾਂ । ਸਾਨੂੰ ਤਾਂ ਬਹੁਤ ਵੱਡੀ ਦਾਤ ਪਹਿਲਾਂ ਤੋਂ ਹੀ ਮਿਲੀ ਹੋਈ ਹੈ । ਇਹ ਸਿੱਖ ਰਹਿਤ ਮਰਯਾਦਾ ਅੱਜ ਨਹੀਂ ਬਣੀ, ਇਹ 1936-37 ਤੋਂ ਲੈ ਕੇ ਸਿੱਖ ਰਹਿਤ ਮਰਯਾਦਾ ਲਿਖੀ ਗਈ ਹੈ। ਸਭ ਤੋਂ ਪਹਿਲਾਂ ਉਸ ਵਿਚ ਇਹ ਦਰਜ ਕੀਤਾ ਹੋਇਆ ਹੈ ਕਿ ਆਨੰਦ ਕਾਰਜ ਤੋਂ ਪਹਿਲਾਂ ਕੁੜਮਾਈ ਦੀ ਰਸਮ ਕੋਈ ਜ਼ਰੂਰੀ ਨਹੀਂ ਲੇਕਿਨ ਅੱਜ ਰੋਕਾ, ਠਾਕਾ, ਸ਼ਗਨ, ਕੁੜਮਾਈ, ਵਿਆਹ, ਰਿਸੈਪਸ਼ਨ ਇਹ ਕਿੰਨੇ ਪਾਰਟ ਬਣ ਗਏ ਹਨ । ਉਨ੍ਹਾਂ ਨੇ ਕਿਹਾ ਕਿ ਆਨੰਦ ਕਾਰਜ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇਕਰ ਫਿਰ ਵੀ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਇਕ ਕੜਾ, ਅਤੇ ਕੁਝ ਮਿੱਠਾ ਲੜਕੇ ਦੇ ਪੱਲੇ ਵਿੱਚ ਬੰਨ੍ਹ ਦੇਣ । ਦੇਖੋ ਜੇ ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਇਹ ਕਰਨ ਲੱਗੇ ਹਾਂ ਤਾਂ ਇਹ ਕਦੋਂ ਦੀਆਂ ਗੱਲਾਂ ਹਨ, ਸਿੱਖ ਇਤਿਹਾਸ ਵਿੱਚੋਂ ਲੈ ਲਓ, ਕਿਸੇ ਧਰਮ ਵਿੱਚੋਂ ਲੈ ਲਓ, ਕਿਸੇ ਸਾਡੇ ਵੱਡੇ ਵਡੇਰਿਆਂ ਨੇ ਕੀਤੀਆਂ, ਗੁਰੂ ਸਾਹਿਬਾਨਾਂ ਨੇ ਕੀਤੀਆਂ, ਉਹ ਪਤਾ ਹੀ ਹੈ, ਕੜਾ, ਕ੍ਰਿਪਾਨ (ਇਕ ਆਵਾਜ਼ : ਕੜਾ ਕਿਹੜਾ, ਸੋਨੇ ਦਾ) ਕੜਾ ਲੋਹੇ ਦਾ, ਸੋਨੇ ਦਾ ਨਹੀਂ, ਸੋਨਾ ਤਾਂ ਹੈ ਹੀ ਵਰਜਿਤ, ਉਹ ਤੇ ਮਿੱਟੀ ਹੈ । ਉਹ ਤਾਂ ਗੁਰੂ ਘਰ ਦੇ ਵਿੱਚ ਪ੍ਰਵਾਨ ਹੀ ਨਹੀਂ ਹੈ । ਸੋ, ਇਸ ਕਰਕੇ ਉਨ੍ਹਾਂ ਨੇ ਇਕ ਹੋਰ ਗੱਲ ਕਰ ਦਿੱਤੀ ਕਿ ਅਸੀਂ ਕਈ ਵਾਰੀ ਵਿਆਹ-ਸ਼ਾਦੀ ਦੇ ਦਿਨ ਨੀਯਤ ਕਰਨ ਸਮੇਂ ਤਿਥੀ-ਵਾਰ ਵੇਖਣ ਲਈ ਪੰਡਿਤਾਂ ਕੋਲ ਵੀ ਜਾਂਦੇ ਹਾਂ, ਅਸੀਂ ਮਹੂਰਤ ਵੀ ਕਢਵਾਉਂਦੇ ਹਾਂ । ਕਿੰਨੇ-ਕਿੰਨੇ ਪੈਸੇ ਦਿੰਦੇ ਹਾਂ, ਫਿਰ ਅਸੀਂ ਬਦਸ਼ਗਨੀ ਵੀ ਸਮਝਦੇ.ਹਾਂ । ਉਨ੍ਹਾਂ ਨੇ ਰਹਿਤ-ਮਰਯਾਦਾ ਦੇ ਵਿੱਚ ਹੀ ਲਿਖ ਦਿੱਤਾ ਹੈ, ਇਸ ਲਈ ਮੈਂ ਕਹਿਣ ਲੱਗੀ ਹਾਂ ਕਿਉਂਕਿ ਇਹ ਗੱਲ ਕੋਈ ਨਵੀਂ ਨਹੀਂ ਆਈ, ਇਹ ਤਾਂ ਬੜੇ ਸਾਲਾਂ ਤੋਂ ਚੱਲ ਰਹੀ ਹੈ । ਅਸੀਂ ਭੁੱਲੇ ਹੋਏ ਹਾਂ, ਅਸੀਂ ਸੋਚਦੇ ਨਹੀਂ, ਅਸੀਂ ਪੜ੍ਹਦੇ ਹੀ ਨਹੀਂ । ਅਸੀਂ ਪ੍ਰਚਾਰਦੇ ਨਹੀਂ । ਉਸ ਰਹਿਤ ਮਰਯਾਦਾ ਦੇ ਵਿੱਚ ਲਿਖਿਆ ਹੈ ਕਿ ਆਨੰਦ ਕਾਰਜ ਦਾ ਦਿਨ ਮੁਕਰਰ ਕਰਨ ਲੱਗਿਆਂ ਕੋਈ ਤਿਥੀ ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਦੇ ਵਿੱਚ ਸਲਾਹ ਕਰਕੇ ਚੰਗਾ ਦਿੱਸੇ, ਨੀਯਤ ਕਰ ਲੈਣਾ ਚਾਹੀਦਾ ਹੈ । ਪਰ ਜੇ ਕੋਈ ਮਾੜੀ ਜਿਹੀ ਨਿੱਛ ਮਾਰ ਦੇਵੇ ਤਾਂ ਅਸੀਂ ਕਹਿੰਦੇ ਹਾਂ ਕਿ ਅੱਜ ਦਿਨ ਭੈੜਾ ਆ ਗਿਆ ਹੈ । ਜੇ ਕੋਈ ਬਿੱਲੀ ਅੱਗੋਂ ਲੰਘ ਜਾਵੇ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਅੱਜ ਦਿਨ ਭੈੜਾ ਆ ਗਿਆ ਹੈ । ਜੇ ਕਿਸੇ ਨੇ ਕੋਈ ਸਲਾਹ ਦਿੱਤੀ ਤਾਂ ਅਸੀਂ ਕਹਿੰਦੇ ਹਾਂ ਕਿ ਜਦੋਂ ਤੱਕ ਟੇਵਾ ਨਹੀਂ ਮਿਲਦਾ ਅਸੀਂ ਕੰਮ ਨਹੀਂ ਕਰ ਸਕਦੇ । ਇਹ ਸਾਰੀਆਂ ਭਾਵੇਂ ਉਹ ਸਿੱਖ ਰਹਿਤ-ਮਰਯਾਦਾ ਹੈ, ਭਾਵੇਂ ਸਿੱਖਾਂ ਦੀ ਗੱਲ ਹੈ, ਭਾਵੇਂ

[ਬੀਬੀ ਜਗੀਰ ਕੌਰ]

ਹਿੰਦੂਆਂ ਦੀ ਗੱਲ ਹੈ, ਭਾਵੇਂ ਮੁਸਲਮਾਨਾਂ ਦੀ ਗੱਲ ਹੈ ਅਤੇ ਭਾਵੇਂ ਇਸਾਈਆਂ ਦੀ ਗੱਲ ਹੈ, ਅਸੀਂ ਸਾਰੇ ਮਨਮਤ ਵਿੱਚ ਫੱਸ ਗਏ ਹਾਂ । ਇਕ ਹੋਰ ਖਰਚੇ ਦੀ ਗੱਲ ਦੇਖੋ, ਅੱਜ ਤਾਂ ਵੱਡੀਆਂ ਵੱਡੀਆਂ ਕਾਰਾਂ ਦੀ ਗੱਲ ਚੱਲ ਪਈ ਹੈ । ਮੈਂ ਕਹਿੰਦੀ ਹਾਂ ਕਿ ਸੋਨੇ ਦੇ ਕੰਠੇ ਪਾ-ਪਾ ਕੇ ਅਤੇ ਲੜਕੀਆਂ ਪਾਰਲਰ ਵਿੱਚੋਂ ਤਿਆਰ ਹੋ ਕੇ ਗਹਿਣੇ ਗੱਟੇ ਪਾ ਕੇ, ਸ਼ਿੰਗਾਰ ਕਰਕੇ ਬਾਹਰ ਨਿਕਲਦੀਆਂ ਹਨ । ਮੈਨੂੰ ਵੀ ਕਈ ਵਾਰੀ ਵਿਆਹਾਂ ਤੇ ਜਾ ਕੇ ਦੇਖਣ ਦਾ ਮੌਕਾ ਮਿਲਦਾ ਹੈ । ਮੇਰੀ ਆਦਤ ਹੈ ਕਿ ਮੈਂ ਬੋਲਣੋਂ ਨਹੀਂ ਰਹਿ ਸਕਦੀ । ਜਦੋਂ ਮੈਂ ਲੜਕੀ ਨੂੰ ਵੇਖਦੀ ਹਾਂ ਕਿ ਉਸ ਦਾ 35 ਕੁ ਕਿੱਲੋ ਭਾਰ ਹੁੰਦਾ ਹੈ ਤੇ 60 ਕਿੱਲੋ ਦਾ ਲਹਿੰਗਾ ਹੁੰਦਾ ਹੈ। ਉਸ ਭਾਰੀ ਲਹਿੰਗੇ ਨੂੰ 2-4 ਕੁੜੀਆਂ ਇਧਰੋਂ ਸੰਭਾਲਦੀਆਂ ਹਨ ਤੇ 2-4 ਉਧਰੋਂ ਸੰਭਾਲਦੀਆਂ ਰਹਿੰਦੀਆਂ ਹਨ । ਲੜਕੀ ਨੂੰ ਨਾ ਪਤਾ ਲੱਗਦਾ ਹੈ ਕਿ ਲਾਵਾਂ ਕੀ ਪੜ੍ਹ ਰਹੇ ਹਨ? ਨਾ ਪਤਾ ਲੱਗਦਾ ਹੈ ਕਿ ਲਾਵਾਂ ਵਿਚ ਕਿਹਾ ਕੀ ਹੈ ? ਨਾ ਉਸ ਦਾ ਭਾਵ ਪਤਾ ਚਲਦਾ ਹੈ ਅਤੇ ਨਾ ਪਤਾ ਲਗਦਾ ਹੈ ਕਿ ਸਮਾਜ ਪ੍ਰਤੀ ਬੋਲਿਆ ਕੀ ਜਾ ਰਿਹਾ ਹੈ ? ਨਾ ਪਤਾ ਲਗਦਾ ਹੈ ਕਿ ਜੀਵਨ ਦਾ ਲਕਸ਼ ਕੀ ਹੈ ? ਬੱਸ ਇਕੋ ਹੀ ਹੈ ਕਿ ਲਹਿੰਗਾ ਤੁਰਿਆ ਜਾਂਦਾ ਹੈ। 5-6 ਕੁੜੀਆਂ ਨੇ ਫੜਿਆ ਹੁੰਦਾ ਹੈ । ਅੱਜ ਕੁੜੀਆਂ ਨੂੰ ਇੰਨਾ ਕਮਲ ਹੋਇਆ ਪਿਆ ਹੈ ਕਿ ਇਹ ਵੱਡੇ ਵੱਡੇ ਸਾਡੇ ਦਿਖਾਵੇ ਬਣ ਗਏ ਹਨ, ਇਨ੍ਹਾਂ ਦੇ ਨਾਲ ਸਾਡਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ । ਸਾਡੇ ਗੁਰੂ ਕਹਿੰਦੇ ਹਨ ਕਿ ਨਾ ਸਿਹਰਾ, ਨਾ ਮੁਕਟ, ਨਾ ਗਾਨਾ, ਨਾ ਪਿਤਰ ਪੂਜਣੇ, ਨਾ ਕੱਚੀ ਲੱਸੀ ਵਿਚ ਪੈਰ ਪਾਉਣੇ, ਨਾ ਘੜੋਲੀ ਭਰਨੀ, ਨਾ ਰੁਸ ਕੇ ਜਾਣਾ, ਨਾ ਛੰਦ ਪੜ੍ਹਨੇ, ਦੇਹਲੀ ਤੇ ਜੰਡੀ ਵੱਢਣੀ, ਹਵਨ ਕਰਨਾ ਤੇ ਵੇਸਵਾ ਦਾ ਨਾਚ ਕਰਾਉਣਾ ਸਭ ਮਨ੍ਹਾ ਹੈ । ਲਓ, ਮੈਂ ਇਥੇ ਵੇਸਵਾ ਦੇ ਨਾਚ ਬਾਰੇ ਗੱਲ ਕਰਦੀ ਹਾਂ । ਮੈਂ ਸਾਥੀ ਐਮ.ਐਲ.ਏ. ਸਾਹਿਬਾਨ ਵੀਰੋ ਤੇ ਡਿਪਟੀ ਸਪੀਕਰ ਸਾਹਿਬ, ਆਪਾਂ ਦੇਖਦੇ ਹਾਂ ਕਿ ਕਦੇ ਸਮਾਂ ਸੀ ਕਿ ਲੋਕ ਵੇਸਵਾ ਨਚਾਉਂਦੇ ਸਨ । ਅੱਜ ਸਾਰਾ ਹਾਊਸ ਬੈਠਾ ਹੈ । ਅੱਜ ਅਸੀਂ ਕੀ ਵੇਖਦੇ ਹਾਂ। ਸਾਡੇ ਸਾਹਮਣੇ ਨੌਜਵਾਨ ਲੜਕੀਆਂ ਨੱਚ ਰਹੀਆਂ ਹੁੰਦੀਆਂ ਹਨ । ਇਥੇ ਹੀ ਬੱਸ ਨਹੀਂ, ਪੈਲੇਸ ਵਿਚ ਕੁੜੀਆਂ ਸ਼ਰਾਬ ਡਿਸਟਰੀਬਿਊਟ ਕਰ ਰਹੀਆਂ ਹੁੰਦੀਆਂ ਹਨ । ਕੀ ਅੱਜ ਉਹੀ ਕੰਮ ਨਹੀਂ ਹੋ ਰਹੇ, ਜਿਨ੍ਹਾਂ ਨੂੰ ਪਹਿਲਾਂ ਅਸੀਂ ਨਿੰਦਦੇ ਸੀ । ਕੀ ਇਹ ਵਰਜਿਤ ਨਹੀਂ? ਸਾਡੀ ਸਿੱਖ ਰਹਿਤ ਮਰਿਆਦਾ ਵਿਚ ਲਿਖਿਆ ਹੋਇਆ ਹੈ ਕਿ ਲੜਕੀਆਂ ਨਚਾਉਣੀਆਂ ਵਰਜਿਤ ਹਨ । ਉਦੋਂ ਅਸੀਂ ਜਿਸ ਨੂੰ ਵੇਸਵਾ ਕਹਿੰਦੇ ਸੀ, ਅੱਜ ਸਾਡੇ ਸਾਹਮਣੇ ਸਾਡੀਆਂ ਧੀਆਂ-ਭੈਣਾਂ ਨੱਚ ਰਹੀਆਂ ਹੁੰਦੀਆਂ ਹਨ ਅਤੇ ਅਸੀਂ ਸਾਰੇ ਉਨ੍ਹਾਂ ਦੇ ਉਤੋਂ ਨੋਟ ਸੁੱਟਦੇ ਹਾਂ । ਇਥੋਂ ਤੱਕ ਅਸੀਂ ਉਨ੍ਹਾਂ ਦੇ ਹੱਥੋਂ ਪਰੋਸ ਕੇ ਸ਼ਰਾਬ ਮੰਗਦੇ ਹਾਂ । ਸਾਡੇ ਵਾਸਤੇ ਇਹ ਲਾਹਨਤ ਹੈ ਅਤੇ ਚਿੰਤਾ ਦਾ ਵਿਸ਼ਾ ਹੈ । ਇਸ ਵਿਸ਼ੇ ਤੇ ਮੈਂ ਜਦੋਂ ਸਟੇਜਾਂ ਤੇ

ਬੋਲਦੀ ਹਾਂ, ਲੋਕ ਕਹਿੰਦੇ ਹਨ ਕਿ ਤੁਸੀਂ ਬੋਲੋ, ਤੁਸੀਂ ਧਾਰਮਿਕ ਵਿਚਾਰ ਜ਼ਿਆਦਾ ਦਿੰਦੇ ਹੋ ਅਤੇ ਰਾਜਨੀਤਕ ਘੱਟ ਹੋ । ਮੈਂ ਸਮਝਦੀ ਹਾਂ ਕਿ ਵੋਟਾਂ ਦੀ ਗੱਲ ਨਹੀਂ, ਸਮਾਜ ਨੂੰ ਸੁਧਾਰਨ ਦੀ ਲੋੜ ਹੈ । ਜੇਕਰ ਸਾਡਾ ਸਮਾਜ ਚੰਗਾ ਹੋਵੇਗਾ ਤਾਂ ਅਸੀਂ ਚੰਗੇ ਤੇ ਸੂਝਵਾਨ ਨੇਤਾ ਅਖਵਾ ਸਕਦੇ ਹਾਂ । ਸਾਡੇ ਵਿਚ ਬਹੁਤ ਗਿਰਾਵਟ ਆ ਗਈ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਸਮੇਂ ਦੇ ਹਿਸਾਬ ਨਾਲ ਬੋਲਣ ਦਿਉ, ਅਜੇ ਮੈਂ ਥੋੜ੍ਹੀ ਹੋਰ ਗੱਲ ਕਰਨੀ ਹੈ । ਗੱਲ ਦਹੇਜ ਪ੍ਰਥਾ ਦੀ ਚੱਲੀ ਹੈ, ਗੱਲ ਸਿਊਸਾਈਡ ਦੀ ਚੱਲੀ ਹੈ, ਗੱਲ ਕੇਸਾਂ ਦੀ ਚੱਲੀ ਹੈ । ਮੈਂ ਕੱਲ੍ਹ ਪੰਜਾਬ ਦਾ ਇਸ ਸਬੰਧੀ ਪੂਰਾ ਡਾਟਾ ਮੰਗਵਾਇਆ ਹੈ । ਡੌਅਰੀ ਕੇਸ ਸਾਲ 2008 ਵਿਚ 984 ਹੋਏ ਹਨ, ਸਾਲ 2009 ਵਿਚ 1061, ਸਾਲ 2010 ਵਿਚ 1163, ਸਾਲ 2011 ਵਿਚ 1136 ਅਤੇ ਸਾਲ 2012 ਵਿਚ 1293 ਹੋਏ ਹਨ। ਇਹ ਤਕਰੀਬਨ 5637 ਡੌਅਰੀ (ਦਹੇਜ) ਦੇ ਕੇਸ ਦਰਜ ਹੋਏ ਹਨ । ਇਸ ਦੇ ਨਾਲ ਧਾਰਾ 306 ਵਿਚ ਜਿਹੜੇ ਸਿਊਸਾਈਡ ਕੇਸ ਦਰਜ ਹੋਏ ਹਨ, ਉਨ੍ਹਾਂ ਦੀ ਗਿਣਤੀ 636 ਹੈ । ਕਹਿਣ ਦਾ ਭਾਵ ਹੈ ਕਿ ਕੋਈ ਸਿਊਸਾਈਡ ਨਾਲ ਮਰ ਰਿਹਾ ਹੈ, ਕੋਈ ਫਾਹਾ ਲੈ ਕੇ ਮਰ ਰਿਹਾ ਹੈ, ਕੋਈ ਦਾਜ ਦੀ ਲਾਹਨਤ ਕਰਕੇ ਮਰ ਰਿਹਾ ਹੈ । ਮੈਂ ਸਮਝਦੀ ਹਾਂ ਕਿ ਕੇਵਲ ਲੜਕੀਆਂ ਹੀ ਨਹੀਂ, ਸਾਰੇ ਪਰਿਵਾਰਾਂ ਦਾ ਸ਼ੋਸ਼ਣ ਹੋ ਰਿਹਾ ਹੈ, ਸਾਡਾ ਨੁਕਸਾਨ ਹੋ ਰਿਹਾ ਹੈ, ਇਸ ਲਈ ਸਾਨੂੰ ਚਿੰਤਤ ਹੋਣਾ ਚਾਹੀਦਾ ਹੈ । ਜਿਹੜਾ ਇਹ ਮਤਾ ਲਿਆਂਦਾ ਗਿਆ ਹੈ, ਮੈਂ ਸਾਰਿਆਂ ਨੂੰ ਇਹ ਗੱਲ ਕਹਾਂਗੀ, ਇਥੇ ਗੱਲ ਆਈ ਸੀ ਕਿ ਲੜਕੀਆਂ ਨੂੰ ਕੁਝ ਦੇਣਾ ਚਾਹੀਦਾ ਹੈ । ਜੇਕਰ ਇੰਨੇ ਹੀ ਚਿੰਤਤ ਹੋ । ਇਹ ਅਟੱਲ ਸਚਾਈ ਹੈ ਕਿ ਜਦੋਂ ਧੀ ਜੰਮਦੀ ਹੈ ਤਾਂ ਮਾਂ-ਪਿਉ ਕਹਿੰਦੇ ਹਨ ਕਿ ਇਹ ਪਰਾਈ ਹੈ ਅਤੇ ਬਿਗਾਨਾ ਧਨ ਹੈ । ਧੀ ਨੂੰ ਕਿਸੇ ਨੇ ਵੀ ਮਾਲਕ ਨਹੀਂ ਬਣਾਇਆ । ਨਾ ਉਸ ਨੂੰ ਮਾਂ-ਪਿਉ ਨੇ ਮਾਲਕ ਬਣਾਇਆ ਅਤੇ ਨਾ ਹੀ ਸਹੁਰੇ ਪਰਿਵਾਰ ਨੇ ਮਾਲਕ ਬਣਾਇਆ ਹੈ । ਜਦੋਂ ਉਹ ਸਹੁਰੇ ਪਰਿਵਾਰ ਵਿਚ ਜਾਂਦੀ ਹੈ ਤਾਂ ਉਹ ਕਹਿੰਦੇ ਹਨ ਕਿ ਇਹ ਬਿਗਾਨੀ ਆਈ ਹੈ ਤੇ ਇਸ ਦਾ ਸਾਡੇ ਨਾਲ ਕੂਰਾ ਨਹੀਂ ਰਲਣਾ, ਇਹ ਤਾਂ ਇੱਦਾਂ ਹੀ ਕਰੇਗੀ । ਧੀ ਨਾ ਮਾਂ-ਪਿਉ ਦੇ ਘਰ ਮਾਲਕ ਬਣੀ ਹੈ ਤੇ ਨਾ ਹੀ ਸਹੁਰੇ ਘਰ ਵਿਚ ਮਾਲਕ ਬਣੀ ਹੈ। ਜੇਕਰ ਮਾਪੇ ਇੰਨੀ ਹੀ ਚਿੰਤਾ ਕਰਦੇ ਹਨ ਕਿ ਧੀ ਨੂੰ ਚੀਜ਼ਾਂ ਦੇਈਏ ਤਾਂ ਕਿ ਉਹ ਸੁਖੀ ਰਹੇ । ਚੀਜ਼ਾਂ ਦੇਣ ਨਾਲ ਤਾਂ ਹੰਕਾਰ ਆ ਜਾਂਦਾ ਹੈ, ਲੜਾਈ ਪੈਂਦੀ ਹੈ, ਵੈਰ ਪੈਂਦਾ ਹੈ । ਜੇਕਰ ਆਪਾਂ ਧੀ ਦੀ ਇੰਨੀ ਹੀ ਚਿੰਤਾ ਕਰਦੇ ਹਾਂ ਤਾਂ ਫਿਰ ਧੀ ਨੂੰ ਬਰਾਬਰ ਦਾ ਮਾਲਕ ਕਿਉਂ ਨਹੀਂ ਬਣਾਉਂਦੇ ? ਉਸ ਨੂੰ ਮਾਲਕ ਬਣਾਉ । ਜਿਸ ਤਰ੍ਹਾਂ ਬਰਾਬਰ ਪੜ੍ਹਾਈ ਕਰਵਾਉਂਦੇ ਹਨ, ਜੇਕਰ ਜਾਇਦਾਦ ਹੈ ਤਾਂ ਉਸ ਵਿਚ ਬਰਾਬਰ ਦਾ ਮਾਲਕ ਬਣਾਉ । ਮੈਂ ਕਈਆਂ ਨੂੰ ਕਹਿੰਦੀ ਹੁੰਦੀ ਹਾਂ ਕਿ ਕਈ ਲੋਕ ਆ ਕੇ ਕਹਿੰਦੇ ਹਨ ਕਿ ਬੀਬੀ ਜੀ ਕੀ ਕਰੀਏ, ਧੀ ਦੇ ਵਿਆਹ ਤੇ 50 ਲੱਖ ਦਾ ਸਮਾਨ ਦਿੱਤਾ ਸੀ, ਪਰ ਫਿਰ ਲੜਾਈ ਪੈ ਗਈ ਹੈ। ਦਾਜ-ਦਹੇਜ ਦੀ ਬਹੁਤ ਚਰਚਾ

**[ਬੀਬੀ ਜਗੀਰ ਕੌਰ]**

ਚੱਲੀ ਹੈ ਕਿ ਸਾਡੀ ਲੜਕੀ ਸੜ ਕੇ ਮਰ ਗਈ । ਮੈਂ ਕਹਿੰਦੀ ਹਾਂ ਕਿ ਜੇ ਚਿੰਤਤ ਸੀ ਤਾਂ 50 ਲੱਖ ਰੁਪਿਆ ਜ਼ਰੂਰ ਦੇਣਾ ਸੀ । ਤੁਸੀਂ ਉਸ ਨੂੰ ਮਾਲਕ ਹੀ ਬਣਾ ਦਿੰਦੇ ਤੇ ਸਹੁਰੇ ਵੀ ਸਮਝਦੇ ਕਿ ਧੀ ਮਾਲਕ ਬਣ ਕੇ ਆਈ ਹੈ । ਉਸ ਦੀ ਕਦਰ ਹੁੰਦੀ, ਉਸ ਦੀ ਇੱਜ਼ਤ ਹੁੰਦੀ। ਅਸੀਂ ਤੇ ਮਾਂ-ਪਿਉ ਵੀ ਕਿਹੜਾ ਇਨਸਾਫ ਕਰਦੇ ਹਨ । ਮਾਂ-ਪਿਉ ਵੀ ਚੀਜ਼ਾਂ ਦੇ ਕੇ ਰਾਜ਼ੀ ਹਨ । ਉਨ੍ਹਾਂ ਨੇ ਵੀ ਬਰਾਬਰੀ ਦਾ ਹੱਕ ਨਹੀਂ ਦਿੱਤਾ । ਗੁਰੂ ਨਾਨਕ ਸਾਹਿਬ ਜੀ ਨੇ ਸਾਨੂੰ ਉਪਦੇਸ਼ ਦਿੱਤਾ ਸੀ ਕਿ ਇਸ ਔਰਤ ਨੂੰ ਬਰਾਬਰੀ ਦਾ ਅਧਿਕਾਰ ਦੇਣਾ ਹੈ ।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥

ਤੇ ਫਿਰ ਇੱਕ ਧੀ ਵਾਸਤੇ ਦਾਜ ਕਿਹੜਾ ਦੇਣਾ ਹੈ ?

ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥

ਇਹ ਦਾਜ ਚੰਗੇ ਗੁਣਾਂ ਦਾ, ਹਰੀ ਦੇ ਨਾਮ ਦਾ, ਹਰੀ ਦੇ ਸਿਮਰਨ ਦਾ । ਜੇ ਅਸੀਂ ਇਸ ਪਾਸੇ ਬੱਚਿਆਂ ਨੂੰ ਤੋਰਾਂਗੇ ਤਾਂ ਸਾਡਾ ਜੀਵਨ ਸੁਖਾਲਾ ਹੋ ਜਾਵੇਗਾ । ਜੇ ਸਿਧਾਂਤਕ ਤੌਰ ਤੇ ਜ਼ਿੰਮੇਵਾਰੀ ਨਿਭਾਵਾਂਗੇ, ਜੇ ਗੁਰਮਤਿ ਦਾ ਜੀਵਨ ਨਿਭਾਵਾਂਗੇ ਤਾਂ ਅਸੀਂ ਫਜ਼ੂਲ ਖਰਚੀਆਂ ਤੋਂ ਬਚ ਸਕਾਂਗੇ ਅਤੇ ਸੱਚੀ-ਮੁੱਚੀਂ ਅਸੀਂ ਗੁਰੂ ਉਪਦੇਸ਼ ਨਾਲ ਜੁੜਾਂਗੇ । ਮਨ ਕਰਦਾ ਸੀ ਕਿ ਬਹੁਤ ਕੁਝ ਕਹਾਂ ਪਰ ਸਮੇਂ ਨੂੰ ਦੇਖਦਿਆਂ ਹੋਇਆਂ ਤੁਹਾਡਾ ਧੰਨਵਾਦ ਕਰਦੀ ਹਾਂ ਅਤੇ ਇਸ ਮਤੇ ਦੀ ਪ੍ਰੋੜ੍ਹਤਾ ਕਰਦੀ ਹੋਈ ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗੀ ਕਿ ਜਿਸ ਤਰ੍ਹਾਂ ਮਿੱਤਲ ਸਾਹਿਬ ਨੇ ਵੀ ਕਿਹਾ ਹੈ, ਸਾਰਿਆਂ ਵੱਲੋਂ ਇਸ ਨੂੰ ਤੁਰੰਤ ਪਾਸ ਕੀਤਾ ਜਾਵੇ । ਇਸ ਦੇ ਨਾਲ ਸਮਾਜ ਵਿੱਚ ਇਸ ਲਹਿਰ ਨੂੰ ਚਲਾਉਣ ਲਈ ਸਮਾਜਿਕ ਕੁਰੀਤੀਆਂ ਖਤਮ ਕਰਨ ਲਈ, ਸਮਾਜਿਕ ਲਾਹਨਤਾਂ ਖਤਮ ਕਰਨ ਵਾਸਤੇ ਸਾਰਿਆਂ ਨੂੰ ਲਾਮਬੰਦ ਹੋ ਕੇ ਚੱਲਣਾ ਚਾਹੀਦਾ ਹੈ ਤਾਂ ਜੋ ਅਸੀਂ ਸਮਾਜ ਨੂੰ ਉਚਾ ਚੁੱਕ ਸਕੀਏ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਸਾਰਿਆਂ ਦਾ ਧੰਨਵਾਦ ਕਰਦੀ ਹਾਂ ਅਤੇ ਤੁਹਾਡਾ ਵੀ ਧੰਨਵਾਦ ਕਰਦੀ ਹਾਂ । ਮੁੱਖ ਮੰਤਰੀ ਜੀ ਦਾ ਖਾਸ ਤੌਰ ਤੇ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਮਤਾ ਲਿਆਉਣ ਦੀ ਇਜਾਜ਼ਤ ਦਿੱਤੀ ਹੈ ਤੇ ਅਸੀਂ ਸਾਰਿਆਂ ਨੇ ਆਪਣੇ-ਆਪਣੇ ਵਿਚਾਰ ਰੱਖੇ ਹਨ । ਬਹੁਤ ਬਹੁਤ ਧੰਨਵਾਦ ਜੀ । ਭੁੱਲਾਂ ਦੀ ਮਾਫੀ । (ਥੰਪਿੰਗ)

**ਮਾਨਯੋਗ ਡਿਪਟੀ ਸਪੀਕਰ** : ਪ੍ਰਸ਼ਨ ਹੈ -

ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਵਿਆਹ ਸ਼ਾਦੀਆਂ ਅਤੇ ਹੋਰ ਅਜਿਹੇ ਸਮਾਗਮਾਂ ਉਤੇ ਹੋ ਰਹੇ ਬੇ-ਤਹਾਸ਼ਾ ਅਤੇ ਫਜ਼ੂਲ

ਖਰਚੇ ਨੂੰ ਰੋਕਣ ਲਈ ਲੋਕਾਂ ਨੂੰ ਜਾਗ੍ਰਿਤ ਕਰਨ ਵਾਸਤੇ ਇੱਕ ਸਮਾਜਿਕ ਲਹਿਰ ਚਲਾਈ ਜਾਵੇ ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।*

**ਮਾਨਯੋਗ ਡਿਪਟੀ ਸਪੀਕਰ** : ਅਗਲਾ ਮਤਾ । ਸਰਦਾਰ ਸੁਰਿੰਦਰ ਸਿੰਘ ਜੀ ।

**ਮਤਾ ਨੰ: 2, 4, 6, 7 ਅਤੇ 8**

(ਸਬੰਧਤ ਮੈਂਬਰ ਸਾਹਿਬਾਨ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਮਤੇ ਪੇਸ਼ ਨਹੀਂ ਹੋਏ ।)

## (ii) RESOLUTION REGARDING RECOMMENDATION TO THE STATE GOVERNMENT TO TAKE UP THE MATTER WITH THE CENTRE GOVT. TO FORMULATE CENTRAL SCHEMES FOR CARRYING OUT DEVELOPMENT OF BACKWARD CLASSES OF THE STATES KEEPING IN VIEW THE FINANCIAL, GEOGRAPHICAL AND THE ENVIRONMENTAL CONDITIONS OF THE VARIOUS STATES.

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਬਲਵਿੰਦਰ ਸਿੰਘ ਜੀ ਬੈਂਸ ਆਪਣਾ ਮਤਾ ਪੇਸ਼ ਕਰਨ ।

**ਸਰਦਾਰ ਬਲਵਿੰਦਰ ਸਿੰਘ ਬੈਂਸ** : ਸ਼੍ਰੀਮਾਨ ਜੀ,

ਮੈਂ ਪ੍ਰਸਤਾਵ ਕਰਦਾ ਹਾਂ - ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਕੇਂਦਰ ਵੱਲੋਂ ਰਾਜਾਂ ਦੇ ਪਛੜੇ ਵਰਗਾਂ ਦਾ ਵਿਕਾਸ ਕਰਨ ਹਿਤ ਬਣਾਈਆਂ ਜਾਂਦੀਆਂ ਕੇਂਦਰੀ ਸਕੀਮਾਂ ਵੱਖ-ਵੱਖ ਰਾਜਾਂ ਦੀਆਂ ਵਿੱਤੀ ਤੇ ਭੂਗੋਲਿਕ ਸਥਿਤੀਆਂ ਅਤੇ ਉਥੋਂ ਦੇ ਵਾਤਾਵਰਨ ਨੂੰ ਮੱਦੇ ਨਜ਼ਰ ਰੱਖ ਕੇ ਬਣਾਈਆਂ ਜਾਣ ।

**ਮਾਨਯੋਗ ਡਿਪਟੀ ਸਪੀਕਰ** : ਪ੍ਰਸਤਾਵ ਕੀਤਾ -

ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਕੇਂਦਰ ਵੱਲੋਂ ਰਾਜਾਂ ਦੇ ਪਛੜੇ ਵਰਗਾਂ ਦਾ ਵਿਕਾਸ ਕਰਨ ਹਿਤ ਬਣਾਈਆਂ ਜਾਂਦੀਆਂ ਕੇਂਦਰੀ ਸਕੀਮਾਂ ਵੱਖ-ਵੱਖ ਰਾਜਾਂ ਦੀਆਂ ਵਿੱਤੀ ਤੇ ਭੂਗੋਲਿਕ ਸਥਿਤੀਆਂ ਅਤੇ ਉਥੋਂ ਦੇ ਵਾਤਾਵਰਨ ਨੂੰ ਮੱਦੇ ਨਜ਼ਰ ਰੱਖ ਕੇ ਬਣਾਈਆਂ ਜਾਣ ।

ਹਾਂ ਜੀ, ਬਹਿਸ ! ਸਰਦਾਰ ਬਲਵਿੰਦਰ ਸਿੰਘ ਜੀ ਬੈਂਸ ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ)** : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੈਂਟਰ ਸਰਕਾਰ ਵਿਚ ਜਦੋਂ ਵੀ ਕੋਈ ਸਕੀਮ ਬਣੀ, ਚਾਹੇ ਉਹ ਆਮ ਜਨਤਾ ਲਈ ਬਣੀ, ਚਾਹੇ ਉਹ ਪਛੜੀਆਂ ਸ਼੍ਰੇਣੀਆਂ ਲਈ ਬਣੀ, ਉਸ ਵਿੱਚ ਪੰਜਾਬ ਨਾਲ ਮਤਰੇਈ ਮਾਂ ਵਾਲਾ ਵਿਵਹਾਰ ਕੀਤਾ ਗਿਆ । ਖਾਸ ਕਰਕੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਪੰਜਾਂ ਦਰਿਆਵਾਂ ਦੀ ਪਵਿੱਤਰ ਧਰਤੀ ਵਜੋਂ ਜਾਣਿਆ ਜਾਂਦਾ ਹੈ । ਪਰ ਅੱਜ ਮੈਨੂੰ ਇਸ ਗੱਲ ਦਾ ਦੁੱਖ ਤੇ ਅਫਸੋਸ ਹੈ ਕਿ ਪੰਜਾਂ ਦਰਿਆਵਾਂ ਦੀ ਪਵਿੱਤਰ ਧਰਤੀ ਤੇ ਜਦੋਂ ਮੈਂ ਪਛੜੀ ਸ਼੍ਰੇਣੀ ਤੇ ਗਰੀਬ ਵਰਗ ਵੱਲ ਦੇਖਦਾ ਹਾਂ ਤਾਂ ਮੈਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਪੰਜਾਂ ਦਰਿਆਵਾਂ ਦੀ ਪਵਿੱਤਰ ਧਰਤੀ ਦੇ ਪਾਣੀ ਦਾ ਲੈਵਲ ਇੰਨਾ ਡੂੰਘਾ ਚਲਿਆ ਗਿਆ ਹੈ ਕਿ ਗਰੀਬ ਆਦਮੀ ਅੱਜ ਨਲਕਾ ਲਗਾਉਣ ਦੇ ਸਮਰਥ ਵੀ ਨਹੀਂ ਰਿਹਾ । ਮੈਂ ਸਦਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਆਪਾਂ ਨਾ ਜਾਗੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਸੈਂਟਰ ਸਰਕਾਰ ਦੀਆਂ ਮਾੜੀਆਂ ਨੀਤੀਆਂ ਦੇ ਕਾਰਨ ਪੰਜਾਬ ਕੋਲ ਪਾਣੀ ਨਹੀਂ ਰਹਿਣਾ । ਜਦੋਂ ਅਸੀਂ, ਡਿਪਟੀ ਸਪੀਕਰ ਸਾਹਿਬ, ਛੋਟੇ-ਛੋਟੇ ਸੀ ਤਾਂ ਉਦੋਂ ਮੈਂ ਇੱਕ ਗੱਲ ਸੁਣੀ ਕਿ ਪੰਜਾਬ ਵਿੱਚ ਪਾਣੀ ਤੇ ਦੁੱਧ ਦਾ ਇੱਕ ਹੀ ਮੁੱਲ ਹੋਏਗਾ ਅਤੇ ਅਸੀਂ ਸੋਚਦੇ ਹੁੰਦੇ ਸੀ ਕਿ ਇਹ ਗੱਲ ਕਦਾਚਿਤ ਹੋ ਨਹੀਂ ਸਕਣੀ । ਦੁੱਧ ਹੋਰ ਭਾਅ ਤੇ ਮਿਲਦਾ ਹੈ ਤੇ ਪਾਣੀ ਨਲਕੇ ਵਿਚੋਂ ਨਿਕਲਦਾ ਹੈ । ਦੋਹਾਂ ਨੂੰ ਪਰਡਿਊਸ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਸਾਧਨ ਜੁਟਾਉਣੇ ਪੈਂਦੇ ਹਨ । ਪਰ ਅੱਜ ਮੈਂ ਆਪਣੀ ਜ਼ਿੰਦਗੀ ਵਿੱਚ ਇਹ ਗੱਲ ਦੇਖ ਲਈ ਹੈ ਕਿ ਦੁੱਧ ਤੇ ਪਾਣੀ ਇੱਕੋ ਹੀ ਮੁੱਲ ਵਿਕਦੇ ਹਨ । ਮੈਂ ਸਦਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਆਪਾਂ ਹੁਣ ਨਾ ਜਾਗੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੀਣ ਵਾਲਾ ਪਾਣੀ, ਗਰੀਬ ਦੀ ਗੱਲ ਛੱਡ ਦੇਈਏ, ਅਮੀਰ ਕੋਲ ਵੀ ਨਹੀਂ ਰਹਿਣਾ । ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਪਾਣੀ ਦਾ ਵੱਡਾ ਹਿੱਸਾ ਸੈਂਟਰ ਖੋਹ ਰਿਹਾ ਹੈ । ਜਿਸ ਬਾਰੇ ਰਿਪੇਅਰੀਅਨ ਕਾਨੂੰਨ ਇਹ ਗੱਲ ਆਖਦਾ ਹੈ ਕਿ ਜਿਥੇ ਦਰਿਆ ਨੁਕਸਾਨ ਕਰਦੇ ਹਨ, ਉਥੋਂ ਦੀ ਗਰੀਬ ਜਨਤਾ ਦਾ ਉਨ੍ਹਾਂ ਪਾਣੀਆਂ ਤੇ ਜ਼ਿਆਦਾ ਹੱਕ ਹੁੰਦਾ ਹੈ । ਅੱਜ ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਸਾਡਾ ਉਹ ਹੱਕ ਸੈਂਟਰ ਸਰਕਾਰ ਨੇ ਸਮੇਂ-ਸਮੇਂ ਵੱਖ-ਵੱਖ ਪਾਲਿਸੀਆਂ ਬਣਾ ਕੇ ਸਾਡੇ ਕੋਲੋਂ ਹਮੇਸ਼ਾ ਖੋਹਣ ਦਾ ਯਤਨ ਕੀਤਾ ਹੈ । ਅੱਜ ਪਾਣੀ ਦਾ ਵੱਡਾ ਹਿੱਸਾ ਜਿਹੜਾ ਪੰਜਾਬ ਵਿਚੋਂ ਲੰਘਦਾ ਹੈ, ਰਾਜਸਥਾਨ ਦੀ ਧਰਤੀ ਤੇ ਜਾ ਕੇ ਡਿੱਗਦਾ ਹੈ ਅਤੇ ਰਾਜਸਥਾਨ ਵਿਚ ਪਾਣੀ ਦਾ ਲੈਵਲ ਹੌਲੀ-ਹੌਲੀ ਉੱਚਾ ਆ ਗਿਆ ਹੈ ਅਤੇ ਪੰਜਾਬ ਦੇ ਪਾਣੀ ਦਾ ਜ਼ਮੀਨੀ ਲੈਵਲ ਬੜੀ ਸਪੀਡ ਨਾਲ ਹਰ ਸਾਲ ਪੰਜ-ਸੱਤ ਫੁੱਟ ਡਿੱਗ ਪੈਂਦਾ ਹੈ । ਮਨ ਵਿੱਚ ਇੱਕ ਦੁੱਖ ਵੀ ਉਠਦਾ ਹੈ ਕਿ ਗਰੀਬ ਕੋਲ ਪੀਣ ਵਾਲਾ ਕਾਬਲ ਪਾਣੀ ਨਹੀਂ ਰਿਹਾ । ਮੈਂ ਧੰਨਵਾਦ ਕਰਦਾ ਹਾਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦਾ, ਜਿਨ੍ਹਾਂ ਨੇ ਗਰੀਬ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਨ ਲਈ ਤਕਰੀਬਨ ਬਹੁਤੇ ਪਿੰਡਾਂ ਵਿੱਚ ਆਰ.ਓ.

ਸਿਸਟਮ ਲਿਆਂਦਾ ਹੈ । ਮੈਂ ਸਮੁੱਚੇ ਸਦਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਸਮਾਂ ਮੰਗ ਕਰਦਾ ਹੈ ਕਿ ਆਪਾਂ ਜਾਗ ਜਾਈਏ ਕਿ ਜਿਹੜਾ ਪੰਜਾਬ ਦਾ ਪਵਿੱਤਰ ਪਾਣੀ ਨਾਲ ਦੀਆਂ ਸਟੇਟਾਂ ਵੱਲ ਤੁਰਿਆ ਜਾਂਦਾ ਹੈ, ਉਸ ਦੀ ਰਾਇਲਟੀ ਲਈ ਜਾਵੇ । ਮੈਂ ਕਿਸੇ ਸਟੇਟ ਦਾ ਵਿਰੋਧ ਨਹੀਂ ਕਰਦਾ ਪਰ ਗਵਾਂਢੀ ਨੂੰ ਸਬਜ਼ੀ ਉਦੋਂ ਦੇਈਦੀ ਹੈ, ਜਦੋਂ ਆਪਣੇ ਕੋਲ ਫਾਲਤੂ ਹੋਵੇ, ਇਹ ਨਹੀਂ ਕਿ ਤੁਹਾਡੇ ਘਰ ਪੀਣ ਜੋਗਾ ਪਾਣੀ ਨਾ ਰਹੇ ਅਤੇ ਪਾਣੀ ਸਾਰੇ ਦਾ ਸਾਰਾ ਦੂਸਰੇ ਰਾਜਾਂ ਨੂੰ ਤੁਰਿਆ ਜਾਵੇ । ਉਸ ਤੋਂ ਅੱਗੇ ਮੈਂ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਵੀ ਕਦੇ ਗਰੀਬ ਨੂੰ ਕੋਈ ਸਹੂਲਤ ਦਿੱਤੀ ਤਾਂ ਉਸ ਨੂੰ ਖਾਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਮੱਦੇਨਜ਼ਰ ਰੱਖ ਕੇ ਕਦੇ ਵੰਡ ਨਹੀਂ ਕੀਤੀ ਗਈ । ਸੈਂਟਰ ਦੀ ਸਰਕਾਰ ਨੇ ਹਮੇਸ਼ਾ ਸਾਡੇ ਨਾਲ ਕਾਣੀ ਵੰਡ ਕੀਤੀ ਹੈ । ਜੇ ਮੈਂ ਕੁਦਰਤ ਵੱਲ ਦੇਖਦਾ ਹਾਂ ਅਤੇ ਸੈਂਟਰ ਦੀ ਸਰਕਾਰ ਵੱਲ ਦੇਖਦਾ ਹਾਂ ਤਾਂ ਇੰਜ ਲਗਦਾ ਹੈ ਕਿ ਦੋਹਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ । ਕੁਦਰਤ ਨੇ ਹਰ ਇੱਕ ਸਟੇਟ ਨੂੰ ਕੋਈ ਨਾ ਕੋਈ ਆਰਥਿਕ ਸਾਧਨ ਮੁਹੱਈਆ ਕੀਤਾ ਹੈ । ਜੇ ਮੈਂ ਬਿਹਾਰ ਵੱਖ ਦੇਖਦਾ ਹਾਂ ਤਾਂ ਬਿਹਾਰ ਕੋਲ ਬਹੁਤ ਸਾਰਾ ਕੋਲਾ ਹੈ । ਜੇ ਮੈਂ ਰਾਜਸਥਾਨ ਕੋਲ ਦੇਖਦਾ ਹਾਂ ਤਾਂ ਉਨ੍ਹਾਂ ਕੋਲ ਬਹੁਤ ਸਾਰਾ ਪੱਥਰ ਹੈ । ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਉਥੇ ਕੋਲਾ ਮੁੱਲ ਵਿਕਦਾ ਹੈ । ਰਾਜਸਥਾਨ ਪੱਥਰ ਮੁੱਲ ਵੇਚਦਾ ਹੈ । ਉਸ ਤੋਂ ਬਾਅਦ ਦੋਹਾਂ ਚੀਜਾਂ ਤੇ ਸਰਕਾਰ ਰਾਇਲਟੀ ਲੈਂਦੀ ਹੈ, ਜਿਸ ਨਾਲ ਸਰਕਾਰ ਗਰੀਬ ਦਾ ਪੇਟ ਪਾਲਦੀ ਹੈ ਪਰ ਮੈਨੂੰ ਇਥੇ ਦੁੱਖ ਹੈ ਕਿ ਸਾਡੇ ਕੋਲ ਪਾਣੀ ਹੈ, ਉਹ ਫਰੀ ਵਿੱਚ ਤੁਰਿਆ ਜਾਂਦਾ ਹੈ । ਬੇਨਤੀ ਕਰਦਾ ਹਾਂ ਕਿ ਜਿਸ ਸਟੇਟ ਨੂੰ ਪਾਣੀ ਦੇਣਾ ਹੈ, ਉਸ ਪਾਣੀ ਤੇ ਵੀ ਰਾਇਲਟੀ ਲਗਾਈ ਜਾਵੇ ਕਿਉਂਕਿ ਅਸੀਂ ਕੋਲਾ ਲਿਆਉਂਦੇ ਹਾਂ ਤਾਂ ਉਸ ਤੇ ਰਾਇਲਟੀ ਦੇ ਕੇ ਲਿਆਉਂਦੇ ਹਾਂ । ਅਸੀਂ ਮਾਰਬਲ ਤੇ ਪੱਥਰ ਲੈ ਕੇ ਆਉਂਦੇ ਹਾਂ ਤਾਂ ਉਸ ਤੇ ਰਾਇਲਟੀ ਦੇ ਕੇ ਲਿਆਉਂਦੇ ਹਾਂ ਅਤੇ ਉਸ ਤੋਂ ਅਗਲੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਨੇ ਸੜਕਾਂ ਦੀ ਯੋਜਨਾ ਬਣਾਈ ਪਰ ਇਹ ਭੂਗੋਲਿਕ ਸਥਿੱਤੀ ਨੂੰ ਮੱਦੇ ਨਜ਼ਰ ਰੱਖ ਕੇ ਨਹੀਂ ਬਣਾਈ ।

ਪੰਜਾਬ ਸਾਰਿਆਂ ਤੋਂ ਛੋਟੀ ਸਟੇਟ ਹੈ, ਪੰਜਾਬ ਦੀਆਂ ਸੜਕਾਂ ਦਾ ਸਾਈਜ਼ ਬਹੁਤ ਛੋਟਾ ਹੈ ਤੇ ਸੜਕਾਂ ਦੀ ਯੋਜਨਾ ਬਣਾਉਣ ਲੱਗਿਆਂ ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਮੱਦੇਨਜ਼ਰ ਨਾ ਰੱਖਦੇ ਹੋਏ ਸੜਕ ਦਾ ਸਾਈਜ਼ ਇੰਨਾ ਚੌੜਾ ਡਿਕਲੇਅਰ ਕੀਤਾ ਜਿਸ ਦੇ ਵਿਚ ਮੈਂ ਸਮਝਦਾ ਹਾਂ ਕਿ ਪੰਜਾਬ ਦੀਆਂ ਗਿਣੀਆਂ-ਚੁਣੀਆਂ ਸੜਕਾਂ ਹੀ ਆਉਣਗੀਆਂ। ਇਹੀ ਕਾਰਨ ਹੈ ਕਿ ਜਿਹੜੇ ਗਰੀਬ ਦੇ ਘਰਾਂ ਵੱਲ ਜਾਂਦੇ ਰਸਤੇ ਹਨ, ਅੱਜ ਉਹ ਕੱਚੇ ਹਨ ਉਹ ਪ੍ਰਧਾਨ ਮੰਤਰੀ ਸਾਹਿਬ ਦੀ ਯੋਜਨਾ ਵਿਚ ਨਹੀਂ ਆ ਸਕਦੇ ।

[ਸਰਦਾਰ ਬਲਵਿੰਦਰ ਸਿੰਘ ਬੈਂਸ]

ਉਸ ਤੋਂ ਅਗਲੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰੇਕ ਸਰਕਾਰ ਦਾ ਇਹ ਮੁੱਢਲਾ ਫਰਜ਼ ਹੁੰਦਾ ਹੈ ਕਿ ਸਰਕਾਰ ਗਰੀਬ ਦੇ ਘਰ ਦਾ ਚੁਲ੍ਹਾ ਤਪਦਾ ਰੱਖੇ, ਗਰੀਬ ਦੇ ਬੱਚੇ ਨੂੰ ਐਜੂਕੇਸ਼ਨ ਦੇਵੇ । ਮੈਨੂੰ ਇਸ ਗੱਲ ਦਾ ਹੋਰ ਵੀ ਡੂੰਘਾ ਦੁੱਖ ਹੈ ਕਿ ਸੈਂਟਰ ਦੀ ਸਰਕਾਰ ਨੇ ਪੰਜਾਬ ਦੇ ਗਰੀਬ ਦਾ ਚੁਲ੍ਹਾ ਜਿਵੇਂ ਪੰਜਾਬੀ ਦੀ ਕਹਾਵਤ ਹੈ ਕਿ ਚੁਲ੍ਹੇ ਵਿਚ ਪਾਣੀ ਪਾ ਦਿੱਤਾ ਤਾਂ ਕਿ ਉਹ ਮੁੜ ਤਪਦਾ ਨਾ ਹੋਵੇ। ਪੰਜਾਬ ਨੂੰ ਮਿਲਦਾ ਮਿੱਟੀ ਦੇ ਤੇਲ ਦਾ ਕੋਟਾ ਵੀ ਸੈਂਟਰ ਦੀ ਸਰਕਾਰ ਨੇ ਬੰਦ ਕਰ ਦਿੱਤਾ ਹੈ । ਉਸ ਤੋਂ ਅਗਲੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੈਂਟਰ ਸਰਕਾਰ ਨੇ ਪੰਜਾਬ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ, ਜਗ੍ਹਾ-ਜਗ੍ਹਾ ਹਾਈਵੇਅ ਤੇ ਟੋਲ ਟੈਕਸ ਲਗਾਏ ਹਨ । ਪਿਛਲੇ ਦੋ ਸਾਲਾਂ ਤੋਂ ਮੈਂ ਵੇਖਦਾ ਹਾਂ ਕਿ ਟੋਲ ਟੈਕਸ ਤੇ ਸੜਕਾਂ ਦਾ ਕੰਮ ਬਿਲਕੁਲ ਬੰਦ ਪਿਆ ਹੈ, ਦਿੱਲੀ ਨੂੰ ਜਾਂਦਿਆਂ ਵੇਖ ਲਵੋ, ਰਸਤੇ ਵਿਚ ਸੜਕ ਟੁੱਟੀ ਪਈ ਹੈ ਪਰ ਟੋਲ ਟੈਕਸ ਦੇ ਪੈਸੇ ਅੱਜ ਵੀ ਉਸੇ ਤਰ੍ਹਾਂ ਹੀ ਉਗਰਾਹੇ ਜਾ ਰਹੇ ਹਨ । ਜਿਹੜੇ ਪੈਸੇ ਗਰੀਬ ਤੇ ਲਗਣੇ ਚਾਹੀਦੇ ਹਨ, ਉਹ ਲੱਗ ਨਹੀਂ ਰਹੇ । ਮੈਂ ਸਮੁੱਚੇ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੇ ਪ੍ਰਤੀ ਵੀ ਆਪਾਂ ਨੂੰ ਗੌਰ ਫੁਰਮਾਉਣਾ ਪੈਣਾ ਹੈ । ਅਗਲੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਦਾ ਗਰੀਬ ਹੋਰ ਹੇਠਲੇ ਪਾਸੇ ਵੱਲ ਤੁਰਿਆ ਜਾਂਦਾ ਹੈ । ਮੈਂ ਆਪਣੇ ਸਦਨ ਨੂੰ ਵੀ ਬੇਨਤੀ ਕਰਦਾ ਹਾਂ ਕਿ ਕੁਝ ਸਮਾਂ ਪਹਿਲਾਂ ਆਪਾਂ ਵਿਆਹਾਂ ਦੇ ਮਤੇ ਦੇ ਉਤੇ ਚਰਚਾ ਕੀਤੀ ਹੈ ਕਿ ਆਪਾਂ ਜਿੰਨੀ ਮਦਦ ਕਰ ਸਕਦੇ ਹਾਂ, ਆਪਾਂ ਨੂੰ ਵੀ ਕਰਨੀ ਬਣਦੀ ਹੈ । ਜਿਹੜਾ ਪੈਲੇਸ ਦੋ ਕਰੋੜ ਵਿਚ ਵਿਆਹ ਕਰਦਾ ਹੈ, ਉਸ ਦਾ ਵੀ ਲਾਇਸੰਸ ਉਤਨੇ ਦਾ ਹੀ ਹੈ ਅਤੇ ਜਿਥੇ ਗਰੀਬ 50,000 ਵਿਚ ਵਿਆਹ ਕਰਦਾ ਹੈ, ਉਸ ਦੀ ਲਾਇਸੰਸ ਫੀਸ ਵੀ ਉਤਨੀ ਹੀ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਗਰੀਬ ਨੂੰ ਸੜਕ ਤੇ ਚਲਦਾ ਰੱਖਣ ਲਈ, ਗਰੀਬ ਦੇ ਚੁਲ੍ਹੇ ਨੂੰ ਤਪਦਾ ਰੱਖਣ ਲਈ ਅਤੇ ਗਰੀਬ ਦੇ ਬੱਚੇ ਨੂੰ ਐਜੂਕੇਸ਼ਨ ਦੇਣ ਲਈ ਸੈਂਟਰ ਸਰਕਾਰ ਦੀਆਂ ਪਾਲਿਸੀਆਂ ਬਦਲੀਆਂ ਜਾਣ। ਮੈਂ ਹੋਰ ਵੀ ਬੇਨਤੀ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਾਨਯੋਗ ਹੈਲਥ ਮਨਿਸਟਰ ਸਾਹਿਬ ਨੂੰ ਕਰਨੀ ਚਾਹੁੰਦਾ ਹਾਂ ਕਿ ਅੱਜ ਗਰੀਬ ਇਲਾਜ ਕਰਾਉਣ ਦੀ ਸਮਰੱਥਾ ਵਿਚ ਨਹੀਂ ਰਿਹਾ ਤੇ ਜਿਹੜੀਆਂ ਵੀ ਸੈਂਟਰ ਸਰਕਾਰ ਨੇ ਪਾਲਿਸੀਆਂ ਬਣਾਈਆਂ ਹਨ, ਉਨ੍ਹਾਂ ਪਾਲਿਸੀਆਂ ਵਿਚ ਗਰੀਬ ਕਿਤੇ ਫਿੱਟ ਨਹੀਂ ਹੁੰਦਾ । ਕਈ ਵਾਰ ਪੈਸੇ ਮਿਲਦੇ ਹਨ ਤਾਂ ਕਹਿੰਦੇ ਹਨ ਕਿ ਜਿਹੜੇ ਸੈਂਟਰ ਸਰਕਾਰ ਨੇ ਕਾਰਡ ਬਣਾਏ ਹਨ ਉਹ ਕਾਰਡ ਵਿਖਾਓ, ਜਦੋਂ ਗਰੀਬ ਕੋਲ ਕਾਰਡ ਨਹੀਂ ਤਾਂ ਉਹ ਉਸ ਸਹੂਲਤ ਦਾ ਫਾਇਦਾ ਨਹੀਂ ਲੈ ਸਕਦਾ । ਮੈਂ ਡਿਪਟੀ ਸਪੀਕਰ ਸਾਹਿਬ, ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਤੁਹਾਡੇ ਰਾਹੀਂ ਸਮੁੱਚੇ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਆਓ ਗਰੀਬ ਤੇ ਪੱਛੜੇ ਵਰਗ ਦੇ ਜਿਹੜੇ ਸਾਡੇ ਸਾਥੀ ਹਨ, ਉਨ੍ਹਾਂ ਨੂੰ ਆਪਣੇ ਨਾਲ ਚਲਦਾ ਰੱਖਣ ਲਈ ਸਮੁੱਚਾ ਹਾਊਸ, ਆਪਾਂ ਸੈਂਟਰ ਸਰਕਾਰ ਨੂੰ ਇਹ ਗੱਲ

ਆਖੀਏ ਕਿ ਆਪਣੀਆਂ ਪਾਲਿਸੀਆਂ ਵਿਚ ਚੇਂਜ ਲਿਆਓ । ਡਿਪਟੀ ਸਪੀਕਰ ਸਾਹਿਬ, ਲੰਮਾ ਸਮਾਂ ਹੋ ਗਿਆ ਹੈ ਕਿ ਜਿਹੜਾ ਪੰਜਾਬ ਕੋਲ ਇਕ ਅਖਤਿਆਰ ਸੀ ਕਿ ਆਪਾਂ ਦਰਿਆਵਾਂ ਦਾ ਰੇਤਾ ਵੇਚਦੇ ਸੀ ਉਸ ਵਿਚ ਵੀ ਸੈਂਟਰ ਸਰਕਾਰ ਨੇ ਇਕ ਅਜਿਹਾ ਡੰਡਾ ਅੜਾਇਆ ਹੈ ਕਿ ਮੈਂ ਸਮਝਦਾ ਹਾਂ ਕਿ ਜਿਹੜਾ ਰੇਤਾ ਹੈ, ਉਸ ਦੀਆਂ ਕੀਮਤਾਂ ਵਿੱਚ ਵਾਧੇ ਬਾਰੇ ਵੱਡੇ ਬੰਦੇ ਨੂੰ ਕੋਈ ਅਸਰ ਨਹੀਂ ਪੈਂਦਾ । ਜਿਸ ਨੇ ਦੋ ਕਰੋੜ ਰੁਪਏ ਦੀ ਕੋਠੀ ਬਣਾਉਣੀ ਹੋਵੇ, ਉਸ ਨੂੰ ਕੋਈ ਫਰਕ ਨਹੀਂ ਹੈ । ਪਰ ਜਿਹੜੇ ਗਰੀਬ ਹਨ, ਘਰ ਵਾਲੀ ਦੇ ਜੇਵਰ ਵੇਚ ਕੇ ਇਕ ਕਮਰਾ ਤੇ ਰਸੋਈ ਬਣਾਉਣੀ ਹੈ, ਉਹ ਧਾਹਾਂ ਮਾਰਦਾ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜੀ ਪਾਲਿਸੀ ਸੈਂਟਰ ਸਰਕਾਰ ਦੀ ਹੈ ਜੇ ਆਪਣਾ ਸਾਰੇ ਦਾ ਸਾਰਾ ਸਮੁੱਚਾ ਹਾਊਸ ਸੈਂਟਰ ਸਰਕਾਰ ਨੂੰ ਲਿਖ ਕੇ ਭੇਜੇ, ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਹਮੇਸ਼ਾ ਗਰੀਬ ਦੀ ਗੱਲ ਕੀਤੀ ਹੈ ਤੇ ਆਓ ਇਕ ਵਾਰੀ ਫਿਰ ਰਲ ਕੇ ਪੱਛੜੀਆਂ ਸ਼੍ਰੇਣੀਆਂ ਲਈ ਗਰੀਬ ਦੇ ਚੁੱਲੇ ਨੂੰ ਤਪਦਾ ਰੱਖਣ ਲਈ ਇੱਕ ਵਾਰ ਫਿਰ ਸੈਂਟਰ ਸਰਕਾਰ ਕੋਲ ਗੱਲ ਕਰੀਏ। ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਕਿ ਜਦੋਂ ਵੀ ਉਨ੍ਹਾਂ ਤੋਂ ਕੁਝ ਮੰਗਿਆ ਹੈ, ਯੁੱਧ ਕਰਕੇ ਮੰਗਿਆ ਹੈ । ਉਨ੍ਹਾਂ ਨੇ ਬਿਨਾਂ ਯੁੱਧ ਤੋਂ ਕਦੇ ਕੁਝ ਨਹੀਂ ਦਿੱਤਾ । ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇ ਉਨ੍ਹਾਂ ਨਾਲ ਗਰੀਬ ਲਈ ਯੁੱਧ ਵੀ ਕਰਨਾ ਪਵੇ ਤਾਂ ਵੀ ਆਪਾਂ ਨੂੰ ਤਿਆਰ ਰਹਿਣਾ ਚਾਹੀਦਾ ਹੈ ਅਤੇ ਗਰੀਬ ਨੂੰ ਚਲਦਾ ਰੱਖਣ ਲਈ ਉਸ ਦੀ ਬਾਂਹ ਫੜੀਏ ਅਤੇ ਇਸ ਮਤੇ ਨੂੰ ਆਪਾਂ ਸੈਂਟਰ ਸਰਕਾਰ ਕੋਲ ਪੂਰੇ ਜ਼ੋਰ ਨਾਲ ਉਠਾਈਏ । ਤੁਹਾਡਾ ਬਹੁਤ-ਬਹੁਤ ਧੰਨਵਾਦ ।

*2.15 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ)** : ਸਪੀਕਰ ਸਾਹਿਬ, ਮੈਂ ਤੁਹਾਨੂੰ ਗੁਜਾਰਿਸ਼ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਮੈਂ ਸਵੇਰੇ ਵੀ ਬੇਨਤੀ ਕੀਤੀ ਸੀ ਕਿ ਹਾਊਸ ਦੇ ਜੋ ਸੈਂਟੀਮੈਂਟਸ ਹਨ ਉਹ ਤੁਹਾਨੂੰ ਕਨਵੇਅ ਕੀਤੇ ਗਏ ਹਨ । ਜੋ ਤੁਸੀਂ ਇੱਕ ਦਿਨ ਵਾਸਤੇ ਮੈਂਬਰਜ਼ ਸਸਪੈਂਡ ਕੀਤੇ ਹਨ, ਇਸ ਨਾਲ ਹਾਊਸ ਦੀ ਗਰਿਮਾ ਪੂਰੀ ਤਰ੍ਹਾਂ ਮੇਨਟੇਨ ਨਹੀਂ ਹੋਈ । ਸਾਰਿਆਂ ਦਾ ਮਤ ਇਹ ਹੈ ਕਿ ਉਨ੍ਹਾਂ ਨੂੰ ਕੁੱਲ ਸੈਸ਼ਨ ਦੇ ਜਿੰਨੇ ਦਿਨ ਹਨ, ਉਸ ਵਾਸਤੇ ਸਸਪੈਂਡ ਕੀਤਾ ਜਾਵੇ । ਜੇ ਰੂਲ 97 ਇਸ ਵਿੱਚ ਰੁਕਾਵਟ ਪੈਦਾ ਕਰਦਾ ਹੈ ਤਾਂ ਮੈਂ ਤੁਹਾਡੀ ਇਜਾਜ਼ਤ ਨਾਲ ਮੂਵ ਕਰਦਾ ਹਾਂ ।

## MOTION REGARDING SUSPENSION OF NINE MEMBERS OF THE OPPOSITION PARTY FROM THE SERVICES OF THE HOUSE FOR THE REMAINING PERIOD OF THE SESSION

**Parliamentary Affairs Minister (Mr. Madan Mohan Mittal) :** Sir, I beg to move -

> "That if Rule 97 or any other rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the motion to be moved by him regarding suspension of the nine Members of the Opposition Party for the remaining period of the Session, that rule/those rules will stand suspended to that extent."

ਰੂਲ ਸਸਪੈਂਡ ਕਰਕੇ ਅੱਗੇ ਵੀ ਅਸੀਂ ਕਿੰਨੀ ਵਾਰ ਬਾਕੀ ਪ੍ਰੋਸੀਡਿੰਗਜ਼ ਕਰਦੇ ਹਾਂ ਕਿ ਰੂਲ ਸਸਪੈਂਡ ਕੀਤਾ ਜਾਵੇ। ਰੂਲ ਸਸਪੈਂਡ ਕਰਨ ਤੋਂ ਬਾਅਦ ਮੈਂ ਪ੍ਰਸਤਾਵ ਕਰ ਦਿੰਦਾ ਹਾਂ ਕਿ ਇਨ੍ਹਾਂ ਨੌਂ ਮੈਂਬਰਾਂ ਨੂੰ ਸਮਾਗਮ ਦੇ ਬਾਕੀ ਰਹਿੰਦੇ ਸਮੇਂ ਲਈ ਸਦਨ ਦੀਆਂ ਸੇਵਾਵਾਂ ਤੋਂ ਸਸਪੈਂਡ ਕੀਤਾ ਜਾਵੇ। ਮੈਂ ਇਨ੍ਹਾਂ ਦੇ ਨਾਂ ਪੜ੍ਹ ਕੇ ਬੋਲ ਦਿੰਦਾ ਹਾਂ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

> "ਕਿ ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਾਮਵਲੀ ਦਾ ਨਿਯਮ 97 ਜਾਂ ਹੋਰ ਕੋਈ ਰੂਲ/ਰੂਲਜ਼ ਜੋ ਉਨ੍ਹਾਂ ਵੱਲੋਂ ਵਿਰੋਧੀ ਧਿਰ ਦੇ ਨੌਂ ਮੈਂਬਰਜ਼ ਨੂੰ ਸਮਾਗਮ ਦੇ ਬਾਕੀ ਰਹਿੰਦੇ ਸਮੇਂ ਲਈ ਸਦਨ ਦੀਆਂ ਸੇਵਾਵਾਂ ਤੋਂ ਮੁਅੱਤਲ ਕਰਨ ਸਬੰਧੀ ਪੇਸ਼ ਕੀਤੇ ਜਾਣ ਵਾਲੇ ਪ੍ਰਸਤਾਵ ਨਾਲ ਅਸੰਗਤ ਹੋਵੇ ਜਾਂ ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> "ਕਿ ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਾਮਵਲੀ ਦਾ ਨਿਯਮ 97 ਜਾਂ ਹੋਰ ਕੋਈ ਰੂਲ/ਰੂਲਜ਼ ਜੋ ਉਨ੍ਹਾਂ ਵੱਲੋਂ ਵਿਰੋਧੀ ਧਿਰ ਦੇ ਨੌਂ ਮੈਂਬਰਜ਼ ਨੂੰ ਸਮਾਗਮ ਦੇ ਬਾਕੀ ਰਹਿੰਦੇ ਸਮੇਂ ਲਈ ਸਦਨ ਦੀਆਂ ਸੇਵਾਵਾਂ ਤੋਂ ਮੁਅੱਤਲ ਕਰਨ ਸਬੰਧੀ ਪੇਸ਼ ਕੀਤੇ ਜਾਣ ਵਾਲੇ ਪ੍ਰਸਤਾਵ ਨਾਲ ਅਸੰਗਤ ਹੋਵੇ ਜਾਂ ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ

ਰਹੇਗਾ/ਰਹਿਣਗੇ।"

ਜੇਕਰ ਹਾਊਸ ਦੀ ਮਰਜ਼ੀ ਹੋਵੇ ਤਾਂ ਰੂਲਜ਼ ਨੂੰ ਸਸਪੈਂਡ ਕਰਕੇ ਇਸ ਮੈਟਰ ਨੂੰ ਟੇਕਅੱਪ ਕੀਤਾ ਜਾਵੇ।

(ਅਵਾਜ਼ਾਂ : ਹਾਂ ਜੀ, ਹਾਂ ਜੀ)

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹਾਂ ਜੀ, ਮਿੱਤਲ ਜੀ।

**Parliamentary Affairs Minister (Mr. Madan Mohan Mittal) :** Sir, I beg to move-

> "That Members Sarvshri Jagmohan Singh Kang, Charanjit Singh Channi, Amrinder Singh Raja Warring, Hardial Singh Kamboj, Rana Gurjit Singh, Sukhjinder Singh Randhawa, Parminder Singh Pinki, Balbir Singh Sidhu and Kuljit Singh Nagra, belonging to the Congress Legislature Party, who were present in the House and who have deliberately obstructed the proceedings of the House against the repeated orders of the Chair and have thereby committed contempt of the House, be suspended from the services of the House for the remaining period of the Session."

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

> "ਕਿ ਸਦਨ ਦੇ ਕਾਂਗਰਸ ਵਿਧਾਨਕਾਰ ਪਾਰਟੀ ਨਾਲ ਸਬੰਧਤ ਮੈਂਬਰਜ਼ ਸਰਵਸ਼੍ਰੀ ਜਗਮੋਹਨ ਸਿੰਘ ਕੰਗ, ਚਰਨਜੀਤ ਸਿੰਘ ਚੰਨੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਹਰਦਿਆਲ ਸਿੰਘ ਕੰਬੋਜ, ਰਾਣਾ ਗੁਰਜੀਤ ਸਿੰਘ, ਸੁਖਜਿੰਦਰ ਸਿੰਘ ਰੰਧਾਵਾ, ਪਰਮਿੰਦਰ ਸਿੰਘ ਪਿੰਕੀ, ਬਲਬੀਰ ਸਿੰਘ ਸਿੱਧੂ ਅਤੇ ਕੁਲਜੀਤ ਸਿੰਘ ਨਾਗਰਾ, ਜਿਹੜੇ ਕਿ ਸਦਨ ਵਿੱਚ ਹਾਜ਼ਰ ਸਨ, ਜਿਨ੍ਹਾਂ ਨੇ ਕਿ ਚੇਅਰ ਦੁਆਰਾ ਬਾਰ-ਬਾਰ ਹੁਕਮ ਕਰਨ ਦੇ ਬਾਵਜੂਦ ਵੀ ਜਾਣ ਬੁੱਝ ਕੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਇਆ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਸਦਨ ਦੀ ਮਰਿਆਦਾ ਨੂੰ ਭੰਗ ਕੀਤਾ ਹੈ, ਨੂੰ ਸਮਾਗਮ ਦੇ ਬਾਕੀ ਰਹਿੰਦੇ ਸਮੇਂ ਲਈ ਸਦਨ ਦੀਆਂ ਸੇਵਾਵਾਂ ਤੋਂ ਮੁਅੱਤਲ ਕੀਤਾ ਜਾਵੇ।"

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

[ਮਾਨਯੋਗ ਸਪੀਕਰ]

"ਕਿ ਸਦਨ ਦੇ ਕਾਂਗਰਸ ਵਿਧਾਨਕਾਰ ਪਾਰਟੀ ਨਾਲ ਸਬੰਧਤ ਮੈਂਬਰਜ਼ ਸਰਵਸ਼੍ਰੀ ਜਗਮੋਹਨ ਸਿੰਘ ਕੰਗ, ਚਰਨਜੀਤ ਸਿੰਘ ਚੰਨੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਹਰਦਿਆਲ ਸਿੰਘ ਕੰਬੋਜ, ਰਾਣਾ ਗੁਰਜੀਤ ਸਿੰਘ, ਸੁਖਜਿੰਦਰ ਸਿੰਘ ਰੰਧਾਵਾ, ਪਰਮਿੰਦਰ ਸਿੰਘ ਪਿੰਕੀ, ਬਲਬੀਰ ਸਿੰਘ ਸਿੱਧੂ ਅਤੇ ਕੁਲਜੀਤ ਸਿੰਘ ਨਾਗਰਾ, ਜਿਹੜੇ ਕਿ ਸਦਨ ਵਿੱਚ ਹਾਜ਼ਰ ਸਨ, ਜਿਨ੍ਹਾਂ ਨੇ ਕਿ ਚੇਅਰ ਦੁਆਰਾ ਬਾਰ-ਬਾਰ ਹੁਕਮ ਕਰਨ ਦੇ ਬਾਵਜੂਦ ਵੀ ਜਾਣ ਬੁੱਝ ਕੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਇਆ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਸਦਨ ਦੀ ਮਰਿਆਦਾ ਨੂੰ ਭੰਗ ਕੀਤਾ ਹੈ, ਨੂੰ ਸਮਾਗਮ ਦੇ ਬਾਕੀ ਰਹਿੰਦੇ ਸਮੇਂ ਲਈ ਸਦਨ ਦੀਆਂ ਸੇਵਾਵਾਂ ਤੋਂ ਮੁਅੱਤਲ ਕੀਤਾ ਜਾਵੇ।"

ਹਾਊਸ ਦੀ ਪਰਮਿਸ਼ਨ ਲੈਣ ਲਈ ਜ਼ਰੂਰੀ ਹੈ ਕਿ ਮੈਂਬਰਾਂ ਦੀ ਗਿਣਤੀ ਅਨੁਸਾਰ ਜਿਹੜੇ ਮੈਂਬਰ ਇਸ ਪ੍ਰਸਤਾਵ ਦੇ ਹੱਕ ਵਿੱਚ ਹਨ, ਉਹ ਖੜ੍ਹੇ ਹੋ ਜਾਣ।

(ਇਸ ਸਮੇਂ ਸਦਨ ਵਿੱਚ ਹਾਜ਼ਰ ਟਰੈਜ਼ਰੀ ਬੈਂਚਿਜ਼ ਦੇ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਨੇ ਖੜ੍ਹੇ ਹੋ ਕੇ ਆਪਣੀ ਸਹਿਮਤੀ ਪ੍ਰਗਟਾਈ।)

**Mr. Speaker :** Sit down, please.

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਇਨ੍ਹਾਂ ਮੈਂਬਰਾਂ ਨੂੰ, ਜਿਨ੍ਹਾਂ ਮੈਂਬਰਾਂ ਦੇ ਨਾਮ ਪਾਰਲੀਮੈਂਟਰੀ ਅਫ਼ੇਅਰਜ਼ ਮਨਿਸਟਰ ਲਏ ਹਨ, ਉਨ੍ਹਾਂ ਨੂੰ ਇਸ ਸੈਸ਼ਨ ਦੇ ਸਾਰੇ ਸਮੇਂ ਲਈ ਸਸਪੈਂਡ ਕੀਤਾ ਜਾਂਦਾ ਹੈ।

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੱਲ੍ਹ ਇਕ ਵਾਚ ਐਂਡ ਵਾਰਡ ਦੇ ਮੈਂਬਰ ਨੂੰ ਬੁਰੀ ਤਰ੍ਹਾਂ ਨਾਲ ਮੈਨਹੈਂਡਲ ਕੀਤਾ ਗਿਆ, ਮਾਰਿਆ ਗਿਆ, ਉਸ ਦਾ ਆਈਡੈਂਟੀ ਕਾਰਡ ਖੋਹ ਲਿਆ ਗਿਆ। ਉਸ ਵਾਸਤੇ ਹਾਊਸ ਵਿੱਚ ਬੜੀ ਚਿੰਤਾ ਹੈ ਕਿ ਉਸ ਵਾਸਤੇ ਕੋਈ ਕਾਰਵਾਈ ਨਹੀਂ ਹੋਈ। ਇਸ ਬਾਰੇ ਸਦਨ ਨੂੰ ਦੱਸਿਆ ਜਾਵੇ ਕਿ ਇਸ ਵਾਸਤੇ ਕੋਈ ਕਾਰਵਾਈ ਹੋਈ ਹੈ ਜਾਂ ਨਹੀਂ।

**ਮਾਨਯੋਗ ਸਪੀਕਰ** : ਮੈਂ ਤੁਹਾਡੀ ਗੱਲ ਸਮਝ ਗਿਆ ਹਾਂ। ਉਸ ਸਬੰਧ ਵਿੱਚ ਮੈਂ ਬੇਨਤੀ ਕਰ ਦੇਣਾ ਚਾਹੁੰਦਾ ਹਾਂ ਕਿ ਕੱਲ੍ਹ ਜਿਹੜਾ ਜੈਪਾਲ ਸਿੰਘ, ਹੌਲਦਾਰ ਨੂੰ ਬੜੇ ਬੁਰੇ

ਤਰੀਕੇ ਨਾਲ, ਫੋਟੋਆਂ ਵਿੱਚ ਮੈਂ ਵੀ ਦੇਖਿਆ ਹੈ, ਤੁਸੀਂ ਸਾਰਿਆਂ ਨੇ ਦੇਖਿਆ ਹੈ, ਸਾਰੇ ਜਗਤ ਨੇ ਦੇਖਿਆ ਹੈ, ਬੜੀ ਮਾੜੀ ਗੱਲ ਹੈ ਕਿ ਉਸ ਨੂੰ ਮਾਰਿਆ ਗਿਆ ਹੈ। ਕੱਲ੍ਹ ਮੇਰੇ ਵੱਲੋਂ ਕੰਪਲੇਂਟ ਜਿਹੜੀ ਸੀ, ਅੱਗੇ ਵੀ ਤੁਹਾਡੇ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਇਹ ਮੰਗ ਆਈ ਸੀ ਕਿ ਉਸ ਦੇ ਬਾਰੇ ਤੁਸੀਂ ਕੀ ਐਕਸ਼ਨ ਲੈ ਰਹੇ ਹੋ। ਜਿੰਨੀ ਦੇਰ ਤੱਕ ਉਸ ਦਾ ਰਿਜਲਟ ਨਹੀਂ ਸੀ ਨਿਕਲਦਾ, ਮੈਂ ਹਾਊਸ ਦੇ ਆਨਰੇਬਲ ਮੈਂਬਰ ਕੋਲ ਇਹ ਡਿਸਕਲੋਜ ਨਹੀਂ ਸੀ ਕਰਨਾ ਚਾਹੁੰਦਾ ਕਿ ਉਸ ਦੇ ਬਾਰੇ ਕੀ ਐਕਸ਼ਨ ਲੈ ਰਹੇ ਹਾਂ। ਐਕਸ਼ਨ ਇਹ ਲਿਆ ਗਿਆ ਹੈ ਕਿ ਇੱਥੋਂ ਦੇ ਯੂ.ਟੀ.ਦੇ ਐਸ.ਐੱਚ.ਓ ਨੂੰ ਕੱਲ੍ਹ ਸ਼ਾਮ ਦੇ 7.30 ਵਜੇ ਕੰਪਲੇਂਟ ਭੇਜੀ ਗਈ ਸੀ। ਉਨ੍ਹਾਂ ਨੇ ਐਫ.ਆਈ.ਆਰ ਲਿਖਣ ਦੀ ਬਜਾਏ ਡੀ.ਡੀ. ਆਰ. ਲਿਖ ਦਿੱਤੀ। ਹੁਣ ਸਬੰਧਤ ਅਫਸਰ ਨੇ ਮੈਨੂੰ ਇਨਫਾਰਮ ਕੀਤਾ ਹੈ ਤੇ ਦੱਸਿਆ ਹੈ ਕਿ ਅਸੀਂ ਉਨ੍ਹਾਂ ਮੈਂਬਰਾਂ ਦੇ ਖਿਲਾਫ, ਜਿਨ੍ਹਾਂ ਨੇ ਉਸ ਸ਼ਡਿਊਲਡ ਕਾਸਟ ਗਾਰਡ/ਹੌਲਦਾਰ, ਜਿਹੜਾ ਵਾਚ ਐਂਡ ਵਾਰਡ ਸਟਾਫ ਦਾ ਸਕਿਓਰਟੀ ਗਾਰਡ ਹੈ, ਉਸ ਨੂੰ ਬੜੀ ਬੁਰੀ ਤਰ੍ਹਾਂ ਮਾਰਿਆ ਹੈ, ਉਨ੍ਹਾਂ ਮੈਂਬਰਾਂ ਦੇ ਖਿਲਾਫ ਉਹ ਐਫ.ਆਈ.ਆਰ. ਦਰਜ ਕਰ ਰਹੇ ਹਨ। ਹੁਣ ਤੱਕ ਦੀ ਕਾਰਵਾਈ ਇਹ ਹੈ।

**ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ਜਦੋਂ ਕੋਈ ਹਾਦਸਾ ਇੱਥੇ ਵਾਪਰਦਾ ਹੈ, ਇਹ ਗੱਲ ਕਹਿ ਦਿੱਤੀ ਜਾਂਦੀ ਹੈ ਕਿ ਜੀ ਠਾਣੇਦਾਰ ਨੇ ਆਪਣੀ ਕਾਰਵਾਈ ਠੀਕ ਕੀਤੀ ਜਾਂ ਨਾ ਕੀਤੀ। ਅਗਰ ਜੇ ਨਹੀਂ ਕੀਤੀ ਤਾਂ ਐਕਸ਼ਨ ਲਿਆ ਜਾਵੇਗਾ। ਮੇਰੀ ਬੇਨਤੀ ਇਹ ਹੈ ਕਿ ਅੱਜ ਇੱਥੇ ਕੋਈ ਠਾਣੇਦਾਰ ਨਹੀਂ, ਇਹ ਵਿਧਾਨ ਸਭਾ ਹੈ। ਇਹ ਸਭ ਕੁਝ ਵਿਧਾਨ ਸਭਾ ਦੇ ਅੰਦਰ ਹੋਇਆ ਹੈ। You are the custodian of the House. We as Members are representing the whole of Punjab. Sir, I beg you again and again, ਮੈਂ ਵਾਰ-ਵਾਰ ਬੇਨਤੀ ਕਰਦਾ ਹਾਂ ਕਿ ਇਹੋ ਜਿਹੀ ਕਾਰਵਾਈ ਹੋਣੀ ਚਾਹੀਦੀ ਹੈ ਕਿ ਜਿਸ ਦੇ ਨਾਲ ਇਕ ਦਲਿਤ ਭਰਾ ਦੀਆਂ ਭਾਵਨਾਵਾਂ ਨੂੰ ਜੋ ਠੇਸ ਪਹੁੰਚੀ ਹੈ ਜਾਂ ਇੱਕ ਸਰਕਾਰੀ ਮੁਲਾਜ਼ਮ, ਜਿਸ ਨੂੰ ਜਨਾਬ ਨੇ ਕੋਈ ਜ਼ਿੰਮੇਵਾਰੀ ਦਿੱਤੀ ਸੀ, ਉਸਨੂੰ ਜ਼ਿੰਮੇਵਾਰੀ ਨਿਭਾਉਣ ਤੋਂ ਰੋਕਿਆ ਗਿਆ ਹੈ। ਇਸ ਲਈ ਉਨ੍ਹਾਂ ਮੈਂਬਰਾਂ ਦੇ ਖਿਲਾਫ ਕਾਨੂੰਨ ਦੇ ਮੁਤਾਬਕ ਬਣਦੀ ਪੂਰੀ ਪੁਰਜ਼ੋਰ ਕਾਰਵਾਈ ਹੋਵੇ। ਅਸੀਂ ਲੋਕਾਂ ਅੱਗੇ ਜਵਾਬਦੇਹ ਹਾਂ। ਲੋਕਾਂ ਨੇ ਪੁੱਛਣਾ ਹੈ ਕਿ ਉਂਝ ਤਾਂ ਤੁਸੀਂ ਕਹਿ ਦਿੰਦੇ ਹੋ ਕਿ ਕਿਸੇ ਥਾਣੇਦਾਰ ਦੀ ਕੁਤਾਹੀ ਸੀ ਜਾਂ ਕਿਸੇ ਐਸ.ਐਸ.ਪੀ. ਦੀ ਕੁਤਾਹੀ ਸੀ, ਹੁਣ ball was in your Court. Did you take the right action ? ਮੇਰੀ ਇਹ ਬੇਨਤੀ ਹੈ ਕਿ Whether he is an M.L.A, whether he is a Prime Minister or a Chief Minister, law is one for one and all. ਇਸ ਲਈ ਬਣਦੀ ਪੂਰੀ ਕਾਰਵਾਈ ਹੋਵੇ ਤਾਂ ਕਿ ਵਾਚ ਐਂਡ ਵਾਰਡ ਦਾ ਉਹ ਮੁਲਾਜ਼ਮ ਅਤੇ ਜਿੰਨੇ

[ਮਾਲ ਤੇ ਮੁੜ ਵਸੇਬਾ ਮੰਤਰੀ]

ਵੀ ਇੱਥੇ ਬੈਠੇ ਹਨ, ਉਹ ਇਹ ਮਹਿਸੂਸ ਨਾ ਕਰਨ ਕਿ ਸਾਡੇ ਤਾਂ ਜਿਹੜਾ ਮਰਜ਼ੀ ਚਪੇੜ ਲਗਾ ਦੇਵੇਗਾ, ਜਿਹੜਾ ਮਰਜ਼ੀ ਜੁੰਡਿਆਂ ਤੋਂ ਖਿੱਚੀ ਫਿਰੇਗਾ ਜਾਂ ਜਿਹੜਾ ਮਰਜ਼ੀ ਸਾਡੀ ਜਾਤੀ ਦੇ ਖਿਲਾਫ ਗੱਲ ਕਰ ਜਾਵੇਗਾ, ਫਿਰ ਇੱਥੇ ਕੱਲ੍ਹ ਨੂੰ ਕਿਸੇ ਨੇ ਨਾ ਜ਼ਿੰਮੇਵਾਰੀ ਨਿਭਾਉਣੀ ਹੈ ਤੇ ਪੰਜਾਬ ਨੂੰ ਸ਼ਰਮਸਾਰ ਹੋਣਾ ਪੈਣਾ ਹੈ। ਇਸ ਲਈ ਸਪੀਕਰ ਸਾਹਿਬ, ਮੈਂ ਸਵੇਰੇ ਵੀ ਬੜੀ ਪੁਰਜ਼ੋਰ ਸਿਫਾਰਸ਼ ਕੀਤੀ ਸੀ ਅਤੇ ਹੁਣ ਵੀ ਇਹੀ ਬੇਨਤੀ ਕਰਦਾ ਹਾਂ ਕਿ ਸਖਤ ਤੋਂ ਸਖਤ ਕਾਨੂੰਨ ਦੇ ਹਿਸਾਬ ਨਾਲ ਜੋ ਬਣਦੀ ਕਾਰਵਾਈ ਹੈ, ਉਹ ਜ਼ਰੂਰ ਹੋਵੇ ਤਾਂ ਕਿ ਭਵਿੱਖ ਵਿੱਚ ਕੋਈ ਮੈਂਬਰ ਤਾਂ ਕੀ ਕੋਈ ਹੋਰ ਵੀ ਅਜਿਹੀ ਹਰਕਤ ਤੇ ਗਲਤੀ ਕਰਨ ਦੀ ਇੱਥੇ ਹਿੰਮਤ ਨਾ ਕਰੇ। ਨਹੀਂ ਤਾਂ ਕੀ ਕਹਾਂਗੇ ਕਿ ਵਿਧਾਨ ਸਭਾ ਵਿੱਚ ਕਾਇਦੇ-ਕਾਨੂੰਨ ਨਹੀਂ ਸਾਂਭੇ ਜਾਂਦੇ। ਸਪੀਕਰ ਸਾਹਿਬ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ future generations are watching us and be very clear and decisive in the action.

**ਮਾਨਯੋਗ ਸਪੀਕਰ :** ਇਸ ਮਸਲੇ ਸਬੰਧੀ ਉਨ੍ਹਾਂ ਦੇ ਹਾਈ ਆਫੀਸ਼ੀਅਲਜ ਆ ਕੇ ਮੇਰੇ ਨਾਲ ਗੱਲ ਕਰਕੇ ਗਏ ਹਨ। ਇਸ ਕਰਕੇ be sure ਜਿਹੜੀ ਵੀ ਕਾਨੂੰਨਨ ਕਾਰਵਾਈ ਹੋਵੇਗੀ, ਉਨ੍ਹਾਂ ਦੇ ਖਿਲਾਫ ਜੋ ਐਕਸ਼ਨ ਲੈਣਾ ਹੈ, ਉਹ ਕਾਰਵਾਈ ਜ਼ਰੂਰ ਹੋਵੇਗੀ।

**ਮਾਲ ਤੇ ਮੁੜ ਵਸੇਬਾ ਮੰਤਰੀ :** ਸਪੀਕਰ ਸਾਹਿਬ, ਮੈਂ ਵਾਰ-ਵਾਰ ਨਹੀਂ ਉਠਣਾ ਚਾਹੁੰਦਾ। ਕਿਉਂਕਿ ਅੱਧਾ ਕੁ ਜਵਾਬ ਆਉਂਦਾ ਹੈ, I am again a dissatisfied man.

**ਮਾਨਯੋਗ ਸਪੀਕਰ :** ਮੈਂ ਕਿਹਾ ਜੀ ਕਿ ਉਨ੍ਹਾਂ ਦੇ ਹਾਈ ਆਫੀਸ਼ੀਅਲਜ਼ ਨਾਲ ਗੱਲ ਹੋਈ ਹੈ......

**ਮਾਲ ਤੇ ਮੁੜ ਵਸੇਬਾ ਮੰਤਰੀ :** ਜਨਾਬ ਜਦੋਂ ਅਸੀਂ ਇੱਥੋਂ ਨਿਕਲਣਾ ਹੈ ਤਾਂ ਲੋਕਾਂ ਨੇ ਸਾਡੇ ਕੱਪੜੇ ਫਾੜ੍ਹਨ ਤੱਕ ਜਾਣਾ ਹੈ, ਅਗਰ ਇਨਸਾਫ ਨਾ ਹੋਇਆ। Will you ensure, Sir, and you will monitor, Sir, that justice will be delivered according to law ?

**Mr. Speaker :** I assure that legal action will be taken.

**Revenue and Rehabilitation Minister :** So, will you monitor it also, Sir ?

**Mr. Speaker :** Yes, I am following up. (Interruption)., ਮੈਂ ਕਿਹਾ ਜੀ ਕਿ ਮੈਂ ਆਪ ਫਾਲੋ ਕਰ ਰਿਹਾ ਹਾਂ। ਤੁਹਾਨੂੰ ਬੇਫਿਕਰ ਰਹਿਣਾ ਚਾਹੀਦਾ ਹੈ। ਤੁਹਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਹਾਈ ਆਫੀਸ਼ੀਅਲ ਆ ਕੇ ਇਸ ਗੱਲ ਦਾ ਯਕੀਨ ਦਿਵਾ ਕੇ ਗਏ ਹਨ ਕਿ ਅਸੀਂ ਐਫ.ਆਈ.ਆਰ. ਲਿਖ ਰਹੇ ਹਾਂ ਔਰ ਐਕਸ਼ਨ ਪੂਰਾ ਹੋਵੇਗਾ।

**ਮੁੱਖ ਸੰਸਦੀ ਸਕੱਤਰ, ਸਿੰਚਾਈ (ਸਰਦਾਰ ਸੋਹਣ ਸਿੰਘ ਠੰਡਲ) :** ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਇਸ ਸਦਨ ਵਿੱਚ ਜੋ ਐਸ.ਸੀ.ਐਮ.ਐਲ.ਏ. ਹਨ, ਭਾਵੇਂ ਉਹ ਅਕਾਲੀ ਦਲ ਦੇ ਹਨ ਭਾਵੇਂ ਬੀ.ਜੇ.ਪੀ. ਦੇ ਹਨ। ਅਸੀ ਲਿਖਤੀ ਤੌਰ ਤੇ ਵੀ ਤੁਹਾਨੂੰ ਦੇਣਾ ਚਾਹੁੰਦੇ ਹਾਂ ਅਤੇ ਤੁਸੀਂ ਇਹ ਮਾਮਲਾ ਪ੍ਰੀਵਿਲੇਜ ਕਮੇਟੀ ਨੂੰ ਵੀ ਦੇ ਦਿਉ। ਇਹ ਮੰਦਭਾਗੀ ਘਟਨਾ ਹੋਈ ਹੈ। ਇਹ ਇੱਕਲੇ ਬੰਦੇ ਦੀ ਗੱਲ ਨਹੀਂ। ਜਾਤੀਸੂਚਕ ਗੱਲਾਂ ਕਹਿਣੀਆਂ ਕੋਈ ਚੰਗੀ ਗੱਲ ਨਹੀਂ।

**ਮਾਨਯੋਗ ਸਪੀਕਰ :** ਤੁਸੀਂ ਲਿਖ ਕੇ ਦੇ ਦਿਉ।

**ਮੁੱਖ ਸੰਸਦੀ ਸਕੱਤਰ, ਸਿੰਚਾਈ :** ਤੁਸੀਂ ਪ੍ਰਿਵੀਲੇਜ ਕਮੇਟੀ ਨੂੰ .....(ਵਿਘਨ).....

**ਮਾਨਯੋਗ ਸਪੀਕਰ :** ਤੁਸੀਂ ਲਿਖ ਕੇ ਦੇ ਦਿਉ।

**ਮੁੱਖ ਸੰਸਦੀ ਸਕੱਤਰ, ਸਿੰਚਾਈ :** ਕੋਈ ਕਾਰਵਾਈ ਤਾਂ ਹੋਵੇ ।

**Mr. Speaker :** That I will see.

**ਮੁੱਖ ਸੰਸਦੀ ਸਕੱਤਰ, ਸਿੰਚਾਈ :** ਸਪੀਕਰ ਸਾਹਿਬ, ਧੰਨਵਾਦ।

-----

**RESOLUTION REGARDING RECOMMENDATION TO THE STATE GOVERNMENT TO TAKE UP THE MATTER WITH THE CENTRE GOVERNMENT TO FORMULATE CENTRAL SCHEMES FOR CARRYING OUT DEVELOPMENT OF BACKWARD CLASSES OF THE STATES KEEPING IN VIEW THE FINANCIAL, GEOGRAPHICAL AND THE ENVIRONMENTAL CONDITIONS OF THE VARIOUS STATES. (*Resumption)***

**ਮਾਨਯੋਗ ਸਪੀਕਰ** : ਨੈਕਸਟ, ਕੋਈ ਹੋਰ ਬੋਲਣ ਵਾਲਾ ਹੈ ? ਪੰਜ ਮਿੰਟ ਹੋਰ ਹਨ।

**ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ)** : ਸਪੀਕਰ ਸਾਹਿਬ, ਮੈਂ ਇਕ ਬੇਨਤੀ ਹੋਰ ਕਰਨੀ ਹੈ।

**ਮਾਨਯੋਗ ਸਪੀਕਰ** : ਇਸ ਵਿਸ਼ੇ ਤੇ ਕਰਨੀ ਹੈ ਜਾਂ ਕੁਝ ਹੋਰ ਕਹਿਣਾ ਹੈ।

**ਮਾਲ ਤੇ ਮੁੜ ਵਸੇਬਾ ਮੰਤਰੀ** : (ਹੱਥ ਵਿੱਚ ਕਿਤਾਬਾਂ ਫੜ੍ਹ ਕੇ ਬੋਲਦੇ ਹੋਏ) ਸਪੀਕਰ ਸਾਹਿਬ, ਵਿਧਾਨ ਸਭਾ ਨੂੰ ਪੇਪਰ ਲੈਸ ਬਣਾ ਦਿਉ, ਕੱਲ੍ਹ ਜਨਾਬ ਤੇ ਇਹੀ ਕਾਪੀਆਂ ਸੁੱਟੀਆਂ ਗਈਆਂ ਸਨ। ਤੁਸੀਂ ਪਹਿਲਾਂ ਇੰਨਾ ਖਰਚਾ ਕਰਦੇ ਹੋ ਇਨ੍ਹਾਂ ਨੂੰ ਛਾਪਣ ਦਾ, ਸਰਕਾਰੀ ਪੈਸੇ ਦੀ ਵੇਸਟੇਜ ਹੁੰਦੀ ਹੈ। ਫਿਰ ਆਪੋਜ਼ੀਸ਼ਨ ਵਾਲੇ ਇਨ੍ਹਾਂ ਨੂੰ ਜਨਾਬ ਨੂੰ ਸੱਟਾਂ ਮਾਰਨ ਵਾਸਤੇ ਇਸਤੇਮਾਲ ਕਰਦੇ ਹਨ, ਜ਼ੋਰ ਲਾਉਂਦੇ ਹਨ। ਜੇ ਜਨਾਬ ਨੂੰ ਸੱਟ ਲੱਗ ਗਈ ਫਿਰ ਅਪਰੇਸ਼ਨ ਤੇ ਖਰਚ ਹੋ ਜਾਣਾ ਹੈ। ਇਸ ਲਈ ਜਨਾਬ ਇਸ ਨੂੰ ਪੇਪਰ ਲੈਸ ਬਣਾਓ ਤਾਂ ਜੋ ਅੱਗੇ ਵਾਸਤੇ ਇਹੋ ਜਿਹੀ ਸਥਿਤੀ ਨਾ ਪੈਦਾ ਹੋਵੇ। ....(ਹਾਸਾ)....

**ਮਾਨਯੋਗ ਸਪੀਕਰ** : ਹਾਂ ਜੀ, ਕੋਈ ਹੋਰ ਬੋਲਣ ਵਾਲਾ ਹੈ, ਹਾਂ ਜੀ ਚੀਮਾ ਸਾਹਿਬ।

**ਡਾਕਟਰ ਦਲਜੀਤ ਸਿੰਘ ਚੀਮਾ (ਰੂਪਨਗਰ)** : ਸਪੀਕਰ ਸਾਹਿਬ, ਥੋੜ੍ਹੀ ਜਿਹੀ ਆਗਿਆ ਦੇ ਦਿਉ ਅਤੇ ਥੋੜ੍ਹਾ ਜਿਹਾ ਸਮਾਂ ਵਧਾ ਦਿਉ ਕਿਉਂਕਿ ਮੁੱਦਾ ਬੜਾ ਅਹਿਮ ਹੈ। ਜੇ ਸ਼ੁਰੂ ਕਰਾਂਗੇ ਤਾਂ ਥੋੜ੍ਹਾ ਜਿਹਾ ਸਮਾਂ ਵਧਾ ਦਿਉ।

**ਮਾਨਯੋਗ ਸਪੀਕਰ** : ਢਾਈ ਵਜੇ ਤੱਕ ਤਾਂ ਹੈ, ਤੁਸੀਂ ਲਾ ਲਉ ਟਾਈਮ, ਫਿਰ ਵਧਾ ਲਵਾਂਗੇ।

**ਡਾਕਟਰ ਦਲਜੀਤ ਸਿੰਘ ਚੀਮਾ** : ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ। ਜਿਹੜਾ ਕੇਂਦਰੀ ਸਕੀਮਾਂ ਦਾ ਮੁੱਦਾ ਸਾਡੇ ਮਾਨਯੋਗ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਜੀ ਨੇ ਲਿਆਂਦਾ ਹੈ, ਇਹ ਬਹੁਤ ਹੀ ਅਹਿਮ ਮੁੱਦਾ ਹੈ । ਬਹੁਤ ਲੰਬੇ ਸਮੇਂ ਤੋਂ ਸਾਰੇ ਦੇਸ਼ ਵਿਚ ਇਹ ਬਹਿਸ ਚੱਲ ਰਹੀ ਹੈ ਅਤੇ ਦਹਾਕਿਆਂ ਤੋਂ ਵੱਖ-ਵੱਖ ਸੂਬਾ ਸਰਕਾਰਾਂ ਵੱਲੋਂ ਬਹੁਤ ਵੱਡੀ ਮੰਗ ਵੀ ਕੀਤੀ ਜਾਂਦੀ ਹੈ ਕਿ ਜਿਹੜੀਆਂ ਕੇਂਦਰੀ ਸਕੀਮਾਂ ਕੇਂਦਰ ਵੱਲੋਂ ਬਣਾ ਕੇ ਸੂਬਿਆਂ ਤੇ ਠੋਸੀਆਂ ਜਾਂਦੀਆਂ ਹਨ, ਉਸ ਨਾਲ ਦੇਸ਼ ਦਾ ਬਹੁਤ ਵੱਡਾ ਆਰਥਿਕ ਨੁਕਸਾਨ ਹੁੰਦਾ ਹੈ ਕਿਉਂਕਿ ਪੈਸਾ ਜਿਸ ਮਕਸਦ ਨਾਲ ਭੇਜਿਆ ਜਾਂਦਾ ਹੈ, ਉਹ ਮਕਸਦ ਪੂਰਾ ਨਹੀਂ ਹੁੰਦਾ । ਜਿਨ੍ਹਾਂ ਕੰਮਾਂ ਵਾਸਤੇ ਸੂਬੇ ਨੂੰ ਪੈਸੇ ਚਾਹੀਦੇ ਹੁੰਦੇ ਹਨ, ਉਨ੍ਹਾਂ ਕੰਮਾਂ ਵਾਸਤੇ ਸੂਬੇ ਨੂੰ ਕੇਂਦਰ ਸਰਦਾਰ ਵੱਲੋਂ ਪੈਸੇ ਦਿੱਤੇ ਜਾਂਦੇ ਹਨ, ਇਹ ਮੁੱਦਾ ਦੇਸ਼ ਦੀ ਜਿਹੜੀ ਸਭ ਤੋਂ ਵੱਡੀ ਫੋਰਮ ਹੈ, ਨੈਸ਼ਨਲ ਡਿਵੈਲਪਮੈਂਟ ਕੌਂਸਲ, ਉਥੇ ਬਹੁਤ ਸਾਲਾਂ ਤੋਂ ਲਗਾਤਾਰ ਉਠਾਇਆ ਜਾਂਦਾ ਰਿਹਾ ਹੈ। ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀਆਂ ਜਿਹੜੀਆਂ ਪੁਰਾਣੀਆਂ ਮੀਟਿੰਗਾਂ ਹੋਈਆਂ, ਸ੍ਰੀਮਤੀ ਇੰਦਰਾ ਗਾਂਧੀ ਜੀ ਦੇ ਸਮੇਂ, ਮੈਂ ਉਨ੍ਹਾਂ ਦੇ ਮਿਨਟਸ ਆਫ ਮੀਟਿੰਗ ਦੇਖ ਰਿਹਾ ਸੀ । ਉਨ੍ਹਾਂ ਦੇ ਸਮੇਂ ਤੇ ਵੀ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ ਮੀਟਿੰਗ ਵਿਚ ਇਕ ਫੈਸਲਾ ਹੋਇਆ ਸੀ ਕਿ ਜਿਹੜੀਆਂ ਸੈਂਟਰਲ ਸਪਾਂਸਰਡ ਸਕੀਮਾਂ ਹਨ, ਇਹ ਜਿਹੜੀ ਗਰਾਸ ਬਜਟਰੀ ਸਪੋਰਟ ਹੈ, ਉਸ ਦਾ 1/6 ਹਿੱਸੇ ਤੋਂ ਵੱਧ ਨਹੀਂ ਬਣਾਈਆਂ ਜਾਣਗੀਆਂ । ਲੇਕਿਨ ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਜਿਹੜਾ ਦੇਸ਼ ਦਾ ਹਾਈਐਸਟ ਡਿਵੈਲਪਮੈਂਟ ਫੋਰਮ ਹੈ, ਉਥੇ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਹਾਜ਼ਰੀ ਦੇ ਵਿਚ ਜਿਹੜੇ ਫੈਸਲੇ ਹੋਏ ਹਨ, ਉਸ ਦੇ ਬਾਵਜੂਦ ਮੈਂ ਅੰਕੜੇ ਤੁਹਾਡੇ ਸਾਹਮਣੇ ਪੇਸ਼ ਕਰਦਾ ਹਾਂ । ਪੰਜਾਬ ਦੀ ਜਿਹੜੀ ਪਲੈਨ ਹੈ, ਇਹ ਪੂਰੀ ਹੋਈ । ਇਸ ਵਿਚ ਜਿਹੜੀ ਟੋਟਲ ਸੈਂਟਰਲ ਅਸਿਸਟੈਂਸ ਹੈ, ਜਿਹੜੀ ਕੇਂਦਰ ਵਲੋਂ ਸੂਬਿਆਂ ਨੂੰ ਦਿੱਤੀ ਗਈ ਉਹ 3 ਲੱਖ 25 ਹਜ਼ਾਰ ਕਰੋੜ ਹੈ । ਸਪੀਕਰ ਸਾਹਿਬ, ਇਸ ਵਿਚੋਂ....

-----

## EXTENSION OF TIME OF THE SITTING

**ਮਾਨਯੋਗ ਸਪੀਕਰ** : ਚੀਮਾ ਜੀ ਇਕ ਮਿੰਟ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਬੈਠਕ ਲਈ ਨੀਯਤ ਕੰਮ-ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ ।

**ਅਵਾਜ਼ਾਂ** : ਹਾਂ ਜੀ, ਹਾਂ ਜੀ।

**ਮਾਨਯੋਗ ਸਪੀਕਰ** : ਅੱਜ ਦੀ ਬੈਠਕ ਲਈ ਨਿਯਤ ਕੰਮ ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾਇਆ ਜਾਂਦਾ ਹੈ।

-----

**RESOLUTION REGARDING RECOMMENDATION TO THE STATE GOVERNMENT TO TAKE UP THE MATTER WITH THE CENTRAL GOVERNMENT TO FORMULATE CENTRAL SCHEMES FOR CARRYING OUT DEVELOPMENT OF BACKWARD CLASSES OF THE STATES KEEPING IN VIEW THE FINANCIAL, GEOGRAPHICAL AND THE ENVIRONMENTAL CONDITIONS OF THE VARIOUS STATES. (*Resumption*)**

**ਡਾਕਟਰ ਦਲਜੀਤ ਸਿੰਘ ਚੀਮਾ** : ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ। ਮੈਨੂੰ ਪਤਾ ਹੈ ਕਿ ਸਾਰੇ ਥੱਕੇ ਹੋਏ ਹਨ ਪਰ ਮੁੱਦਾ ਬਹੁਤ ਅਹਿਮ ਹੈ, ਇਸ ਕਰਕੇ ਮੈਨੂੰ ਬੋਲ ਲੈਣ ਦਿਉ, ਬਾਅਦ ਵਿਚ ਸਾਰੇ ਕਹਿਣਗੇ ਕਿ ਗੱਲ ਠੀਕ ਸੀ। ਜਿਹੜੀ ਟੋਟਲ ਸੈਂਟਰਲ ਅਸਿਸਟੈਂਸ ਹੈ ਉਹ 3 ਲੱਖ 25 ਹਜ਼ਾਰ ਕਰੋੜ ਹੈ। ਉਸ ਵਿਚੋਂ ਸੈਂਟਰਲੀ ਸਪੌਂਸਰਡ ਸਕੀਮ ਜਿਹੜੀ ਹੈ, ਉਹ 1 ਲੱਖ 82 ਹਜ਼ਾਰ ਕਰੋੜ ਹੈ। 1/6 ਦਾ ਫੈਸਲਾ ਹੋਇਆ ਸੀ। ਇਹ 60% ਹਿੱਸਾ ਜਿਹੜਾ ਸੈਂਟਰਲ ਅਸਿਸਟੈਂਸ ਦਾ ਹੈ, ਉਹ ਇਸ ਵੇਲੇ ਸੈਂਟਰਲੀ ਸਪੌਂਸਰਡ ਸਕੀਮਾਂ ਦੇ ਵਿੱਚ ਹੈ। ਮੁੱਖ ਮੰਤਰੀਆਂ ਦੀ ਮੰਗ ਹੈ ਕਿ ਇਹ 1/6 ਜਾਂ 1/7 ਤੋਂ ਵੱਧ ਨਹੀਂ ਹੋਣਾ ਚਾਹੀਦਾ। ਲੇਕਿਨ ਮੈਂ ਤੁਹਾਡੇ ਸਾਹਮਣੇ ਗਰਾਫ ਰੱਖਣ ਲੱਗਾ ਹਾਂ। ਨੌਵੀਂ, ਦਸਵੀਂ ਅਤੇ ਗਿਆਰਵੀਂ ਜਿਹੜੀ ਪੰਜ ਸਾਲਾ ਯੋਜਨਾ ਹੈ, ਇਸ ਦੇ ਵਿੱਚ ਜਿਹੜੀ ਗਰਾਸ ਬਜਟਰੀ ਸਪੋਰਟ ਹੈ, ਉਸ ਵਿੱਚ ਸੈਂਟਰਲੀ ਸਪੌਂਸਰਡ ਸਕੀਮਾਂ ਦੀ ਜਿਹੜੀ ਪਰਸੈਂਟੇਜ ਹੈ, ਉਹ ਲਗਾਤਾਰ ਹਰ ਪਲਾਨ ਦੇ ਵਿੱਚ ਵੱਧ ਰਹੀ ਹੈ। ਨੌਵੀਂ ਪਲਾਨ ਦੇ ਵਿੱਚ 1 ਕਰੋੜ 99 ਹਜ਼ਾਰ ਸੀ, ਟੋਟਲ ਸਪੋਰਟ ਜੋ ਹੈ ਉਹ 3 ਲੱਖ 16 ਹਜ਼ਾਰ 286 ਕਰੋੜ ਰੁਪਿਆ ਸੀ, 31.30% ਸੈਂਟਰਲੀ ਸਪੌਂਸਰਡ ਸਕੀਮ ਸੀ। ਦਸਵੀਂ ਪਲਾਨ ਵਿੱਚ 5 ਲੱਖ 94 ਹਜ਼ਾਰ 649 ਕਰੋੜ ਰੁਪਿਆ ਗਰਾਸ ਬਜਟਰੀ ਸਪੋਰਟ ਸੀ, ਜਿਸ ਦਾ 2 ਲੱਖ 29 ਹਜ਼ਾਰ 763 ਕਰੋੜ ਰੁਪਿਆ ਜਿਹੜਾ ਕਿ 38.64% ਬਣਦਾ ਹੈ, ਇਹ ਸੈਂਟਰਲੀ ਸਪੌਂਸਰਡ ਸਕੀਮਾਂ ਸਨ। ਇਸੇ ਤਰ੍ਹਾਂ 11ਵੀਂ ਪੰਜ ਸਾਲਾ ਯੋਜਨਾ ਵਿੱਚ 15 ਲੱਖ 88 ਹਜ਼ਾਰ 273 ਕਰੋੜ ਰੁਪਿਆ ਟੋਟਲ ਸਟੇਟਾਂ ਨੂੰ ਬਜਟਰੀ ਸਪੋਰਟ ਸੀ। ਇਸ ਦੇ ਵਿੱਚੋਂ 6 ਲੱਖ 60 ਹਜ਼ਾਰ 506 ਕਰੋੜ ਹੈ ਜੋ ਕਿ 41.59% ਬਣਦਾ ਹੈ, ਉਹ ਸੈਂਟਰਲੀ ਸਪੌਂਸਰਡ ਸਕੀਮਾਂ ਸਨ, ਸੋ, ਨੌਵੀਂ ਯੋਜਨਾ ਦੇ ਵਿੱਚ 31.30%, ਦਸਵੀਂ ਦੇ ਵਿੱਚ 38.64% ਔਰ ਗਿਆਰਵੀਂ ਦੇ ਵਿੱਚ 41.59% ਸੀ। ਹਰ ਪਲਾਨ ਦੇ ਵਿੱਚ ਜਿਹੜੀਆਂ ਸੈਂਟਰਲੀ ਸਪੌਂਸਰਡ ਸਕੀਮਾਂ ਸਨ, ਉਨ੍ਹਾਂ ਦੀ ਗਿਣਤੀ ਵੱਧ ਰਹੀ ਹੈ। ਉਸ ਦਾ ਮਤਲਬ ਹੈ ਕਿ ਜਿਹੜੇ ਅਨਟਾਈਡ ਫੰਡ ਕੇਂਦਰ ਤੋਂ ਸੂਬਿਆਂ ਨੂੰ ਆਉਣੇ ਸਨ, ਉਹ ਘੱਟ ਰਹੇ

ਹਨ । ਇਸ ਤੋਂ ਉਲਟ ਸੂਬਿਆਂ ਦੇ ਜਿਹੜੇ ਅਨਟਾਈਡ ਫੰਡ ਹਨ, ਉਹ ਕੇਂਦਰੀ ਸਕੀਮਾਂ ਦੇ ਵਿੱਚ ਜਿਸ ਦੀ ਕਿ ਲੋੜ ਵੀ ਨਹੀਂ ਹੁੰਦੀ, ਉਸ ਦੇ ਵਿੱਚ ਫਸ ਰਹੇ ਹਨ। ਦੂਸਰੇ ਪਾਸੇ ਕੇਂਦਰ ਤੋਂ ਜਿਹੜੀ ਸੈਂਟਰਲ ਅਸਿਸਟੈਂਸ ਮਿਲਦੀ ਹੈ, ਉਸ ਦੀ ਪਰਸੈਂਟੇਜ ਦੇਖੋ, ਜੋ ਨੌਂਵੀਂ ਪਲਾਨ ਦੇ ਵਿੱਚ 43.75% ਸੀ । ਜਦੋਂ ਦਸਵੀਂ ਪਲਾਨ ਆਈ ਤਾਂ ਇਹ 34.15% ਹੋ ਗਈ ਹੈ । ਜਦੋਂ ਗਿਆਂਰਵੀ ਪਲਾਨ ਆਈ ਤਾਂ 25.2% ਰਹਿ ਗਈ। ਇਹ 43% ਤੋਂ ਤੁਰੀ ਸੀ, ਇਸ ਵੇਲੇ 25% ਰਹਿ ਗਈ ਹੈ, ਜਿਹੜੀ ਨਾਰਮਲ ਅਸਿਸਟੈਂਸ ਸੀ, ਜਿਸ ਵਿੱਚ ਸਿੱਧਾ ਪੈਸਾ ਕੇਂਦਰ ਤੋਂ ਸੂਬਿਆਂ ਨੂੰ ਆਉਂਦਾ ਹੈ, ਉਹ ਰਹਿ ਗਿਆ ਹੈ । ਜਿਹੜੀ ਸਭ ਤੋਂ ਮਾੜੀ ਗੱਲ ਹੈ, ਮਾਨਯੋਗ ਸਪੀਕਰ ਸਾਹਿਬ, ਵਿਰੋਧੀ ਵੀਰ ਅੱਜ ਸਾਹਮਣੇ ਬੈਠੇ ਨਹੀਂ ਹਨ। ਇਹ ਬੜਾ ਪ੍ਰਚਾਰ ਕਰਦੇ ਹਨ ਕਿ ਜੋ ਕੁਝ ਹੋ ਰਿਹਾ ਹੈ ਉਹ ਕੇਂਦਰੀ ਸਕੀਮਾਂ ਕਰਕੇ ਹੋ ਰਿਹਾ ਹੈ । ਜੇ ਅੱਜ ਇੱਥੇ ਬੈਠੇ ਹੁੰਦੇ ਤਾਂ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਕਿੰਨੀ ਗੰਭੀਰਤਾ ਦੇ ਨਾਲ ਕੇਂਦਰ ਦੀਆਂ ਸਕੀਮਾਂ ਬਣਦੀਆਂ ਹਨ। ਇਨ੍ਹਾਂ ਨੂੰ ਚਾਨਣ ਹੋ ਜਾਣਾ ਸੀ। ਚਲੋ, ਕਿਸੇ ਕਾਰਨ ਨਹੀਂ ਆਏ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ ਕਿ ਪੰਜਵੀਂ ਪਲਾਨ ਦੇ ਵਿੱਚ 190 ਸਕੀਮਾਂ ਹਨ । ਨੌਂਵੀਂ ਪਲਾਨ ਜਦੋਂ ਤੱਕ ਪਹੁੰਚੀ ਉਦੋਂ ਤੱਕ 360 ਸਕੀਮਾਂ ਹੋ ਗਈਆਂ। 365 ਟੋਟਲ ਸਾਲ ਦੇ ਦਿਨ ਹੁੰਦੇ ਹਨ । 360 ਕੇਂਦਰ ਸਰਕਾਰ ਨੇ ਸੈਂਟਰ ਦੀਆਂ ਸਕੀਮਾਂ ਬਣਾ ਦਿੱਤੀਆਂ। ਜਿਹੜੀਆਂ ਨੌਂਵੀਂ ਪਲਾਨ ਦੇ ਵਿੱਚ ਚੱਲਦੀਆਂ ਰਹੀਆਂ ਔਰ ਗਿਆਰਵੀਂ ਪਲਾਨ ਦੇ ਵਿੱਚ ਇਸ ਵੇਲੇ 147 ਕੇਂਦਰ ਦੀਆਂ ਸਕੀਮਾਂ ਚਲ ਰਹੀਆਂ ਹਨ। ਪਹਿਲਾਂ ਤਾਂ ਤੁਸੀਂ ਦੇਖੋ ਕਿ 360 ਸਕੀਮਾਂ ਬਣਾ ਦਿੱਤੀਆਂ, ਹੁਣ 360 ਸਕੀਮਾਂ ਨੂੰ ਲਾਗੂ ਕਰਨਾ, ਉਨ੍ਹਾਂ ਦੇ ਸਟਾਫ ਨੂੰ ਟਰੇਨਿੰਗ ਦੇਣੀ, ਉਨ੍ਹਾਂ ਦੀ ਮੋਨੀਟਰਿੰਗ ਕਰਨੀ । ਜੇ ਇੱਕ ਡਿਪਟੀ ਕਮਿਸ਼ਨਰ ਰੋਜ਼ ਇਕੋ ਕੰਮ ਤੇ ਲੱਗਿਆ ਰਹੇ ਤਾਂ ਸਾਲ ਬਾਅਦ ਉਸ ਸਕੀਮ ਦੀ ਦੁਬਾਰਾ ਵਾਰੀ ਆਉਂਦੀ ਹੈ । 360 ਸਕੀਮਾਂ ਕੇਂਦਰ ਸਰਕਾਰ ਦੀਆਂ ਬਣ ਗਈਆਂ । ਫਿਰ ਜਦੋਂ ਪਲਾਨਿੰਗ ਕਮਿਸ਼ਨ ਦੀਆਂ ਮੀਟਿੰਗਾਂ ਹੋਈਆਂ, ਉਸ ਵਿੱਚ ਫੈਸਲਾ ਹੋਇਆ ਕਿ ਸਕੀਮਾਂ ਨੂੰ ਘਟਾਇਆ ਜਾਵੇ । ਸਕੀਮਾਂ ਦੀ ਸਾਲ-ਵਾਈਜ਼ ਗਿਣਤੀ ਵੀ ਮੈਂ ਦਸ ਦਿੰਦਾ ਹਾਂ ਕਿ 2002 ਦੇ ਵਿੱਚ 188 ਸੀ, 2003 ਦੇ ਵਿੱਚ 213 ਸੀ, 2004 ਦੇ ਵਿੱਚ 207 ਸੀ, 2005 ਦੇ ਵਿੱਚ 294 ਹੋ ਗਈਆਂ ।

ਇਕੋ ਸਾਲ ਵਿੱਚ 87 ਸਕੀਮਾਂ ਵੱਧ ਗਈਆਂ ਔਰ 2006 ਵਿੱਚ ਫਿਰ 155 ਹੋ ਗਈਆਂ। ਇਕੱਠੀਆਂ ਹੀ 139 ਘੱਟ ਗਈਆਂ । ਤੁਸੀਂ ਦੇਖੋ ਕਿ ਪਲਾਨਿੰਗ ਸਾਡੇ ਦੇਸ਼ ਦੀ ਕਿਵੇਂ ਹੋ ਰਹੀ ਹੈ ਕਿ ਰਾਤੀਂ ਬੈਠੇ-ਬੈਠੇ ਯਾਦ ਆਇਆ ਔਰ ਸਵੇਰੇ ਸਕੀਮ ਬਣ ਗਈ। ਜਦੋਂ ਦੇਖਿਆ ਕਿ ਕੋਈ ਰਿਜ਼ਲਟ ਨਹੀਂ ਆਇਆ, ਹਜ਼ਾਰਾਂ-ਕਰੋੜਾਂ ਰੁਪਈਆ

[ਡਾਕਟਰ ਦਲਜੀਤ ਸਿੰਘ ਚੀਮਾ]

ਦੇਸ਼ ਦਾ ਤਬਾਹ ਕਰਕੇ, ਬਹੁਤ ਸਾਰੇ ਸਟਾਫ ਦੀ ਟਰੇਨਿੰਗ ਤੇ ਫਜ਼ੂਲ ਖਰਚ ਕਰਕੇ ਅਤੇ ਜੋ ਸਟਾਫ ਰੱਖਿਆ ਸੀ ਉਸ ਨੂੰ ਸੂਬਿਆਂ ਦੇ ਗਲ ਪੁਆ ਦਿੱਤਾ । ਜਦੋਂ 139 ਸਕੀਮਾਂ ਸੈਂਟਰ ਖਤਮ ਕਰਦਾ ਹੈ ਤਾਂ ਕੇਂਦਰ ਸਰਕਾਰ ਨੂੰ ਇਹ ਯਾਦ ਨਹੀਂ ਹੁੰਦਾ ਕਿ ਇਹ ਮੁਲਾਜ਼ਮ ਹੁਣ ਕਿੱਥੇ ਜਾਣਗੇ । ਫਿਰ ਉਹ ਮੁਰਦਾਬਾਦ ਦੇ ਨਾਅਰੇ ਲਗਾਉਂਦੇ ਹਨ। ਇੰਨੀ ਸੀਰੀਅਸਨੈੱਸ ਹੈ, ਕੇਂਦਰ ਸਰਕਾਰ ਦੀ ਸਕੀਮਾਂ ਬਣਾਉਣ ਵਿੱਚ ਕਿ ਜਿਹੜਾ ਹਿੰਦੁਸਤਾਨ ਦਾ ਪਲਾਨਿੰਗ ਕਮਿਸ਼ਨ ਹੈ ਉਸ ਨੇ ਇਸ ਨੂੰ ਰੀਵਿਊ ਕਰਨ ਵਾਸਤੇ ਆਪ ਇੱਕ ਕਮੇਟੀ ਬਣਾਈ ਸੀ । ਉਨ੍ਹਾਂ ਨੇ ਆਪ ਕਿਹਾ ਕਿ ਇਹ ਜੋ ਸਕੀਮਾਂ ਹਨ, ਇਸ ਵਿੱਚੋਂ 45% ਇਹੋ ਜਿਹੀਆਂ ਹਨ ਜਿਨ੍ਹਾਂ ਦੀ ਐਨੂਅਲ ਆਊਟਲੇਅ 100 ਕਰੋੜ ਤੋਂ ਵੀ ਘੱਟ ਹੈ ਇਸ ਲਈ ਉਨ੍ਹਾਂ ਨੇ ਇਸ ਗੱਲ ਦੀ ਸਿਫਾਰਸ਼ ਕੀਤੀ ਹੈ ਕਿ ਇਹ ਸਾਰੀਆਂ ਖਤਮ ਕਰਕੇ ਇਹ ਪੈਸਾ ਸਿੱਧਾ ਸਟੇਟਾਂ ਨੂੰ ਦੇ ਦਿੱਤਾ ਜਾਵੇ । ਹੁਣ 100 ਕਰੋੜ ਰੁਪਏ ਦੀ ਸਕੀਮ ਹੈ ਅਤੇ 28 ਸਾਡੀਆਂ ਸਟੇਟਾਂ ਹਨ, ਇੱਕ ਸਟੇਟ ਨੂੰ 3 ਕਰੋੜ ਰੁਪਿਆ ਆਉਂਦਾ ਹੈ । ਅੱਗੋਂ ਸਾਡੇ 22 ਜ਼ਿਲ੍ਹੇ ਹਨ ਅਤੇ 15-15 ਲੱਖ ਰੁਪਿਆ ਇੱਕ ਜ਼ਿਲ੍ਹੇ ਨੂੰ ਆਉਂਦਾ ਹੈ । ਤੁਸੀਂ ਆਪ ਹੀ ਦੇਖ ਲਉ ਕਿ ਸਾਡੀਆਂ ਇਨ੍ਹਾਂ ਸਕੀਮਾਂ ਦਾ ਕੀ ਹਾਲ ਹੋਵੇਗਾ । ਮੈਂ ਕਿਸੇ ਅਫ਼ਸਰ ਨੂੰ ਪੁੱਛ ਰਿਹਾ ਸੀ ਕਿ ਇੰਨੀਆਂ ਸਕੀਮਾਂ ਬਣ ਕਿਸ ਤਰ੍ਹਾਂ ਜਾਂਦੀਆਂ ਹਨ । ਉਹ ਕਹਿੰਦਾ ਕਿ ਸਹੀ ਮਾਅਨਿਆਂ ਵਿੱਚ ਪੁੱਛੋ ਤਾਂ ਇਹ ਪਲਾਨਿੰਗ ਨਾਲ ਤਾਂ ਨਹੀਂ ਬਣਦੀਆਂ, ਇਹ ਤਾਂ ਲਾਲ ਕਿਲੇ ਦਾ ਕਮਾਲ ਹੈ । ਮੈਂ ਉਸ ਨੂੰ ਪੁੱਛਿਆ ਕਿ ਲਾਲ ਕਿਲੇ ਦਾ ਕੀ ਕਮਾਲ ਹੈ ? ਇਸ ਦਾ ਸਕੀਮ ਨਾਲ ਕੀ ਸਬੰਧ ਹੈ ? ਉਹ ਕਹਿੰਦਾ ਕਿ ਜਿਹੜਾ ਦੇਸ਼ ਦਾ ਪ੍ਰਧਾਨ ਮੰਤਰੀ ਬਣਦਾ ਹੈ, 15 ਤਾਰੀਖ ਨੂੰ ਉਸ ਨੇ ਲਾਲ ਕਿਲੇ ਤੇ ਝੰਡਾ ਝੁਲਾਉਣਾ ਹੁੰਦਾ ਹੈ, ਆਪਣੀਆਂ ਪ੍ਰਾਪਤੀਆਂ ਦੱਸਣੀਆਂ ਹੁੰਦੀਆਂ ਹਨ । ਉਸ ਦਾ ਜਦੋਂ ਭਾਸ਼ਣ ਤਿਆਰ ਹੁੰਦਾ ਹੈ ਉਦੋਂ ਫਿਰ ਪਹਿਲਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ, ਫਿਰ ਬਹਾਦਰ ਲੋਕਾਂ ਨੂੰ ਸ਼ਾਬਾਸ਼ ਦਿੱਤੀ ਜਾਂਦੀ ਹੈ । ਜਦੋਂ ਉਨ੍ਹਾਂ ਦੇ ਮੀਡੀਆ ਐਡਵਾਈਜ਼ਰ ਦੇਖਦੇ ਹਨ ਤਾਂ ਉਹ ਕਹਿੰਦੇ ਕਿ ਇਹ ਤਾਂ 65 ਸਾਲਾਂ ਤੋਂ ਗੱਲ ਚੱਲ ਰਹੀ ਹੈ, ਇਸ ਨਾਲ ਖਬਰ ਨਹੀਂ ਬਣਨੀ । ਖਬਰ ਤਾਂ ਬਣੇਗੀ ਜੇ 25, 30, 40 ਸਕੀਮਾਂ ਅਨਾਊਂਸ ਕਰੋ ਤਾਂ ਜੋ ਅਗਲੇ ਦਿਨ ਮੀਡੀਆ ਵਿੱਚ ਲੱਗਿਆ ਹੋਵੇ ਕਿ 15 ਅਗਸਤ ਨੂੰ ਵੱਡੀਆਂ ਵੱਡੀਆਂ ਸਕੀਮਾਂ ਕੇਂਦਰ ਸਰਕਾਰ ਨੇ ਅਨਾਊਂਸ ਕੀਤੀਆਂ ਹਨ । ਇਨ੍ਹਾਂ ਸਕੀਮਾਂ ਦਾ ਨਤੀਜਾ ਹੈ ਕਿ ਅੱਜ ਜਿਹੜੀ ਸਾਡੀ ਸੂਬਿਆਂ ਦੀ ਆਰਥਿਕ ਹਾਲਤ ਹੈ ਉਹ ਬੇਹੱਦ ਨਿੱਘਰ ਚੁੱਕੀ ਹੈ । ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਪੰਜਾਬ ਦੇ ਸਾਡੇ ਮੁੱਖ ਮੰਤਰੀ ਸਾਹਿਬ ਜਾ ਕੇ ਗੱਲ ਕਰਦੇ ਹਨ ਤੇ ਹਮੇਸ਼ਾਂ ਹੀ ਉਨ੍ਹਾਂ ਦਾ ਨਾਂਹ ਪੱਖੀ ਹੁੰਗਾਰਾ ਹੁੰਦਾ ਹੈ। ਉਹ ਕਹਿ ਦਿੰਦੇ ਹਨ ਕਿ ਇਹ ਤਾਂ ਵੈਸੇ ਹੀ ਸਾਡੇ ਵਿਰੁੱਧ ਬੋਲਦੇ ਰਹਿੰਦੇ ਹਨ । ਮੈਂ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀਆਂ ਮੀਟਿੰਗਾਂ ਦੇ ਮਿਨਟਸ ਦੇਖੇ ਹਨ । ਮੈਂ ਹੁਣੇ ਇਹ ਕੋਟ ਕਰਨ ਲੱਗਾ ਹਾਂ ਕਿ

ਕਾਂਗਰਸ ਦੇ ਜਿਹੜੇ ਚੋਟੀ ਦੇ ਲੀਡਰ ਹਨ, ਜਿਹੜੇ ਸੂਬਿਆਂ ਦੇ ਮੁੱਖ ਮੰਤਰੀ ਰਹੇ ਹਨ। ਜਦੋਂ ਉਹ ਸੂਬਿਆਂ ਦੇ ਮੁੱਖ ਮੰਤਰੀ ਸੀ ਇਨ੍ਹਾਂ ਸਕੀਮਾਂ ਬਾਰੇ ਉਨ੍ਹਾਂ ਦੇ ਉਦੋਂ ਕੀ ਵਿਚਾਰ ਸਨ। ਉਹ ਮੈਂ ਤੁਹਾਡੇ ਸਾਹਮਣੇ ਇਸ ਹਾਊਸ ਵਿੱਚ ਰੱਖਣ ਲੱਗਿਆ ਹਾਂ । ਮੈਂ ਕੋਟ ਕਰਦਾ ਕਿ **** ਸੀ.ਐਮ. ਮੱਧ ਪ੍ਰਦੇਸ਼, ਇਹ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ 49ਵੀਂ ਮੀਟਿੰਗ ਹੈ ਜੋ ਕਿ 1.9.2001 ਨੂੰ ਹੋਈ । ਮੈਂ ਕੋਟ ਕਰਦਾ ਹਾਂ ਕਿ.....

**ਮਾਨਯੋਗ ਸਪੀਕਰ** : ਮੈਂ ਕਿਹਾ ਜੀ ਕਿ ਜਿਹੜਾ ਆਦਮੀ ਆਪਣੀ ਪੁਜੀਸ਼ਨ ਹਾਊਸ ਵਿੱਚ ਐਕਸਪਲੇਨ ਨਹੀਂ ਕਰ ਸਕਦਾ ਉਸ ਦਾ ਨਾਂ ਨਾ ਲਿਆ ਜਾਵੇ । ਤੁਸੀਂ ਹੋਰ ਕਿਸੇ ਤਰੀਕੇ ਨਾਲ ਰੈਫਰੈਂਸ ਦੇ ਸਕਦੇ ਹੋ, ਨਾਂ ਨਹੀਂ ਲਿਆ ਜਾ ਸਕਦਾ ।

**ਡਾਕਟਰ ਦਲਜੀਤ ਸਿੰਘ ਚੀਮਾ** : ਮੈਂ ਤਾਂ ਰਿਕਾਰਡ ਪੇਸ਼ ਕਰ ਰਿਹਾ ਹਾਂ ਜੀ। ਮੈਂ ਕਿਸੇ ਦੇ ਖਿਲਾਫ਼ ਨਹੀਂ ਬੋਲ ਰਿਹਾ ਜੀ । ਉਹ ਪਾਰਟੀ ਦੇ ਨੈਸ਼ਨਲ ਸਪੋਕਸਮੈਨ ਹਨ ।

**ਮਾਨਯੋਗ ਸਪੀਕਰ** : ਮੇਰਾ ਕਹਿਣ ਦਾ ਮਤਲਬ ਹੈ ਕਿ ਤੁਸੀਂ ਚੀਫ ਮਨਿਸਟਰ ਕਹਿ ਲਵੋ, ਉਸ ਦਾ ਪੀਰੀਅਡ ਦੱਸ ਦਿਉ। ਬੰਦੇ ਦਾ ਨਾਂ ਨਾ ਲਉ।

**ਡਾਕਟਰ ਦਲਜੀਤ ਸਿੰਘ ਚੀਮਾ** : ਹਾਂ ਜੀ, ਠੀਕ ਹੈ ਜੀ। ਮੈਂ ਸਹਿਮਤ ਹਾਂ ਜੀ। We are of the view that formulation of schemes particularly in the areas such as health, education and agriculture should be left to States. ਇਹ ਇਸ ਵੇਲੇ ਕਾਂਗਰਸ ਦੇ ਪ੍ਰਮੁੱਖ ਸਪੋਕਸਮੈਨ ਹਨ । The Centre should only lay broad priorities and give grants upfront for transfer of Centrally Sponsored Schemes. Proliferation of Centrally Sponsored Schemes pre-empts a large part of the State's resources for Central initiatives and that is the discretion of the States to choose programmes and schemes appropriate to their needs.

ਇਹ ਜਿਹੜੇ ਕਾਂਗਰਸ ਦੇ ਚੀਫ ਮਨਿਸਟਰ ਰਹੇ ਹਨ, ਉਨ੍ਹਾਂ ਦਾ ਆਪਣਾ ਕਹਿਣਾ ਹੈ ਕਿ ਜਿਹੜਾ ਸਟੇਟਾਂ ਦਾ ਪੈਸਾ ਬਚ ਜਾਂਦਾ ਹੈ, ਸੈਂਟਰਲ ਸਪਾਂਸਰਡ ਸਕੀਮਾਂ ਜਿਹੜੀਆਂ ਹਨ, ਉਹ ਨਹੀਂ ਬਣਾਉਣੀਆਂ ਚਾਹੀਦੀਆਂ । ਅੱਗੇ ਉਨ੍ਹਾਂ ਨੇ ਕਿਹਾ ਕਿ "It is suggested that the Centre should only lay down priorities and give grant upfront for transfer of Centrally Sponsored Schemes"। ਇਸੇ ਤਰ੍ਹਾਂ ਸਾਡੇ

**Expunged as ordered by the Chair.

[ਡਾਕਟਰ ਦਲਜੀਤ ਸਿੰਘ ਚੀਮਾ]

ਗੁਆਂਢੀ ਸੂਬੇ ਰਾਜਸਥਾਨ ਦੇ 2001 ਵਿੱਚ ਜਿਹੜੇ ਮੁੱਖ ਮੰਤਰੀ ਸਨ, ਉਹ ਕਾਂਗਰਸ ਪਾਰਟੀ ਦੇ ਸਨ। ਉਹ ਵੀ ਦੇਸ਼ ਦੇ ਇਸ ਵੇਲੇ ਬਹੁਤ ਵੱਡੇ ਲੀਡਰ ਹਨ । ਉਨ੍ਹਾਂ ਨੇ ਜੋ ਕਿਹਾ, "The Govt. of India should give sufficient flexibility to State Governments for implementing Centrally Sponsored Schemes so that they can select and implement schemes which are more relevant to them, looking at their social, economic and geographical conditions". ਜਿਹੜਾ ਅੱਜ ਦਾ ਰੈਜ਼ੋਲਿਊਸ਼ਨ ਬੈਂਸ ਸਾਹਿਬ ਨੇ ਲਿਆਂਦਾ ਹੈ, ਉਹ ਇਹੀ ਹੈ ਕਿ ਜਿਹੜੀਆਂ ਸੂਬੇ ਦੀਆਂ ਸਮਾਜਿਕ, ਆਰਥਿਕ ਅਤੇ ਭੂਗੋਲਿਕ ਸਥਿਤੀਆਂ ਹਨ, ਉਨ੍ਹਾਂ ਦੇ ਮੁਤਾਬਿਕ ਕੇਂਦਰੀ ਸਕੀਮਾਂ ਬਣਾਈਆਂ ਜਾਣ । ਇਹੋ ਗੱਲ ਕਾਂਗਰਸ ਦੇ ਮੁੱਖ ਮੰਤਰੀ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀਆਂ ਮੀਟਿੰਗਾਂ ਦੇ ਵਿੱਚ ਜਾ ਕੇ ਆਪ ਕਹਿ ਕੇ ਆਏ ਹਨ । ਮੁੱਖ ਮੰਤਰੀ ਰਾਜਸਥਾਨ ਨੇ ਅੱਗੇ ਕਿਹਾ ਹੈ "The transfer of Centrally Sponsored Schemes to the States as 100% grant is an overdue necessity. I do not think this requires any further elaboration" ਉਨ੍ਹਾਂ ਨੇ ਇੰਨਾ ਖੁਲ੍ਹ ਕੇ ਅੱਗੇ ਕਿਹਾ ਹੈ ਕਿ ਇਸ ਤਰ੍ਹਾਂ ਦੀ ਹੋਰ ਕਿਸੇ ਪ੍ਰਕਾਰ ਦੀ ਕੋਈ ਵਿਆਖਿਆ ਦੀ ਬਿਨਾਂ ਕਿਸੇ ਦੇਰੀ ਤੋਂ ਲੋੜ ਨਹੀਂ ਹੈ । ਜੇ ਕੇਂਦਰ ਸਰਕਾਰ ਨੇ ਪੈਸਾ ਦੇਣਾ ਹੈ ਤਾਂ ਫਿਰ ਉਹ ਦੇ ਦੇਣ । ਮੈਂ ਇਕੱਲੀ ਨਾਰਥ ਦੀ ਗੱਲ ਨਹੀਂ ਕਰਦਾ, ਕੇਰਲਾ ਦੇ ਮਾਨਯੋਗ ਮੁੱਖ ਮੰਤਰੀ ਜਿਹੜੇ 2006 ਵਿੱਚ ਸਨ, ਉਨ੍ਹਾਂ ਨੇ ਵੀ ਜਿਹੜੀ 9.12.2006 ਨੂੰ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ 52ਵੀਂ ਮੀਟਿੰਗ ਹੋਈ ਸੀ, ਉਸ ਵਿੱਚ ਜੋ ਕਿਹਾ ਸੀ, ਮੈਂ ਉਹ ਵੀ ਕੋਟ ਕਰਦਾ ਹਾਂ, "The successive Governments of Kerala have been arguing for a long time that funds meant for Centrally Sponsored Schemes should be pooled together and distributed to States according to certain criteria proposed not necessarily according to Gadgil formula for the States to use according to their own priorities". ਮਾਨਯੋਗ ਸਪੀਕਰ ਸਾਹਿਬ, ਇਕ ਮੁੱਖ ਮੰਤਰੀ ਹੀ ਨਹੀਂ, ਨਾਰਥ ਵਾਲੇ ਵੀ ਉਹੀ ਗੱਲ ਕਰਦੇ ਹਨ ਔਰ ਸਾਊਥ ਵਾਲੇ ਵੀ ਉਹੀ ਗੱਲ ਕਰਦੇ ਹਨ। ਯੂ.ਪੀ.ਏ. ਦੇ ਇਸ ਵੇਲੇ ਜਿਹੜੇ ਸਭ ਤੋਂ ਮੇਨ ਪਾਰਟਨਰ ਹਨ, ਜਦੋਂ ਉਹ ਤਾਮਿਲਨਾਡੂ ਦੇ ਮੁੱਖ ਮੰਤਰੀ ਸਨ, ਉਨ੍ਹਾਂ ਨੇ 29.05.2007 ਨੂੰ ਜਿਹੜੀ ਮੀਟਿੰਗ ਹੋਈ ਸੀ, ਉਸਦੇ ਵਿੱਚ ਬੜਾ ਸਪੱਸ਼ਟ ਕਿਹਾ ਹੈ ਕਿ "There is need for simplifying the Centrally Sponsored Schemes, which are subject to providing too many conditions and restrictions, and I do not recognize the local variations. He asked the Planning Commission to provide a lump sum Central assistance based on

agreed strategy, appropriate to each State." ਸੋ ਮਾਨਯੋਗ ਸਪੀਕਰ ਸਾਹਿਬ, ਇਸ ਤੋਂ ਵੱਧ ਕਲੈਰਿਟੀ ਹੋਰ ਕੀ ਹੋ ਸਕਦੀ ਹੈ ਕਿ ਇਕੱਲੀ-ਇਕੱਲੀ ਸਟੇਟ ਦਾ ਮੁੱਖ ਮੰਤਰੀ ਇਹ ਕਹਿ ਰਿਹਾ ਹੈ ਕਿ ਜਿਹੜੀਆਂ ਤੁਸੀਂ ਸਕੀਮਾਂ ਬਣਾਉਂਦੇ ਹੋ, ਇਨ੍ਹਾਂ ਸਕੀਮਾਂ ਦਾ ਸੂਬਿਆਂ ਨੂੰ ਕੋਈ ਫਾਇਦਾ ਨਹੀਂ ਹੁੰਦਾ । ਇਸ ਦੇ ਨਾਲ ਸੂਬਿਆਂ ਦੀ ਜਿਹੜੀ ਆਪਣੀ ਸਮਰੱਥਾ ਹੈ, ਜਿਹੜੀ ਸੂਬਿਆਂ ਦੀ ਆਪ ਡੀਸੀਜ਼ਨ ਲੈਣ ਦੀ ਕੈਪੇਸਿਟੀ ਹੈ, ਜਿਹੜੀ ਆਪਣੀ ਪਲਾਨਿੰਗ ਆਪ ਕਰਨ ਦੀ ਕੋਸ਼ਿਸ਼ ਹੈ, ਉਹ ਇਫੈਕਟ ਹੁੰਦੀ ਹੈ। ਇਸ ਕਰਕੇ ਸੈਂਟਰ ਨੂੰ ਕੀ ਕਰਨਾ ਚਾਹੀਦਾ ਹੈ ਕਿ ਸਿੱਧੀ ਨਾਰਮਲ ਸੈਂਟਰਲ ਅਸਿਸਟੈਂਸ ਸੂਬਿਆਂ ਨੂੰ ਦੇਣੀ ਚਾਹੀਦੀ ਹੈ । ਇਸ ਕਰਕੇ ਫੈਡਰਲਿਜ਼ਮ ਦੇ ਵੀ ਇਹ ਚੀਜ਼ ਅਗੇਂਸਟ ਹੈ, ਸੂਬਿਆਂ ਦੇ ਵੀ ਇਹ ਚੀਜ਼ ਅਗੇਂਸਟ ਹੈ ਔਰ ਦੇਸ਼ ਦੇ ਵੀ ਇਹ ਚੀਜ਼ ਅਗੇਂਸਟ ਹੈ । ਇਸ ਕਰਕੇ ਮੈਂ ਤੁਹਾਡੇ ਰਾਹੀਂ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਹ ਮਤਾ ਜਿਹੜਾ ਬੈਂਸ ਸਾਹਿਬ ਨੇ ਰੱਖਿਆ ਹੈ, ਇਹ ਅਥਾਰਟੀ ਹੈ, ਇਹ ਆਪਾਂ ਸਾਰਿਆਂ ਨੂੰ ਪਾਸ ਕਰਕੇ ਕੇਂਦਰ ਸਰਕਾਰ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੈਂਟਰਲੀ ਸਪਾਂਸਰਡ ਸਕੀਮਾਂ ਬੰਦ ਕਰਕੇ ਸੂਬਿਆਂ ਨੂੰ ਸਿੱਧੀ ਸਹਾਇਤਾ ਦੇਣੀ ਚਾਹੀਦੀ ਹੈ । ਅੰਤ ਵਿੱਚ, ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ।

**ਮਾਨਯੋਗ ਸਪੀਕਰ :** ਮੈਂ ਸਮਝਦਾ ਹਾਂ ਕਿ ਇਸ ਨੂੰ ਯੂਨਾਨੀਮਸਲੀ ਪਾਸ ਕਰ ਦੇਣਾ ਚਾਹੀਦਾ ਹੈ । (ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਕੇਂਦਰ ਵੱਲੋਂ ਰਾਜਾਂ ਦੇ ਪਛੜੇ ਵਰਗਾਂ ਦਾ ਵਿਕਾਸ ਕਰਨ ਹਿਤ ਬਣਾਈਆਂ ਜਾਂਦੀਆਂ ਕੇਂਦਰੀ ਸਕੀਮਾਂ ਵੱਖ-ਵੱਖ ਰਾਜਾਂ ਦੀਆਂ ਵਿੱਤੀ ਤੇ ਭੂਗੋਲਿਕ ਸਥਿਤੀਆਂ ਅਤੇ ਉਥੋਂ ਦੇ ਵਾਤਾਵਰਣ ਨੂੰ ਮੱਦੇ ਨਜ਼ਰ ਰੱਖ ਕੇ ਬਣਾਈਆਂ ਜਾਣ ।

**ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।**

**ਮਾਨਯੋਗ ਸਪੀਕਰ :** ਹੁਣ, ਸਦਨ ਸ਼ੁੱਕਰਵਾਰ, ਮਿਤੀ 15 ਮਾਰਚ, 2013 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੁੰਦਾ ਹੈ।

*2.45 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 15 ਮਾਰਚ, 2013 ਦੇ 10.00 ਵਜੇ ਸਵੇਰੇ ਤੱਕ ਸਥੱਗਿਤ ਹੋ ਗਿਆ।)

# ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਪ੍ਰਸੋਨਲ, ਬਿਜਲੀ, ਖੇਤੀਬਾੜੀ, ਵਿਜੀਲੈਂਸ, ਸਾਇੰਸ ਤਕਨਾਲੋਜੀ ਵਾਤਾਵਰਨ, ਸਹਿਕਾਰਤਾ, ਆਮ ਪ੍ਰਸ਼ਾਸਨ, ਰੁਜ਼ਗਾਰ ਵਸੀਲੇ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ |
| 2. | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼, ਸ਼ਹਿਰੀ ਹਵਾਬਾਜ਼ੀ |
| 3. | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ, ਜੰਗਲੀ ਜੀਵ ਅਤੇ ਕਿਰਤ ਮੰਤਰੀ |
| 4. | ਸਰਦਾਰ ਸਰਵਨ ਸਿੰਘ ਫਿਲੌਰ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 5. | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 6. | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਅਤੇ ਵਿਧਾਨਕ ਮਾਮਲੇ, ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 7. | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 8. | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |

| | | |
|---|---|---|
| 9. | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ |
| 10. | ਸਰਦਾਰ ਜਨਮੇਜਾ ਸਿੰਘ ਸੇਖੋਂ | ਸਿੰਚਾਈ ਮੰਤਰੀ |
| 11. | ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 12. | ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ |
| 13. | ਸਰਦਾਰ ਸਿਕੰਦਰ ਸਿੰਘ ਮਲੂਕਾ | ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 14. | ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 15. | ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 16. | ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ |

## ਮੁੱਖ ਸੰਸਦੀ ਸਕੱਤਰਾਂ ਦੀ ਸੂਚੀ

| | | |
|---|---|---|
| 1. | ਸਰਦਾਰ ਸੋਹਣ ਸਿੰਘ ਠੰਡਲ | ਸਿੰਚਾਈ |
| 2. | ਚੌਧਰੀ ਨੰਦ ਲਾਲ | ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ |
| 3. | ਸਰਦਾਰ ਬਲਬੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ-ਸਪਾਟਾ, ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 4. | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 5. | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ. ਤੇ ਮ.) |
| 6. | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 7. | ਸ਼੍ਰੀਮਤੀ ਮਹਿੰਦਰ ਕੌਰ ਜੋਸ਼ | ਡਾਕਟਰੀ ਸਿੱਖਿਆ ਅਤੇ ਖੋਜ |
| 8. | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 9. | ਸ਼੍ਰੀ ਕੇ.ਡੀ. ਭੰਡਾਰੀ | ਸਹਿਕਾਰਤਾ |
| 10. | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 11. | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸਿਖਲਾਈ ਸੰਸਥਾਵਾਂ |
| 12. | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 13. | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ |
| 14. | ਸ਼੍ਰੀ ਐਨ.ਕੇ. ਸ਼ਰਮਾ | ਸਨਅਤ ਅਤੇ ਵਣਜ |
| 15. | ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |
| 16. | ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |

| | |
|---|---|
| 17. ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 18. ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਅਤੇ ਯੁਵਕ ਸੇਵਾਵਾਂ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ |
| 19. ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 20. ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |